*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : ਚੌਦਵਾਂ** **ਪੁ : ਲੜੀ : ਤਰਵੰਜਾ** **ਜਨਵਰੀ-ਮਾਰਚ, 2011**

*ਸਰਪ੍ਰਸਤ :*
**ਹਰੀਸ਼ ਜੈਨ**
+ 98150-00873

*ਸੰਪਾਦਕ :*
**ਜਿੰਦਰ (ਆਨਰੇਰੀ)**
+ 98148-03254
+ 76960-82820

*ਵਿਸ਼ੇਸ਼ ਸਹਿਯੋਗ :*
**ਪ੍ਰੇਮ ਮਾਨ**
+ 001-860-983-5002
**ਮੰਗਾ ਸਿੰਘ ਬਾਸੀ**
+ 001-604-240-1095

*ਸੰਪਾਦਕੀ ਬੋਰਡ*

**ਹਰਜੀਤ ਅਟਵਾਲ**
67, Hillside Road, Southall
Middlesex , England. UB1 2PE
Ph. : 020-85780393
Mobile : 07782-265726
e mail: harjeetatwal@yahoo.co.uk

**ਗੁਰਪਾਲ ਸਿੰਘ ਸੰਧੂ**
2229, Sector 38-C, Chandigarh
Mobile : 98882-82084
gurpalnakai@yahoo.co.uk

**ਹਰਮਹਿੰਦਰ ਚਹਿਲ**
7305, Sterling Grove Dr.
Springfield VA 22150 U.S.A.
Email : Chahals57@Yahoo.com
Ph. 001-703-362-3239

**ਡਾ. ਮੁਕੇਸ਼ ਕੁਮਾਰ ਅਰੋੜਾ (ਆਨਰੇਰੀ)**
Govt. College, Ludhiana
Mobile : 94141-74475

*Managing Editor*
***Shiv, Vinod Kumar***

**ਭਾਰਤ ਵਿਚ ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ**
984, Model House, Near Surinder Welding Works, Jalandhar-144003
Mobile No. + 81460-76742
+ 94649-34106
**e mail: saifsm20 @ yahoo.com**

***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 100 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ
(Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਬੰਦ ਦਰਵਾਜ਼ਾ। ਹਾਂ ਜੀ, ਹਰ ਇਕ ਕੋਲ ਇਕ ਬੰਦ ਦਰਵਾਜ਼ਾ ਹੁੰਦਾ ਹੈ ਜਿਸ 'ਚ ਅਣਗਿਣਤ ਘਟਨਾਵਾਂ, ਰਹੱਸ, ਭੇਤ, ਹੋਈਆਂ-ਬੀਤੀਆਂ ਸੰਭਾਲ ਕੇ ਰੱਖੀਆਂ ਹੁੰਦੀਆਂ ਹਨ ਜਾਂ ਕੈਦ ਕਰਕੇ ਰੱਖੀਆਂ ਹੁੰਦੀਆਂ ਹਨ। ਇਨ੍ਹਾਂ ਦੀ ਕੈਦ ਦਾ ਸਮਾਂ ਕਦੇ ਬਹੁਤ ਹੀ ਜ਼ਿਆਦਾ ਹੁੰਦਾ ਹੈ। ਕਦੇ ਹਫ਼ਤੇ-ਦਸ ਦਿਨਾਂ ਬਾਅਦ ਹੀ ਇਨ੍ਹਾਂ ਦੀ ਪਟਾਰੀ ਖੋਲ੍ਹ ਦਿੱਤੀ ਜਾਂਦੀ ਹੈ। ਇਨ੍ਹਾਂ 'ਚੋਂ ਕੁਝ ਇਕ ਨੂੰ ਕੋਈ ਆਪਣੇ ਕਿਸੇ ਨੇੜਲੇ ਨਾਲ ਸਾਂਝਾ ਕਰਦਾ ਹੈ। ਕਿਸੇ ਦੀ ਜ਼ਿੰਦਗੀ 'ਚ ਅਜਿਹਾ ਬਹੁਤ ਕੁਝ ਵਾਪਰਦਾ ਹੈ ਜਿਸ ਨੂੰ ਉਹ ਕਿਸੇ ਨੂੰ ਦੱਸਦਾ ਨਹੀਂ। ਉਹ ਦੱਸ ਨਹੀਂ ਸਕਦਾ ਕਿਉਂਜੁ ਉਹ ਇਕ ਸਮਾਜਿਕ ਪ੍ਰਾਣੀ ਹੈ। ਉਹਨੂੰ ਉਹਲਿਆਂ 'ਚ ਜਿਉਣ ਦੀ ਆਦਤ ਪਈ ਹੈ। ਉਸ ਦੀ ਇਹ ਪ੍ਰਵਿਰਤੀ ਆਦਿ-ਕਾਲ ਤੋਂ ਚਲੀ ਆ ਰਹੀ ਹੈ। ਉਦੋਂ ਜਦੋਂ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਸ਼ਿਸ਼ਤ ਲਾ ਕੇ ਬੈਠਦਾ ਸੀ। ਉਹ ਚੁੱਪ ਰਹਿੰਦਾ ਸੀ। ਇਸੇ ਚੁੱਪ 'ਚੋਂ ਉਹਲੇ ਪੈਦਾ ਹੋਵੇ। ਉਹਨੇ ਚੁੱਪ ਰਹਿਣਾ ਸਿੱਖ ਲਿਆ। ਇਸੇ ਸ਼ਿਸ਼ਤ 'ਚ ਬੈਠਿਆਂ ਉਸ ਬਹੁਤ ਕੁਝ ਜਜ਼ਬ ਕਰਨਾ ਸਿੱਖ ਲਿਆ। ਉਹ ਆਪਣੀ ਘਰਵਾਲੀ ਕੋਲੋਂ ਬਹੁਤ ਕੁਝ ਲੁਕੋ ਜਾਂਦਾ ਸੀ। ਉਸ ਨੂੰ ਕਈ ਅਜਿਹੇ ਤਜਰਬੇ ਹੁੰਦੇ ਸਨ ਜਿਸ ਨੂੰ ਦੱਸਣ ਲਈ ਉਸ ਦਾ ਆਪਣਾ ਹਿਆ ਨਹੀਂ ਪੈਂਦਾ ਸੀ। ਉਹ ਸੋਚ ਲੈਂਦਾ ਸੀ ਕਿ ਉਸ ਤਾਂ ਬਹੁਤ ਕੁਝ ਝੱਲ ਲਿਆ ਸੀ—ਘਰਵਾਲੀ ਨੂੰ ਕਿਉਂ ਇਨ੍ਹਾਂ ਬਾਰੇ ਦੱਸੇ। ਉਸ ਨਾਲ ਬਹੁਤ ਕੁਝ ਹੋਰ ਵੀ ਵਾਪਰਦਾ ਸੀ। ਇਨ੍ਹਾਂ ਉਹਲਿਆਂ ਤੋਂ ਉਹ ਕਦੇ ਮੁਕਤ ਨਹੀਂ ਹੋਇਆ। ਅੱਜ ਇਨ੍ਹਾਂ ਉਹਲਿਆਂ ਨੇ ਬੰਦ ਦਰਵਾਜ਼ਿਆਂ ਦਾ ਰੂਪ ਧਾਰਣ ਕਰ ਲਿਆ ਹੈ। ਉਹਨੂੰ ਕਈ ਤਰ੍ਹਾਂ ਦੇ ਝੂਠਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਉਸ ਤੋਂ ਸੱਚ ਬੋਲਿਆ ਨਹੀਂ ਜਾਂਦਾ। ਕਈ ਅਜਿਹੇ ਰਾਜ਼ ਹੁੰਦੇ ਹਨ ਜੋ ਉਸ ਦੀ ਮੌਤ ਨਾਲ ਹੀ ਖਤਮ ਹੋ ਜਾਂਦੇ ਹਨ।

ਅਸੀਂ ਇਸ ਅੰਕ ਦਾ ਨਾਂ 'ਬੰਦ ਦਰਵਾਜ਼ਾ' ਰੱਖਿਆ ਹੈ। ਇਹ ਉਹ 'ਬੰਦ ਦਰਵਾਜ਼ਾ' ਹੈ ਜਿਸ ਨੂੰ ਖੋਲ੍ਹ ਕੇ ਮਾੜੀ-ਮੋਟੀ ਨਜ਼ਰ ਮਾਰੀ ਜਾ ਸਕਦੀ ਹੈ। ਧੁਰ ਅੰਦਰ ਤੱਕ ਨਹੀਂ ਜਾਇਆ ਜਾ ਸਕਦਾ। ਅੱਜ ਦਾ ਮਨੁੱਖ ਆਦਿ ਕਾਲ ਦੇ ਮਨੁੱਖ ਤੋਂ ਬਹੁਤ ਵੱਖਰਾ ਹੈ। ਉਸਦੀਆਂ ਪ੍ਰਸਥਿਤੀਆਂ ਬਦਲ ਗਈਆਂ ਹਨ। ਉਹ ਰਹੱਸਾਂ 'ਚ ਰਹਿਣਾ ਗਿੱਝ ਗਿਆ ਹੈ। ਉਸਨੇ ਆਪਣੇ ਬੰਦ ਦਰਵਾਜ਼ਿਆਂ ਨੂੰ ਕੱਸ ਕੇ ਭੇੜ ਰੱਖਿਆ ਹੈ ਜਿਸ ਅੰਦਰ ਝਾਤੀ ਮਾਰਣ ਲਈ ਨਾ ਉਸ ਕੋਲ ਵਿਹਲ ਹੈ ਤੇ ਨਾ ਹੀ ਉਹ ਉਨ੍ਹਾਂ ਨੂੰ ਖੋਲ੍ਹ ਕੇ ਕਿਸੇ ਦੂਸਰੇ ਨੂੰ ਦਿਖਾਉਂਦਾ ਹੈ। ਇਹ ਡਰੇ ਹੋਏ ਮਨੁੱਖ ਦਾ ਇਕ ਨਵਾਂ ਰੂਪ ਹੈ। ਉਹ ਸਮਾਜ 'ਚ ਰਹਿਣਾ ਵੀ ਨਹੀਂ ਚਾਹੁੰਦਾ। ਸਮਾਜ ਤੋਂ ਟੁੱਟਣਾ ਵੀ ਨਹੀਂ ਚਾਹੁੰਦਾ। ਇਹ 'ਇਕੱਲੇ' ਮਨੁੱਖ ਦੀ ਹੋਣੀ ਹੈ। ਉਹ ਇਕੋ ਵੇਲੇ ਮੋਹ, ਪਿਆਰ ਤੇ ਮਮਤਾ ਨਾਲ ਭਰਿਆ ਪਿਆ ਹੈ। ਇਕੋ ਵੇਲੇ ਨਫ਼ਰਤਾਂ, ਈਰਖਾਵਾਂ ਦੀ ਅੱਗ 'ਚ ਸੜ ਰਿਹਾ ਹੈ। ਉਸ 'ਚ ਆਪਾ ਫਰੋਲਣ ਦੀ ਸ਼ਕਤੀ ਨਹੀਂ ਹੈ। ਬੰਦ ਦਰਵਾਜ਼ਿਆਂ ਦੇ ਨੇੜੇ ਕਿਸੇ ਨੂੰ ਆਉਣ ਨਹੀਂ ਦਿੰਦਾ।

ਇਸ ਅੰਕ 'ਚ ਸ਼ਾਮਿਲ ਲੇਖਕਾਂ ਨੇ ਆਪਣੇ ਬੰਦ ਦਰਵਾਜ਼ੇ ਖੋਲ੍ਹੇ ਹਨ ਜਾਂ ਆਪਣੇ ਆਲੇ ਦੁਆਲੇ ਵਿਚਰਦੇ ਪਾਤਰਾਂ ਦੇ ਬੰਦ ਦਰਵਾਜ਼ੇ ਖੋਲ੍ਹ ਕੇ ਇਕ ਹੋਰ ਹੀ ਦੁਨੀਆ ਦਿਖਾਈ ਹੈ। ਇਹ ਉਹ ਦੁਨੀਆ ਹੈ ਜਿਸ ਨੂੰ 'ਸਾਹਿਤ ਦੀ ਦੁਨੀਆ' ਕਿਹਾ ਜਾਂਦਾ ਹੈ। ਇਹ ਉਹ ਦੁਨੀਆ ਹੈ ਜਿਸ ਨੂੰ ਗੁਰਮੀਤ ਕੜਿਆਲਵੀ ਵਰਗਿਆਂ ਨੇ ਅਤੀ ਨੇੜਿਉਂ ਦੇਖਿਆ ਤੇ ਹੰਡਾਇਆ ਹੈ।

**-ਜਿੰਦਰ**

**ਇਸ ਵਾਰ**

## ਮੁਹੱਬਤ ਦਾ ਸਫ਼ਰਨਾਮਾ

## ਕੜਿਆਲ ਤੋਂ ਦਿੱਲੀ ਵਾਇਆ ਜਲੰਧਰ

### -ਗੁਰਮੀਤ ਕੜਿਆਲਵੀ

ਜਦੋਂ ਉਸਦੇ ਮਾਪੇ ਉਸਨੂੰ ਮੇਰੇ ਘਰੋਂ ਧੱਕੇ ਨਾਲ ਲੈ ਗਏ, ਮੈਨੂੰ ਘਰੋਂ ਬਾਹਰ ਨਿਕਲਣਾ ਔਖਾ ਹੋ ਗਿਆ। ਮੈਂ ਸਿਰਹਾਣੇ ਵਿੱਚ ਮੂੰਹ ਦੇ ਕੇ ਕਈ ਦਿਨ ਅੰਦਰ ਹੀ ਮੰਜੇ 'ਤੇ ਮੂਧਾ ਹੋਇਆ ਰਿਹਾ। ਮੈਨੂੰ ਜਾਪਦਾ ਮੇਰਾ ਸਾਰਾ ਕੁਝ ਹੀ ਲੁੱਟਿਆ ਗਿਆ ਹੈ। ਜਿਵੇਂ ਕਿਸੇ ਕਿਸਾਨ ਦੀ ਪੱਕੀ-ਪਕਾਈ ਫਸਲ 'ਤੇ ਕਾਕੜੇ ਪੈ ਜਾਣ। ਪਿੰਡ 'ਚ ਜਿੱਥੇ ਵੀ ਦੋ ਜਣੇ ਸਿਰ ਜੋੜੀ ਖੜੇ ਹੁੰਦੇ, ਮੈਨੂੰ ਜਾਪਦਾ ਮੇਰੇ ਬਾਰੇ ਹੀ ਗੱਲਾਂ ਕਰ ਰਹੇ ਹੋਣ। ਉਹਨਾਂ ਦੇ ਕੋਲੋਂ ਅੱਗੇ ਲੰਘ ਜਾਣ ਤੇ ਵਣਜਾਰੇ ਦੀ ਹਾਕ ਵਾਂਗ, ਉਹਨਾਂ ਦੇ ਬੋਲ ਮੇਰੀ ਪਿੱਠ 'ਤੇ ਚਿਪਕ ਜਾਂਦੇ।

– ਆਹਿ ਜਾਂਦਾ ਰਾਂਝਾ। ਹੀਰ ਰੱਖ ਵੀ ਨਾ ਹੋਈ ਵੱਡੇ ਆਸ਼ਕ ਤੋਂ।"

– ਅਜੇ ਤਾਂ ਸੁੱਖੀ-ਸਾਂਦੀ ਤੁਰਿਆ ਫਿਰਦੈ। ਸ਼ੁਕਰ ਕਰੇ ਜੱਟਾਂ ਨੇ ਲੱਤਾਂ ਨੀ ਤੋੜੀਆਂ। ਊਂ-ਕੇਰਾਂ ਪੱਸਲੀਆਂ ਅੰਦਰ ਜ਼ਰੂਰ ਪਾਉਣਗੇ...ਵੱਡਾ ਮਿਰਜ਼ਾ ਬਣਦਾ ਸੀ।"

ਮੇਰੀ ਰੂਹ ਪੱਛੀ ਜਾਂਦੀ। ਇੱਕ ਨਾ ਸਹਿਣਯੋਗ ਪਿਆਰੇ ਮਹਿਬੂਬ ਦਾ ਵਿਛੋੜਾ, ਦੂਸਰਾ ਲੋਕਾਂ ਦੀਆਂ ਦਿਲ ਲੂਹਣ ਵਾਲੀਆਂ ਗੱਲਾਂ। ਗਮ ਮੈਨੂੰ ਅੰਦਰੋਂ-ਅੰਦਰੇ ਖੋਰਨ ਲੱਗਾ ਸੀ। ਮੇਰੀ ਸਿਹਤ ਅੱਧੀ ਰਹਿ ਗਈ ਸੀ। ਮੈਨੂੰ ਬਾਪੂ 'ਤੇ ਗੁੱਸਾ ਆਉਂਦਾ ਜਿਸਨੂੰ ਭੁਚਲਾ ਲਿਆ ਗਿਆ ਸੀ। ਮੈਂ ਕਤਈ ਉਸਨੂੰ ਮਾਪਿਆਂ ਨਾਲ ਭੇਜਣ ਲਈ ਤਿਆਰ ਨਹੀਂ ਸਾਂ। ਉਹਨਾਂ ਨਾਲ ਆਇਆ ਵੱਡੀਆਂ-ਵੱਡੀਆਂ ਮੁੱਛਾਂ ਅਤੇ ਖਤਰਨਾਕ ਅੱਖਾਂ ਵਾਲੇ ਡਾਕਟਰ ਦਾ ਹੱਥ ਘੜੀ-ਮੁੜੀ ਬੰਦੂਕ ਦੇ ਬੋਟ ਤੇ ਕੱਸਿਆ ਜਾਂਦਾ ਸੀ। ਉਂਜ ਉਸਦੇ ਹੱਥ ਕੰਬ ਰਹੇ ਸਨ। ਸਾਡੇ ਭਰਾਵਾਂ 'ਚੋਂ ਸਭ ਤੋਂ ਨਿੱਕਾ ਵੈਨ ਅੱਗੇ ਬਾਹਵਾਂ ਖਿਲਾਰ ਕੇ ਖੜ ਗਿਆ ਸੀ। ਗਲੀ-ਗੁਆਂਢ ਦੇ ਕਾਫੀ ਬੰਦੇ ਇਕੱਠੇ ਹੋ ਗਏ ਸਨ। ਭੂਆ ਨੇ ਛੇਤੀ-ਛੇਤੀ ਸਿਮਰ ਦਾ ਸਾਮਾਨ ਜੋ ਮੇਰੇ ਕੋਲ ਸੀ, ਕੱਢਕੇ ਉਸਦੇ ਮਾਪਿਆਂ ਹਵਾਲੇ ਕਰ ਦਿੱਤਾ ਸੀ। ਭੂਆ ਮੁੱਢੋਂ ਹੀ ਬੇਈਮਾਨ ਸੀ। ਉਹ ਤਾਂ ਸਿਮਰ ਨੂੰ ਛੇਤੀ ਘਰੋਂ ਕੱਢਣਾ ਚਾਹੁੰਦੀ ਸੀ। ਰੌਲਾ-ਰੱਪਾ ਤੇ ਖਿੱਚ-ਧੂਹ ਹੋਣ ਲੱਗੀ ਤਾਂ ਉਹ ਘਬਰਾ ਗਏ। ਗੱਲ ਵਿਗੜਦੀ ਵੇਖ ਉਹ ਚਾਲ ਖੇਡਣ ਲੱਗੇ।

"ਭਾਈ ਇਹ ਕੁੜੀ ਸਾਡੇ ਕੋਲ ਥੋੜੀ ਅਮਾਨਤ ਐ। ਅੱਜ ਸਾਨੂੰ ਲੈ ਜਾਣ ਦਿਉ। ਸਾਡੀ ਪਿੰਡ ਵਿੱਚ ਰਹਿ ਜਾਊ। ਜਦੋਂ ਗੱਲ ਠੰਡੀ ਪੈ ਗਈ ਅਸੀਂ ਪਿੰਡੋਂ ਬਾਹਰ ਕਿਸੇ ਗੁਰਦੁਆਰੇ ਲਿਜਾਕੇ ਤੁਹਾਨੂੰ ਅਨੰਦ ਦੇ ਦਿਆਂਗੇ। ਕੇਰਾਂ ਸਾਡੀ ਰੱਖ ਲਉ।" ਮੇਰਾ ਫ਼ੌਜੀ ਬਾਪ ਪਿਘਲ ਗਿਆ ਸੀ।

ਉਹਨਾਂ ਇੱਕ ਕਾਗਜ਼ 'ਤੇ ਅਜਿਹਾ ਐਗਰੀਮੈਂਟ ਵੀ ਲਿਖ ਕੇ ਦੇ ਦਿੱਤਾ। ਮੈਨੂੰ ਪਤਾ ਸੀ ਕਿ ਇਸ ਲਿਖਤ ਦਾ ਕੋਈ ਮੁੱਲ ਨਹੀਂ ਪਰ ਮੇਰੀ ਕੋਈ ਪੇਸ਼ ਨਹੀਂ ਸੀ ਗਈ। ਉਂਜ ਸਮੇਂ ਹਾਲਾਤ ਹੀ ਅਜਿਹੇ ਬਣੇ ਸਨ। ਉਂਜ ਉਨ੍ਹਾਂ ਨੂੰ ਤੁਰਨ ਲੱਗਿਆਂ ਮੈਂ, "ਕਿੰਨਾ ਕੁ ਚਿਰ ਇਸਨੂੰ ਘਰੇ ਬੰਦ ਕਰਕੇ ਰੱਖ ਲਉਗੇ।" ਆਖ ਕੇ ਲੁਕਵੀਂ ਧਮਕੀ ਦੇ ਦਿੱਤੀ ਸੀ।

ਜਿਵੇਂ ਕਿ ਆਸ ਸੀ ਆਪਣੀ ਕੁੜੀ ਨੂੰ ਘਰੇ ਲਿਜਾਣ ਤੋਂ ਬਾਅਦ ਛੇਤੀ ਉਹਨਾਂ ਨੂੰ ਆਪਣਾ ਵਾਅਦਾ ਵਿਸਰ ਗਿਆ। ਮੇਰੇ ਚਿਹਰੇ ਤੇ ਪਸਰੀ ਡੂੰਘੀ ਉਦਾਸੀ, ਫ਼ੌਜੀ ਰਹੇ ਬਾਪ ਤੋਂ ਸਹਾਰੀ ਨਹੀਂ ਸੀ ਗਈ। ਉਹ ਕੁੜੀ ਵਾਲਿਆਂ ਦੇ ਘਰ ਮੇਰੇ ਲਈ ਰਿਸ਼ਤੇ ਦੀ 'ਭੀਖ' ਮੰਗਣ ਚਲਾ



ਗਿਆ। ਉਹ ਜਿਵੇਂ ਖਾਲੀ ਝੋਲੀ ਲੈ ਕੇ ਗਿਆ ਸੀ ਉਵੇਂ ਹੀ ਖਾਲੀ ਝੋਲੀ ਪਰਤ ਆਇਆ ਸੀ। ਜਦੋਂ ਬਾਪੂ ਵਾਪਸ ਘਰ ਮੁੜਿਆ ਉਸਦੇ ਚਿਹਰੇ ਉਤਲੀ ਨਮੋਸ਼ੀ ਮੈਥੋਂ ਸਹਾਰੀ ਨਹੀਂ ਸੀ ਗਈ। ਉਸਦੀਆਂ ਅੱਖਾਂ ਵਿੱਚ ਪਾਣੀ ਤੈਰ ਰਿਹਾ ਸੀ।

–ਅੱਜ ਤੈਂਅ ਮੇਰੀ ਬੜੀ ਵੱਡੀ ਬੇਇੱਜ਼ਤੀ ਕਰਵਾਈ ਐ। ਮੈਂ ਸਾਰੀ ਉਮਰ ਕਿਸੇ ਦੀ ਟੈਂਅ ਨਹੀਂ ਮੰਨੀ......ਅੱਜ ਮੈਨੂੰ ਨੀਵਾਂ ਹੋਣਾ ਪੈ ਗਿਆ। ਉਹ ਆਖਦੇ ਅਸੀਂ ਜਾਤੋਂ-ਬੇਜਾਤ ਨੂੰ ਆਵਦੀ ਕੁੜੀ ਕਿਵੇਂ ਦੇ ਦੇਈਏ......ਤੂੰ ਦੱਸ ਆਪਣੇ ਨਾਲੋਂ ਵੱਧ ਉਹਨਾਂ ਦੇ ਕੀ ਫੁੱਲ ਲੱਗੇ ਆ?"

ਮੈਂ ਨੀਵੀਂ ਪਾਈ ਖੜਾ, ਪੈਰ ਦੇ ਅੰਗੂਠੇ ਨਾਲ ਧਰਤੀ ਖੁਰਚਦਾ ਰਿਹਾ।

"ਲੱਗਦੈ ਤੂੰ ਮਰਵਾਏਂਗਾ ਵਿਚਾਰੀ ਕੁੜੀ ਨੂੰ। ਭੰਗ ਦੇ ਭਾੜੇ ਜਾਨ ਗੰਵਾਏਂਗਾ ਉਹਦੀ.....ਉਹਨਾਂ ਨੂੰ ਹੈਨੀ ਚੜੀ ਲੱਥੀ ਦੀ...ਉਹਦੀ ਮਾਂ ਨੀ ਪੱਟੀ ਬੱਝਣ ਦਿੰਦੀ। ਉਹਨੇ ਨੀ ਮੰਨਣਾ...ਮੈਨੂੰ ਪਤਾ ਲੱਗਾ ਕੁੜੀ ਤੇ ਤਸ਼ੱਦਦ ਹੁੰਦਾ। ਉਹਨੂੰ ਮਾਰਦੇ ਕੁੱਟਦੇ ਆ। ਰੱਬ ਦਾ ਵਾਸਤਾ ਖਹਿੜਾ ਛੱਡ ਉਹਦਾ.....ਨਹੀਂ ਮਾਰ ਦੇਣਗੇ ਵਿਚਾਰੀ ਨੂੰ।"

– ਪਾਪਾ ਜੀ! ਮੈਂ ਥੋਡੀ ਇਸ ਬੇਇੱਜ਼ਤੀ ਦਾ ਮੁੱਲ ਮੋੜੂੰ....ਉਹ ਇਸੇ ਘਰ ਵਿਚ ਆਊ ਥੋਡੀ ਨੂੰਹ ਬਣਕੇ..ਕਿੰਨਾ ਕੁ ਚਿਰ ਰੋਕ ਲੈਣਗੇ ਜਿੰਦਰੇ ਲਾਕੇ।" ਆਖਦਿਆਂ ਮੈਂ ਘਰੋਂ ਬਾਹਰ ਨਿਕਲ ਗਿਆ ਸੀ। ਦਰਅਸਲ ਬਾਪੂ ਦੀਆਂ ਸਿੱਲੀਆਂ ਹੋਈਆਂ ਅੱਖਾਂ ਦਾ ਮੈਥੋਂ ਸਾਹਮਣਾ ਹੀ ਨਹੀਂ ਸੀ ਹੋ ਸਕਿਆ।

ਫਿਰ ਕਈ ਮਹੀਨੇ ਉਸਨੂੰ ਮਿਲਣ ਲਈ ਤਰਸਦਾ ਰਿਹਾ। ਜਦੋਂ ਵੀ ਉਸ ਵੱਲੋਂ ਕੋਈ ਸੁੱਖ ਸੁਨੇਹਾ ਹਵਾ ਦੇ ਘਨ੍ਹੇੜੇ ਚੜ ਆਉਂਦਾ, ਜਾਪਦਾ ਜਿਵੇਂ ਮਾਰੂਥਲ ਵਿੱਚ ਸੜ ਰਹੇ ਰੁੱਖ ਵੱਲ ਠੰਡੀਆਂ ਸੀਤ ਹਵਾ ਦਾ ਬੁੱਲਾ ਆ ਗਿਆ ਹੋਵੇ। ਕਿਸੇ ਕਾਪੀ ਕਿਤਾਬ ਦੇ ਵਰਕੇ 'ਤੇ ਚਾਰ ਸ਼ਬਦ ਝਰੀਟ ਕੇ ਉਹ ਕਿਸੇ ਬਹਾਨੇ ਮੇਰੇ ਤੱਕ ਪੁੱਜਦੇ ਕਰ ਦਿੰਦੀ ਸੀ। ਬਾਈ ਹਰਮੀਤ ਵਿਦਿਆਰਥੀ ਵੀ ਆਨੇ-ਬਹਾਨੇ ਉਸਦੇ ਘਰ ਗੇੜਾ ਮਾਰ ਕੇ ਸੁੱਖ-ਸਾਂਦ ਦਾ ਪਤਾ ਲੈ ਆਇਆ ਸੀ। ਦਰਅਸਲ ਕੋਰਟ ਮੈਰਿਜ ਕਰਵਾਉਣ ਤੋਂ ਪਹਿਲਾਂ, ਗੁਰਦੁਆਰਾ ਸਾਹਿਬ ਵਿੱਚ ਅਨੰਦ ਕਾਰਜ ਦੀਆਂ ਰਸਮਾਂ ਕਰਨ ਵਿੱਚ ਹਰਮੀਤ ਮੋਹਰੀ ਸੀ।

ਸਾਡੇ ਦੋਖੀਆਂ ਵੱਲੋਂ ਦੋਵੇਂ ਪਾਸੇ ਅਫਵਾਹਾਂ ਫੈਲਾਈਆਂ ਜਾ ਰਹੀਆਂ ਸਨ।

– ਉਹ ਤਾਂ ਮੰਗੀ ਗਈ ਐ। ਮਾਨਸੇ ਕੰਨੀਂ ਉਹਨੇ ਅਗੇਜਮੈਂਟ ਕਰਵਾ ਲਈ ਐ।" ਮੇਰੇ ਕੰਨਾਂ ਵਿੱਚ ਸਰਸਰਾਹਟ ਹੁੰਦੀ।

– ਐਵੇਂ ਖੂਨ ਸਾੜੀ ਜਾਨੈ ਉਹਦੀ ਖਾਤਰ..ਉਹ ਤਾਂ ਕਹਿੰਦੀ ਮੈਂ ਕੀ ਲੈਣਾ....ਤੋਂ।" ਮੇਰਾ ਕਾਲਜਾ ਲੂਹਿਆ ਜਾਂਦਾ। ਦਿਲ ਮੰਨਦਾ ਨਹੀਂ ਸੀ।

ਇਹੋ ਜਿਹੀਆਂ ਅਫਵਾਹਾਂ ਉਸਦੇ ਕੰਨੀਂ ਵੀ ਪਾਈਆਂ ਜਾਂਦੀਆਂ ਸਨ। ਮੈਂ ਤਾਂ ਫੇਰ ਵੀ ਆਜ਼ਾਦ ਪੰਛੀ ਸਾਂ.....ਪਰ ਉਹ ਤਾਂ ਪਿੰਜਰੇ ਵਿੱਚ ਬੰਦ ਸੀ। ਉਸਨੂੰ ਮੇਰੇ ਬਾਰੇ ਕਿਵੇਂ ਪਤਾ ਲੱਗਦਾ ਹੋਊ? ਉਹ ਤਾਂ ਕੇਵਲ ਅਫਵਾਹਾਂ ਦੇ ਸਿਰ 'ਤੇ ਹੀ ਟੈਮ ਕੱਢਦੀ ਸੀ। ਆਂਢ-ਗੁਆਂਢ ਦੀ ਕੋਈ ਚਾਚੀ-ਤਾਈ-ਭਾਬੀ ਉਸਦੇ ਕੰਨ ਵਲੇਲ ਪਾ ਦਿੰਦੀ।

"-ਸੁਣਿਐ-ਉਹਨੇ ਵਿਆਹ ਕਰਵਾ ਲਿਆ। ਤੂੰ ਝੱਲੀ ਹੋਈ ਪਾਈ ਏਂ। ਐਵੇਂ ਤਸੀਹੇ ਸਹਿਨੀ ਏਂ। ਬੰਦੇ ਨੀ ਕਿਸੇ ਦੇ ਮਿੱਤ ਹੁੰਦੇ।" ਲੋਕਾਂ ਦੀਆਂ ਅਜਿਹੀਆਂ ਗੱਲਾਂ ਸੁਣਕੇ ਉਸਦਾ ਦਿਲ ਡੋਲ ਜਾਂਦਾ।

ਫਿਰ ਅਚਾਨਕ ਉਸਦੇ ਮਾਂ-ਬਾਪ ਵੱਲੋਂ ਕਿਸੇ ਹੱਥ ਸੁਨੇਹਾ ਆਇਆ ਕਿ ਮੈਂ ਤਲਾਕ

ਲਿਖ ਦੇਵਾਂ। ਅਸੀਂ ਆਪਣੀ ਕੁੜੀ ਨੂੰ ਮੰਗ ਵਿਆਹ ਲਈਏ। ਤੇਰੇ ਨਾਲ ਵਿਆਹ ਤੋਂ ਉਹ ਇਨਕਾਰੀ ਹੋ ਗਈ ਐ।

"-ਉਹ ਮੇਰੇ ਮੂੰਹ 'ਤੇ ਆ ਕੇ ਕਹਿ ਦੇਵੇ ਕਿ ਮੀਤ ਮੈਂ ਤੇਰੇ ਨਾਲ ਨਹੀਂ-ਮੈਂ ਉਸੇ ਵਕਤ ਲਿਖ ਦਿਆਂਗਾ ਤਲਾਕ।" ਮੇਰੇ ਅੰਦਰਲਾ ਵਿਸ਼ਵਾਸ ਅਡਿੱਗ ਸੀ।

ਘਰਦਿਆਂ ਨੇ ਸਾਡਾ ਮੋਗੇ ਮਿਲਣ ਦਾ ਪ੍ਰੋਗਰਾਮ ਬਣਾ ਦਿੱਤਾ। ਮੇਰੇ ਸ਼ਰਤ ਰੱਖਣ 'ਤੇ ਸਾਨੂੰ ਦੋਵਾਂ ਨੂੰ ਅਲੱਗ ਪੰਜ ਮਿੰਟ ਗੱਲ ਕਰਨ ਦਾ ਮੌਕਾ ਦੇ ਦਿੱਤਾ। ਸਾਰਿਆਂ ਤੋਂ ਅੱਖ ਬਚਾ ਕੇ ਮੈਂ ਉਸਦੇ ਹੱਥ ਆਪਣੇ ਹੱਥਾਂ ਵਿੱਚ ਘੁੱਟ ਲਏ।

"-ਗੁਰਮੀਤ! ਮੈਂ ਬੜੀ ਔਖ ਵਿੱਚ ਹਾਂ। ਮੇਰੇ ਤੇ ਸਰੀਰਕ ਮਾਨਸਿਕ ਤਸ਼ੱਦਦ ਹੋ ਰਿਹਾ। ਮੇਰੇ ਤੇ ਵਿਸ਼ਵਾਸ ਰੱਖ-ਮੈਂ ਤੇਰੇ ਨਾਲ ਹਾਂ। ਇਹ ਜੋ ਆਂਹਦੇ ਲਿਖ ਦੇ....ਤੂੰ ਬੱਸ ਮੇਰੀ ਉਡੀਕ ਰੱਖੀਂ। ਮੈਂ ਆਵਾਂਗੀ ਮੀਤ।" ਜਿਵੇਂ ਸਾਰੇ ਸਵਰਗ ਮੇਰੀ ਝੋਲੀ ਵਿੱਚ ਆ ਗਏ ਹੋਣ। ਮੈਂ ਅਸ਼ਟਾਮ 'ਤੇ ਗੋਲ-ਮੋਲ ਜਿਹਾ ਲਿਖ ਦਿੱਤਾ। ਇਸ ਵਿੱਚ ਕਿਧਰੇ ਵੀ ਤਲਾਕ ਨਹੀਂ ਸੀ। ਅਸਲ ਵਿੱਚ ਅਸੀਂ ਦੋਵਾਂ ਨੇ ਹੀ ਘਰਦਿਆਂ ਨੂੰ ਸਿੱਧੇ ਕਰਨ ਦਾ ਮਨ ਬਣਾ ਲਿਆ ਸੀ।

"-ਗੱਲ ਸੁਣ! ਐਵੇਂ ਇਹਨਾਂ ਨਾਲ ਪੰਗੇ ਨਾ ਲੈ। ਤੇਰੇ ਕੋਲ ਲਾਉਣ ਨੂੰ ਕੁਛ ਨੀ। ਇਹ ਤਾਂ ਚਾਰ ਸਿਆੜ ਜ਼ਮੀਨ ਵੇਚ ਕੇ ਮੁਕੱਦਮੇ ਤੇ ਲਾ ਦੇਣਗੇ। ਛੱਡ ਖਹਿੜਾ ਏਹਨਾਂ ਦਾ। ਮੈਂ ਤੇਰਾ ਹਮਦਰਦ ਆ....ਇਹ ਲੋਕ ਕਮਲੇ ਹੁੰਦੇ......ਇਹਨਾਂ ਨਾਲ ਕੀ ਮੁਕਾਬਲਾ।" ਦੂਜੀ ਧਿਰ ਦੇ ਬੰਦਿਆਂ 'ਚੋਂ ਇੱਕ ਨੇ ਮੇਰੇ ਕੋਲ ਹੌਲੀ ਜਿਹੀ ਕਿਹਾ ਸੀ।

"-ਇਹਨਾਂ ਨੂੰ ਤਾਂ ਫਿਕਰ ਹੋਊ ਕਿ ਇਹਨਾਂ ਦੀ ਜ਼ਮੀਨ ਵਿਕ ਜੂ......, ਮੈਨੂੰ ਤਾਂ ਉਹ ਵੀ ਹੈਨੀ।" ਆਖਣ ਵਾਲਾ ਚੁੱਪ ਹੋ ਗਿਆ ਸੀ।

"-ਇਹ ਤਾਂ ਕੋਈ ਗੱਲ ਨੀ ਬਣੀ। ਇਹ ਐਵੇਂ ਗੋਲ-ਮੋਲ ਲਿਖਿਆ। ਸਾਨੂੰ ਸਾਫ਼-ਸਪੱਸ਼ਟ ਸ਼ਬਦਾਂ ਵਿੱਚ ਤਲਾਕ ਲਿਖ ਕੇ ਦੇ।" ਇਸ ਲਈ ਮੈਂ ਤਿਆਰ ਨਹੀਂ ਸਾਂ। ਫੇਰ ਮੇਰੇ ਹੱਥ ਕੀ ਰਹਿ ਜਾਂਦਾ? ਕਿਹੜੇ ਆਸਰੇ ਲੜਾਈ ਜਾਰੀ ਰੱਖਦਾ। ਮੇਰੇ ਇਨਕਾਰ ਕਰਨ 'ਤੇ ਉਹ ਗੁੱਸੇ ਹੋ ਕੇ ਚਲੇ ਗਏ।

ਇਸ ਦਿਨ ਤੋਂ ਬਾਅਦ ਉਸ ਤੇ ਫਿਰ ਪਾਬੰਦੀਆਂ ਆਇਦ ਹੋ ਗਈਆਂ ਸਨ। ਕੇਵਲ ਹਵਾ ਹੱਥ ਹੀ ਸੁਨੇਹਾ ਇੱਕ ਦੂਜੇ ਨੂੰ ਭੇਜਿਆ ਜਾ ਸਕਦਾ ਸੀ। ਮੇਰੇ ਲਈ ਜੇਕਰ ਤਸੱਲੀ ਦਾ ਸਬੱਬ ਸੀ ਤਾਂ ਉਹ ਸੀ ਅਖ਼ਬਾਰ। ਜਦੋਂ ਵੀ ਮੇਰੀ ਕੋਈ ਰਚਨਾ ਅਖ਼ਬਾਰ ਵਿੱਚ ਛਪਦੀ ਮੈਨੂੰ ਜਾਪਦਾ ਜਿਵੇਂ ਮੈਂ ਆਪਣਾ ਸੁਨੇਹਾ ਉਸ ਕੋਲ ਭੇਜ ਦਿੱਤਾ ਹੋਵੇ। ਉਨ੍ਹਾਂ ਦਿਨਾਂ ਵਿਚ ਮੈਂ ਧੜਾਧੜ ਕਹਾਣੀਆਂ ਅਤੇ ਆਰਟੀਕਲ ਲਿਖ ਕੇ ਅਖ਼ਬਾਰਾਂ ਨੂੰ ਭੇਜ ਰਿਹਾ ਸਾਂ। ਦਰਅਸਲ ਮੈਂ ਲਿਖਦਾ ਹੀ ਉਸ ਲਈ ਸਾਂ। ਮੈਨੂੰ ਯਕੀਨ ਸੀ, ਅਖ਼ਬਾਰ ਰਾਹੀਂ ਉਹ ਮੈਨੂੰ ਮਿਲ ਲੈਂਦੀ ਹੋਵੇਗੀ।

ਇਹਨਾਂ ਦਿਨਾਂ ਵਿੱਚ ਹੀ ਮੇਰੇ ਇੱਕ ਦੁਸ਼ਮਣਾਂ ਵਰਗੇ ਦੋਸਤ ਨੇ ਮੈਨੂੰ ਅਜੀਬ ਸਲਾਹ ਦੇ ਦਿੱਤੀ। ਉਸਦੀ 'ਨੇਕ' ਸਲਾਹ 'ਤੇ ਅਮਲ ਕਰਦਿਆਂ ਮੈਂ ਅਖ਼ਬਾਰ ਵਿੱਚ ਆਪਣੇ ਵਿਆਹ ਸਬੰਧੀ ਮੈਟਰੀਮੋਨੀਅਲ ਦੇ ਦਿੱਤਾ। ਦਰਅਸਲ ਇਹ ਇਸ਼ਤਿਹਾਰ ਮੈਂ ਉਸਦੇ ਘਰਦਿਆਂ ਨੂੰ ਭੁਲੇਖਾ ਪਾਉਣ ਲਈ ਹੀ ਛਪਵਾਇਆ ਸੀ। ਸੋਚਿਆ ਸੀ ਕਿ ਅਖ਼ਬਾਰ ਵਿਚਲਾ ਇਹ ਇਸ਼ਤਿਹਾਰ ਪੜ੍ਹਨ ਉਪਰੰਤ ਉਸ ਉਪਰੋਂ ਪਾਬੰਦੀਆਂ ਚੁੱਕ ਲਈਆਂ ਜਾਣਗੀਆਂ। ਉਹ ਕੈਦ ਵਿਚੋਂ ਆਜ਼ਾਦ ਹੋ ਜਾਊ। ਉਸਦੇ ਘਰਦੇ ਸੋਚਣਗੇ ਕਿ ਗੁਰਮੀਤ ਖਹਿੜਾ ਛੱਡਕੇ, ਵਿਆਹ ਕਰਵਾ ਰਿਹਾ ਹੈ। ਉਂਜ ਵੀ ਕੋਰਸ ਕਰਵਾ ਕੇ ਧੀ-ਪੁੱਤ ਨੂੰ ਵਿਹਲਾ ਘਰੇ ਬਹਾਉਣਾ ਬੜਾ ਔਖਾ ਹੈ। ਮੇਰੀ ਇਹ ਸਕੀਮ ਐਨੀ ਕੁ ਤਾਂ ਕਾਮਯਾਬ ਹੋ ਗਈ ਕਿ ਉਸ ਲਈ ਪਿੰਜਰੇ ਦਾ ਬੂਹਾ ਖੋਲ੍ਹ ਦਿੱਤਾ। ਉਸਦੇ ਦਿਮਾਗ ਵਿੱਚ ਇਹ ਭਰ



ਗਿਆ ਕਿ ਗੁਰਮੀਤ 'ਬੇਵਫਾ' ਹੋ ਕੇ ਆਪਣਾ ਘਰ ਵਸਾਉਣ ਲੱਗਾ ਹੈ। ਮੈਨੂੰ ਨਹੀਂ ਸੀ ਪਤਾ ਮੇਰੀ ਇਸ ਸਕੀਮ ਦੀ ਪ੍ਰਤੀਕਿਰਿਆ ਐਨੀ ਮਾੜੀ ਹੋਵੇਗੀ।

"-ਲੈ ਬਣਦੀ ਸੀ ਉਹਦੀ ਹੇਜ਼ਲੀ....ਕਹਿੰਦਾ ਸੀ ਸੱਤ ਜਨਮ ਤੇਰੀ ਉਡੀਕ ਕਰੂੰ, ਦੋ ਮਹੀਨੇ ਨ੍ਹੀਂ ਕੱਟੇ। ਨਹੀਂ ਐਨਾ ਤਾਂ ਸੋਚਦਾ ਪਹਿਲਾਂ ਕੁੜੀ ਵਿਆਹ ਕਰਵਾ ਲਏ। ਤੂੰ ਹੁਣ ਬੈਠ ਕੇ ਗਾਈ ਚੱਲ ਉਹਦੇ ਗੀਗੇ। ਜੀਹਦੇ ਪਿਛੇ ਜ਼ਿੰਦਗੀ ਰੋਲਦੀ ਸੀ; ਲੱਗਾ ਵਿਆਹ ਕਰਵਾਉਣ।"

"-ਨਾਲੇ ਲੱਭਿਆ ਵੇਖ ਇਹਨੇ ਕੀ...ਚੱਜ ਹਾਲ ਦੀ ਸ਼ਕਲ ਨੀ...ਅਕਲ ਨੀ। ਪੁੱਠੇ ਤਵੇ ਨਾਲ ਉਹਦੀ ਸ਼ਰਤ ਲਾਈ ਐ। ਨੌਕਰੀ ਉਹਦੀ ਚੱਜ ਹਾਲ ਦੀ ਹੈਨੀ। ਘਰੋਂ ਉਹ ਕੱਢਿਆ। ਏਹਨੂੰ ਕੁਜਾਤ ਈ ਥਿਆਈ ਸੀ ਇਸ਼ਕ ਲੜਾਉਣ ਨੂੰ", ਉਸ ਕੋਲ ਚੌਵੀ ਘੰਟੇ ਇਸ ਤਰ੍ਹਾਂ ਦੀਆਂ ਗੱਲਾਂ ਮੇਰੇ ਵਿਰੁੱਧ ਹੁੰਦੀਆਂ ਰਹਿੰਦੀਆਂ। ਉਹ ਘੋਰ ਨਿਰਾਸ਼ਾ ਵਿੱਚ ਘਿਰ ਗਈ।

ਕਦੇ ਉਹਨੂੰ ਸੁਨਣ ਨੂੰ ਮਿਲਦਾ, "ਉਹ ਤਾਂ ਕਹਿੰਦਾ ਮੈਂ ਕੀ ਲੈਣਾ ਉਹਤੋਂ....ਚਾਰ ਦਿਨ ਐਸ਼ ਕਰਨੀ ਸੀ ਕਰਲੀ। ਮੈਂ ਨੀ ਐਹੋ ਜੀ ਦੀ ਢੂਈ ਮਾਰਦਾ।" ਰਿਸ਼ਤੇਦਾਰੀਆਂ ਰਾਤ ਦਿਨ ਉਸਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀਆਂ। ਉਸਦਾ ਦਿਮਾਗ ਬਦਲਣ ਦੀਆਂ ਕੋਸ਼ਿਸ਼ਾਂ ਹੁੰਦੀਆਂ।

ਇਧਰ ਮੈਂ ਸੀ. ਆਈ. ਡੀ. ਵਿਭਾਗ ਦੇ ਸਬ-ਇੰਸਪੈਕਟਰ ਜੋ ਮੇਰੇ ਇੱਕ ਦੋਸਤ ਦਾ ਦੋਸਤ ਸੀ, ਨੂੰ ਇਨਕੁਆਰੀ ਦੇ ਬਹਾਨੇ ਉਸਦੇ ਘਰ ਭੇਜਣ ਲਈ ਤਿਆਰ ਕਰ ਲਿਆ। ਪਛਾਣ ਹਿੱਤ ਉਸਦੀ ਫੋਟੋ ਵੀ ਦੇ ਦਿੱਤੀ। ਤੀਜੇ ਦਿਨ ਉਸ ਸੀ. ਆਈ. ਡੀ. ਵਾਲੇ ਮਿੱਤਰ ਨੇ ਆਕੇ ਰਿਪੋਰਟ ਦਿੱਤੀ ਕਿ ਇਹ ਫੋਟੋ ਵਾਲੀ ਕੁੜੀ ਘਰ ਨਹੀਂ ਹੈ। ਉਸਦੇ ਘਰ ਦੇ ਕਹਿੰਦੇ ਨੇ ਕਿ "ਸਾਡੀ ਕੁੜੀ ਨੇ ਤਾਂ ਮੁੰਡੇ ਖਿਲਾਫ ਲਿਖ ਕੇ ਦੇ ਦਿੱਤਾ ਹੈ। ਹੁਣ ਉਹਦੇ ਨਾਲ ਕੋਈ ਸਰਬੰਧ ਨੀ। ਅਸੀਂ ਕੁੜੀ ਕਿਧਰੇ ਕੰਮ ਤੇ ਲਾ ਦਿੱਤੀ ਐ। ਸਾਨੂੰ ਕੋਈ ਇਤਰਾਜ਼ ਨੀ ਮੁੰਡਾ ਜਿੱਥੇ ਮਰਜ਼ੀ ਵਿਆਹ ਕਰਾਵੇ, ਸਾਡੀ ਕੁੜੀ ਨੀ ਕੋਈ ਅੜਿਕਾ ਡਾਹੁੰਦੀ।"

ਅਜਿਹੀ ਸ਼ੁਭ ਸੂਚਨਾ ਦੀ ਉਡੀਕ ਕਰਦਾ ਤਾਂ ਮੈਂ ਸਾਲ ਭਰ ਤੋਂ ਅੰਗਿਆਰਾਂ 'ਤੇ ਸੌਂਦਾ ਆ ਰਿਹਾ ਸੀ। ਮੈਂ ਆਪਣੇ ਇੱਕ ਹਮਦਰਦ ਮਿੱਤਰ ਨੂੰ ਨਾਲ ਲੈ ਕੇ ਸਾਰੇ ਵੱਡੇ ਸ਼ਹਿਰਾਂ ਦੇ ਹਸਪਤਾਲ ਵੇਖਣ ਦਾ ਮਨ ਬਣਾ ਲਿਆ। ਉਸਨੇ ਪਟਿਆਲੇ ਟਰੇਨਿੰਗ ਕੀਤੀ ਸੀ, ਉਥੇ ਹੀ ਜਾਣ-ਪਛਾਣ ਸੀ। ਮੈਨੂੰ ਉਮੀਦ ਸੀ ਘਰਦਿਆਂ ਨੇ ਉਸਨੂੰ ਪਟਿਆਲੇ ਹੀ ਕਿਸੇ ਹਸਪਤਾਲ ਵਿੱਚ ਲਗਾ ਦਿੱਤਾ ਹੋਊ। ਅਸੀਂ ਸਵੇਰੇ 7 ਵਜੇ ਤੋਂ ਰਾਤ ਦੇ 9 ਵਜੇ ਤੱਕ, ਪਟਿਆਲੇ ਦੇ ਨਿੱਕੇ ਜਿਹੇ ਨਰਸਿੰਗ ਹੋਮ ਤੋਂ ਲੈ ਕੇ ਵੱਡੇ ਤੋਂ ਵੱਡੇ ਹਸਪਤਾਲ ਤੱਕ ਛਾਣ ਮਾਰੇ। ਹਸਪਤਾਲਾਂ ਦੀਆਂ ਨਰਸਾਂ ਸ਼ੱਕ ਦੀ ਗੁੱਝੀ ਜਿਹੀ ਤੱਕਣੀ ਤੱਕਦੀਆਂ। ਪਟਿਆਲੇ ਤੋਂ ਕੋਈ ਖੈਰ ਨਾ ਪਈ ਤਾਂ ਅਗਲੇ ਦਿਨ ਲੁਧਿਆਣੇ ਨੂੰ ਘੇਰਾ ਪਾ ਲਿਆ। ਪਰ ਉਹ ਤਾਂ ਪਤਾ ਨਹੀਂ ਕਿਹੜੇ ਪਤਾਲੀਂ ਲਹਿ ਗਈ ਸੀ। ਮੈਂ ਨਿਰਾਸ਼ ਜਿਹਾ ਹੋ ਕੇ ਕਈ ਦਿਨ ਘਰ ਹੀ ਪਿਆ ਰਿਹਾ। ਐਡੀ ਵੱਡੀ ਦੁਨੀਆ ਵਿੱਚੋਂ ਉਸਨੂੰ ਕਿਵੇਂ ਲੱਭਾਂਗਾ? ਫਿਰ ਸੋਚਦਾ ਦੁਨੀਆ ਹੈ ਭਲਾ ਕਿੱਡੀ ਕੁ? ਕਦੇ ਸੋਚਦਾ ਐਵੇਂ ਟੱਕਰਾਂ ਮਾਰ ਰਿਹਾਂ, ਉਹਨੂੰ ਸਰੀਰਕ-ਮਾਨਸਿਕ ਤਸ਼ੱਦਦ ਨੇ ਝੁਲਾ ਦਿੱਤਾ ਹੈ। ਆਖਰ ਸੰਘਰਸ਼ ਦੀ ਵੀ ਕੋਈ ਸੀਮਾ ਹੁੰਦੀ ਹੈ। ਜੇ ਬਦਲੀ ਨਾ ਹੁੰਦੀ ਤਾਂ ਮੈਨੂੰ ਫੋਨ ਨਾ ਕਰਦੀ?

ਫਿਰ ਇੱਕ ਦਿਨ ਜਲੰਧਰ ਜਾਣ ਦਾ ਸਬੱਬ ਬਣ ਗਿਆ। ਅਖ਼ਬਾਰ ਵਿੱਚ ਮੈਟਰੀਮੋਨੀਅਲ ਦੇਣ ਦਾ ਸੁਝਾਅ ਦੇਣ ਵਾਲੇ ਦੋਸਤ ਬਣੇ ਦੁਸ਼ਮਣ ਦੇ ਪਿੱਤੇ ਵਿੱਚ ਪੱਥਰੀ ਸੀ। ਜਲੰਧਰ ਅਸੀਂ ਕਿਸੇ ਡਾਕਟਰ ਨੂੰ ਦਿਖਾਉਣਾ ਸੀ। ਇਹ ਡਾਕਟਰ ਬਿਨਾਂ ਅਪ੍ਰੇਸ਼ਨ ਪਿੱਤੇ ਦੀਆਂ ਪੱਥਰੀਆਂ ਕੱਢਣ ਦਾ ਦਾਅਵਾ ਕਰਦਾ ਸੀ। ਸਿਹਤ ਸਬੰਧੀ ਉਸਦੇ ਲੇਖ ਵੀ ਅਖ਼ਬਾਰਾਂ ਵਿੱਚ ਛਪਦੇ ਰਹਿੰਦੇ ਸਨ। ਡਾਕਟਰ ਨੂੰ ਮਿਲਣ ਉਪਰੰਤ ਮੈਂ ਕੁਲਦੀਪ ਸਿੰਘ ਬੇਦੀ ਨੂੰ ਮਿਲਣ ਦਾ ਵਿਚਾਰ ਬਣਾ ਲਿਆ। ਬੇਦੀ

ਨੂੰ ਸਾਡੀ ਚਲਦੀ ਇਸ਼ਕ ਕਥਾ ਦਾ ਪਤਾ ਸੀ। ਉਸਦੇ ਅਖ਼ਬਾਰ ਵਿੱਚ ਅਸੀਂ ਇੱਕ ਦੂਜੇ ਨੂੰ ਸੰਬੋਧਿਤ ਹੋ ਕੇ ਕਵਿਤਾਵਾਂ ਛਪਾਉਂਦੇ ਰਹਿੰਦੇ ਸਾਂ।

"ਸ਼ਾਇਰਾ ਦਾ ਕੀ ਹਾਲ ਐ ?" ਬੇਦੀ ਨੂੰ ਇਸ ਤਰ੍ਹਾਂ ਪੁੱਛਿਆ ਜਿਵੇਂ ਉਹ ਉਸਦੇ ਟਿਕਾਣੇ ਬਾਰੇ ਜਾਣਦਾ ਹੋਵੇ।

-ਠੀਕ ਹੈ! ਤੂੰ ਨਹੀਂ ਮਿਲਕੇ ਆਇਆ ?" ਬੇਦੀ ਦੇ ਭਾਅ ਮੈਂ ਜਲੰਧਰ ਉਸਨੂੰ ਹੀ ਮਿਲਣ ਆਇਆ ਹੋਵਾਂਗਾ। ਬੇਦੀ ਨੂੰ ਕੀ ਪਤਾ ਸੀ ਕਿ ਮੈਂ ਤਾਂ ਉਸਦੇ ਟਿਕਾਣੇ ਬਾਰੇ ਹੀ ਨਹੀਂ ਜਾਣਦਾ।

"ਮੈਂ ਹੁਣੇ ਤੇਰੀ ਫੋਨ 'ਤੇ ਗੱਲ ਕਰਵਾਉਂਦਾ ਹਾਂ.....।" ਆਖ ਕੇ ਬੇਦੀ ਨੇ ਰਣਜੀਤ ਹਸਪਤਾਲ ਵਿੱਚ ਫੋਨ ਖੜਕਾ ਦਿੱਤਾ। ਅੱਗਿਉਂ ਰਿਸੈਪਸਨੈਸਟ ਕੁੜੀ ਨੇ ਉਸਨੂੰ ਵਾਰਡ ਵਿੱਚੋਂ ਆਵਾਜ਼ ਮਾਰ ਕੇ ਫੋਨ ਉਸਦੇ ਕੰਨ ਨਾਲ ਲਾ ਦਿੱਤਾ ਸੀ।

"ਆਹ ਗੁਰਮੀਤ ਨਾਲ ਗੱਲ ਕਰ.......।" ਆਖਦਿਆਂ ਹੀ ਬੇਦੀ ਨੇ ਫੋਨ ਮੈਨੂੰ ਫੜਾ ਦਿੱਤਾ ਸੀ। ਮੈਨੂੰ ਯਕੀਨ ਨਹੀਂ ਸੀ ਕਿ ਉਹ ਮੇਰੇ ਨਾਲ ਫੋਨ 'ਤੇ ਗੱਲ ਕਰੂ। ਮੈਂ ਫੋਨ ਫੜਿਆ ਤੇ ਬੋਲਿਆ, "ਮੈਂ ਹੁਣੇ ਆ ਰਿਹਾਂ।" ਤੇ ਫੋਨ ਰੱਖ ਦਿੱਤਾ। ਬੇਦੀ ਸਾਹਮਣੇ ਮੈਂ ਕੀ ਗੱਲਾਂ ਕਰਦਾ ? ਦੂਸਰੇ ਉਸਨੂੰ ਇੰਜ ਲੱਭ ਲੈਣ ਦਾ ਮੈਨੂੰ ਯਕੀਨ ਹੀ ਨਹੀਂ ਸੀ ਆ ਰਿਹਾ। ਮੈਂ ਦਗੜ-ਦਗੜ ਕਰਕੇ 'ਜੱਗਬਾਣੀ' ਅਖ਼ਬਾਰ ਦੀਆਂ ਪੌੜੀਆਂ ਉਤਰ ਗਿਆ।

ਆਪਣੀਆਂ ਅੱਖਾਂ ਸਾਹਵੇਂ ਉਸਨੂੰ ਵੇਖਕੇ ਮੈਂ ਖੁਸ਼ ਨਾਲੋਂ ਹੈਰਾਨ ਬਹੁਤਾ ਸਾਂ। ਉਸਦੇ ਚਿਹਰੇ ਵੱਲ ਵੇਖ ਮੈਨੂੰ ਲੱਗਾ ਜਿਵੇਂ ਪੁੱਛ ਰਿਹਾ ਹੋਵੇ,

"........ਕੀ ਲੈਣ ਆਇਆਂ ?"

ਉਸਦੇ ਖਾਮੋਸ਼ ਸੁਆਲ ਦਾ ਜੁਆਬ ਮੈਂ ਨਹੀਂ ਦਿੱਤਾ।

"ਮੇਰੇ ਜ਼ਖ਼ਮਾਂ 'ਤੇ ਲੂਣ ਪਾਉਣ ਆਇਆਂ ?"

-ਮੈਂ ਬੇਕਸੂਰ ਹਾਂ...ਤੂੰ ਮੇਰੇ ਬਾਰੇ ਬੜਾ ਕੁਝ ਸੁਣਿਆ ਹੋਵੇ। ਸਭ ਝੂਠਾ......।" ਮੇਰੇ ਬੋਲ ਕੰਬਣ ਲੱਗੇ ਸਨ।

-ਮੈਂ ਤੇਰੇ ਬਿਨਾਂ ਜਿਉਂ ਨਹੀਂ ਸਕਾਂਗਾ....।"

"ਬੱਸ....!!" ਉਸਨੇ ਮੇਰੇ ਮੂੰਹ 'ਤੇ ਹੱਥ ਰੱਖ ਦਿੱਤਾ ਸੀ।

"ਤੂੰ ਆਪਣੇ ਇਥੇ ਹੋਣ ਬਾਰੇ ਮੈਨੂੰ ਦੱਸਿਆ ਈ ਨਈਂ...?"

"ਮੈਂ ਸੋਚਿਆ ਜੇ 'ਮੀਤ' ਮੈਨੂੰ ਅਜੇ ਵੀ ਪਿਆਰ ਕਰਦਾ ਹੋਇਆ...ਆਪੇ ਲੱਭ ਲਵੇਗਾ.....।"

"...ਐਨੀ ਛੋਟੀ ਜਈ ਦੁਨੀਆਂ ਵਿੱਚ ਭਲਾ ਕਿੱਥੇ ਲੁੱਕ ਜਾਂਦੀ ?"

ਕਿਤੇ ਬੜੇ ਚਿਰਾਂ ਬਾਅਦ ਅਸੀਂ ਹੱਸ ਕੇ ਵੇਖਿਆ ਸੀ।

****

ਕਾਇਰਾਂ ਵਾਂਗ ਘਰੋਂ ਭੱਜਕੇ ਵਿਆਹ ਕਰਵਾਉਣਾ ਚੰਗਾ ਨਹੀਂ ਸੀ ਲੱਗਦਾ ਪਰ ਸਾਲਾਂ ਬੱਧੀ ਘਰਦਿਆਂ ਦੀਆਂ ਮਿੰਨਤਾਂ ਕਰਕੇ ਵੀ ਨਤੀਜਾ ਕੁਝ ਨਹੀਂ ਸੀ ਨਿਕਲਿਆ।

-ਮੀਤ ਆਪਾਂ ਹੁਣ ਦੋਸ਼ੀ ਨਹੀਂ। ਅਸੀਂ ਘਰਦਿਆਂ ਨੂੰ ਗੁੰਮਰਾਹ ਨਹੀਂ ਕੀਤਾ। ਅਸਲੀਅਤ ਦੱਸੀ.....ਪਰ ਉਹਨਾਂ ਸਾਡੀਆਂ ਭਾਵਨਾਵਾਂ ਦੀ ਕਦਰ ਨਹੀਂ ਕੀਤੀ। ਹੁਣ ਚੁੱਕੀ ਫਿਰਨ ਜਾਤੀਵਾਦ ਦੀ ਹਾਉਮੈ ਦਾ ਟੋਕਰਾ ਸਿਰ 'ਤੇ। ਆਪਾਂ ਆਪਣਾ ਰਸਤਾ ਚੁਣਾਂਗੇ।"

ਜੁਆਬ ਵਿੱਚ ਮੈਂ ਹਰਜਿੰਦਰ ਕੰਗ ਦੀ ਗ਼ਜ਼ਲ ਦੇ ਸ਼ੇਅਰ ਸੁਣਾ ਦਿੱਤੇ,



ਨੇ ਪੈਰੀਂ ਝਾਂਜਰਾਂ, ਚਾਅ ਵੀ ਹੈ, ਉਡਣ ਦੇ ਵੀ ਕਾਬਲ ਉਹ,
ਮਗਰ ਹੈ ਖੌਫ਼ ਦਾ ਉਸਦੇ ਪਰਾਂ 'ਤੇ ਠੀਕਰੀ ਪਹਿਰਾ।
ਕਦੇ ਖੁਸ਼ਬੂ ਨਹੀਂ ਰੁਕਦੀ ਕਰੋ ਫੁੱਲਾਂ ਨੂੰ ਲੱਖ ਵਾੜਾਂ
ਸਦਾ ਨਾਕਾਮ ਹੁੰਦਾ ਹੈ ਦਿਲਾਂ 'ਤੇ ਠੀਕਰੀ ਪਹਿਰਾ।

ਉਥੋਂ ਅਸੀਂ ਦੇਸ਼ ਭਗਤ ਯਾਦਗਾਰ ਹਾਲ ਆ ਗਏ। ਸਬਦੀਸ਼, ਦੇਸਰਾਜ ਕਾਲੀ, ਭਗਵੰਤ ਅਤੇ ਸੁਸ਼ੀਲ ਨਾਲ ਗੱਲਾਂ ਕਰਦਿਆਂ ਸ਼ਾਮ ਹੋ ਗਈ। ਜਲੰਧਰ ਵਿੱਚ ਮੇਰੇ 'ਆਪਣਿਆਂ' ਦਾ ਵੱਡਾ ਘੇਰਾ ਸੀ।

-ਕੁੜੀਏ......ਘਰਦੇ-ਘੁਰਦੇ ਨੀ ਮੰਨਦੇ ਹੁੰਦੇ ਪੋਲੇ ਪੈਰੀਂ। ਬੱਸ ਉਡਾਰੀ ਮਾਰਜੋ...।" ਸਬਦੀਸ਼ ਨੇ ਸੱਜੇ ਹੱਥ ਨੂੰ ਜਹਾਜ਼ ਬਣਾ ਹਵਾ ਵਿੱਚ ਲਹਿਰਾਇਆ ਸੀ।

ਅਜਿਹੀ ਨੇਕ ਸਲਾਹ ਚੰਡੀਗੜ੍ਹ ਡਾ. ਤਾਰਾ ਸਿੰਘ ਸੰਧੂ ਨੇ ਦਿੱਤੀ ਸੀ, "ਹੁਣ ਵਿਚਾਰਾਂ 'ਚ ਪੈਣ ਦੀ ਲੋੜ ਨੀ। ਐਵੇਂ ਟਾਈਮ ਖਰਾਬ ਕਰਨ ਦਾ ਕੋਈ ਫਾਇਦਾ ਨਹੀਂ। ਮੈਨੂੰ ਪਤਾ ਇਹਨਾਂ ਲੋਕਾਂ ਦਾ। ਇਹਨਾਂ ਦੀ ਧੌਣ ਵਿੱਚ ਜਾਤ ਦਾ ਕਿੱਲਾ ਫਸਿਆ। ਉੱਚੀ ਜਾਤ ਦਾ ਰੰਘੜਊ ਇਹਨਾਂ ਦੇ ਦਿਮਾਗ ਸਿੱਧੇ ਪਾਸੇ ਨੀ ਆਉਣ ਦਿੰਦਾ।...ਬੱਸ ਆਸੇ ਪਾਸੇ ਹੋਜੋ ਚਾਰ ਦਿਨ। ਵੱਧ-ਘੱਟ ਹੋਊ-ਅਸੀਂ ਬੈਠੇ ਹਾਂ।" ਤਾਰੇ ਨੇ ਸਾਡੇ ਹੌਸਲੇ ਨੂੰ ਹੋਰ ਮਜ਼ਬੂਤੀ ਦੇ ਦਿੱਤੀ ਸੀ।

"ਵਾਰਸ਼ ਸ਼ਾਹ ਨਾ ਮੁੜਾਂਗੀ ਰਾਝਣੇ ਤੋਂ ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ....।" ਮੈਂ ਹੌਲੀ ਜਿਹੇ ਸਾਥੀ ਦੇ ਕੰਨ ਵਿੱਚ 'ਚ ਆਖਿਆ ਤਾਂ ਮੁਸਕਰਾਹਟ ਆਪ ਮੁਹਾਰੇ ਉਸਦੇ ਹਿਰਾਸੇ ਪਏ ਚਿਹਰੇ ਤੇ ਫੈਲ ਗਈ।

ਤੇ ਇੰਜ ਅਸੀਂ ਉਡਾਨ ਭਰਨ ਲਈ ਦੁਆਲੇ ਖੰਭ ਬੰਨ੍ਹ ਲਏ।

****

ਦੇਸ਼ ਦੀ ਅਰਥ ਵਿਵਸਥਾ ਨੂੰ ਉਦੋਂ ਅੱਜ ਵਾਲਾ ਸਿੰਘ ਇਜ਼ ਕਿੰਗ ਭਾਵ ਮਨਮੋਹਨ ਸਿੰਘ ਬਤੌਰ ਵਿੱਤ ਮੰਤਰੀ ਤੋਰ ਰਿਹਾ ਸੀ। ਜਦੋਂ ਦੇਸ਼ ਵਿੱਚ ਨਵੀਆਂ ਵਿੱਤੀ ਪਾਲਸੀਆਂ ਲਾਗੂ ਕਰਕੇ ਦੇਸ਼ ਦੀ ਅਰਥ ਵਿਵਸਥਾ ਨੂੰ ਸੁਧਾਰਨ ਦੇ ਦਾਅਵੇ ਹੋ ਰਹੇ ਸਨ, ਮੈਂ ਤੇ ਮੇਰੀ ਸਾਥਣ ਮਨਮੋਹਨ ਸਿੰਘ ਦੀ ਉਸੇ ਦਿੱਲੀ ਦੀਆਂ ਸੜਕਾਂ 'ਤੇ ਆਪਣੀ ਡਿਕਡੋਲੇ ਖਾਂਦੀ ਆਰਥਿਕਤਾ ਨੂੰ ਪੈਰਾਂ ਸਿਰ ਕਰਨ ਲਈ, ਫਾਕਾ ਮਸਤੀ ਕਰ ਰਹੇ ਸਾਂ। ਆਵਾਰਗੀ ਦੇ ਇਹਨੀਂ ਦਿਨੀਂ ਅਸੀਂ ਇੱਕ ਦਿਨ ਅੰਮ੍ਰਿਤਾ ਪ੍ਰੀਤਮ ਨੂੰ ਉਸਦੇ ਘਰ ਕੇ-25 ਹੌਜ ਖਾਸ ਜਾ ਮਿਲੇ ਸਾਂ। ਅੰਮ੍ਰਿਤਾ ਦੇ ਹਰਿਆਲੀ ਨਾਲ ਭਰੇ ਘਰ ਦੇ ਦਰਵਾਜ਼ੇ 'ਤੇ ਇਮਰੋਜ਼ ਨੇ ਖਾਮੋਸ਼ ਮੁਸਕਾਣ ਨਾਲ ਸਾਨੂੰ ਜੀ ਆਇਆਂ ਆਖਿਆ। ਉਹ ਸਾਨੂੰ ਅੰਦਰ ਲੈ ਗਿਆ। ਘਰ ਅੰਦਰ ਸਕੂਨ ਦੇਣ ਵਾਲੀ ਸ਼ਾਂਤੀ ਸੀ। ਦਿੱਲੀ ਸ਼ਹਿਰ ਦੀ ਨਾ ਮੁਕਣ ਵਾਲੀ ਦੌੜ-ਭੱਜ ਦਾ, ਰੌਲੇ-ਰੱਪੇ ਦਾ ਜਿਵੇਂ ਕੋਈ ਅਸਰ ਹੀ ਨਹੀਂ ਸੀ। ਜਿਵੇਂ ਅਸੀਂ ਮੱਕੇ ਦਾ ਹੱਜ ਕਰ ਲਿਆ ਹੋਵੇ। ਅੰਮ੍ਰਿਤਾ ਦੀ ਮੰਦ-ਮੰਦ ਮੁਸਕਾਣ ਨੇ ਇੱਕ ਵਾਰ ਸਾਰੀਆਂ ਚਿੰਤਾਵਾਂ ਮੱਥੇ ਤੋਂ ਪੂੰਝ ਸੁੱਟੀਆਂ।

"-ਲੱਗਦਾ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਫੈਸਲਾ ਲੈ ਲਿਆ।" ਇਮਰੋਜ਼ ਦੇ ਬੋਲਾਂ ਵਿੱਚੋਂ ਡੂੰਘੀ ਅਪਣਤ ਝਲਕੀ।

"....ਠੀਕ ਐ......ਬੱਸ ਛੇਤੀ-ਛੇਤੀ ਜ਼ਿੰਦਗੀ ਸ਼ੁਰੂ ਕਰੋ। ਛੇਤੀ ਤੋਂ ਛੇਤੀ ਬੱਚਾ ਪੈਦਾ ਕਰੋ.....ਹੌਲੀ-ਹੌਲੀ ਸਭ ਠੀਕ ਹੋਜੂ।" ਅੰਮ੍ਰਿਤਾ ਪ੍ਰੀਤਮ ਦੇ ਬੋਲ ਧੀਮੇ ਪਰ ਹੌਂਸਲਾ ਵੱਡਾ ਕਰਨ ਵਾਲੇ ਸਨ। ਫਿਰ ਉਸਨੇ ਸਾਨੂੰ ਮਾਹਿਲਪੁਰ ਵਾਲੇ ਪ੍ਰੋ. ਅਜੀਤ ਦੇ ਵਿਆਹ ਵਾਲਾ ਕਿੱਸਾ ਸੁਣਾਇਆ ਕਿ ਕਿਵੇਂ ਉਸਦੇ ਅੰਤਰਜਾਤੀ ਵਿਆਹ ਦੀ ਗੂੰਜ ਦਿੱਲੀ ਵਿਖੇ ਪ੍ਰਧਾਨ ਮੰਤਰੀ

ਇੰਦਰਾ ਗਾਂਧੀ ਦੇ ਨਿਵਾਸ ਤੱਕ ਜਾ ਪੁੱਜੀ ਸੀ। ਅੰਮ੍ਰਿਤਾ ਦੇ ਸ਼ਬਦ ਸੁਣਦਿਆਂ ਮੈਨੂੰ ਚੰਡੀਗੜ੍ਹ ਵਾਲੀ ਰਮਾ ਭੂਆ ਯਾਦ ਆ ਗਈ ਸੀ। ਉਸਨੇ ਇੱਕ ਵਾਰ ਮੈਨੂੰ ਕਿਹਾ ਸੀ, "ਤੁਸੀਂ ਦੋਵੇਂ ਵਿਆਹ ਕਰਵਾਉਣ ਲਈ ਬਜ਼ਿਦ ਹੋ। ਪੇਰੈਂਟਸ ਤੋਂ ਬਾਗੀ ਹੋਕੇ। ਕੱਲ੍ਹ ਨੂੰ ਉਹ ਕਹੇਗੀ ਮੈਂ ਤਾਂ ਤੇਰੀ ਖਾਤਰ ਆਪਣੇ ਘਰ ਵਾਲੇ ਛੱਡ ਦਿੱਤੇ...ਤੂੰ ਵੀ ਛੱਡ। ਇੰਜ ਤਾਂ...।" ਮੈਂ ਰਮਾ ਦੇ ਮੂੰਹ ਵੱਲ ਖਾਲੀ-ਖਾਲੀ ਝਾਕਦਾ ਰਹਿ ਗਿਆ ਸਾਂ। ਉਸਦੀ ਭਾਵਨਾ ਪਤਾ ਨਹੀਂ ਕੀ ਸੀ। ਉਹ ਕੀ ਕਹਿਣਾ ਚਾਹੁੰਦੀ ਸੀ?

"-ਜੀਹਨੇ ਆਪ ਵਿਆਹ ਨੀ ਕਰਾਇਆ......ਦੂਜਿਆਂ ਨੂੰ ਕਿੱਥੇ ਜਰਦੀ ਐ।" ਰਮਾ ਭੂਆ ਦੇ ਘਰੋਂ ਆਉਂਦਿਆਂ ਸਾਰੇ ਰਾਹ 'ਉਹ' ਤੜਪਦੀ ਰਹੀ ਸੀ। ਹੁਣ ਅੰਮ੍ਰਿਤਾ ਦੇ ਘਰ ਵੀ ਝਕਦੇ-ਝਕਦੇ ਆਏ ਸਾਂ ਪ੍ਰੰਤੂ ਉਸਦੇ ਨਿੱਘੇ ਹੁੰਗਾਰੇ ਨੇ ਘਰੋਂ ਭਗੌੜੇ ਹੋਣ ਦਾ ਸਾਰਾ ਗਮ ਲਾਹ ਦਿੱਤਾ ਸੀ। ਅੰਮ੍ਰਿਤਾ ਦੇ ਘਰ ਬੈਠਿਆਂ ਮੈਨੂੰ ਮਨਾਵਾਂ ਵਾਲੇ ਕੋਮਲ ਸਿੰਘ ਦੀ ਜੀਵਨ ਸਾਥੀ, ਪੰਜਾਬ ਸਕੂਲ ਸਿਖਿਆ ਬੋਰਡ ਵਾਲੀ ਦੀਦੀ ਅਮਰਜੀਤ ਵੀ ਬੜੀ ਯਾਦ ਆਈ। ਉਸਨੇ ਵੀ ਸਾਡੇ ਇਸ਼ਕ ਨੂੰ ਇੰਜ ਹੀ ਥਾਪੜਾ ਦਿੱਤਾ ਸੀ,

"-ਕੁੜੀਏ......ਮੈਂ ਜਾਊਂ ਥੋਡੇ ਘਰੇ। ਮੈਂ ਪੁਛੂੰ ਥੋਨੂੰ ਬਿਮਾਰੀ ਕੀ ਐ?"

"......ਦੀਦੀ ਐਵੇਂ ਨਾ ਲੱਤਾਂ ਤੁੜਵਾ ਆਇਓ।" ਮੋਗੇ ਵਾਲੇ ਦਲਜੀਤ ਕਾਮਰੇਡ ਨੇ ਕਿਹਾ ਸੀ।

"-ਮੈਂ ਵੀ ਮਲਵੈਣ ਜੱਟੀ ਆਂ...ਮੇਰਾ ਨੀ ਵਿਗਾੜ ਸਕਦੇ ਕੁਛ। ਮੈਂ ਤਾਂ ਪੁੱਛਣਾ, ਗੁਰਮੀਤ 'ਚ ਕੀ ਭੈੜ ਆ....ਐਨਾ ਸਾਊ ਮੁੰਡਾ.......।"

ਤੇ ਹੁਣ ਅੰਮ੍ਰਿਤਾ ਨੇ ਵੀ ਆਖਿਆ ਸੀ, "ਮੁੰਡਾ ਤਾਂ ਜ਼ਹੀਨ ਜਾਪਦੈ....।"

"ਹਾਂ.....।" ਉਹ ਮੇਰੇ ਵੱਲ ਵੇਖ ਮੰਦ-ਮੰਦ ਮੁਸਕਰਾਈ ਸੀ।

"ਫੇਰ ਕੰਮ ਬਾਰੇ ਕੀ ਸੋਚਿਆ?" ਅਸੀਂ ਦੋਵੇਂ ਦੀਦੀ ਅੰਮ੍ਰਿਤਾ ਵੱਲ ਹੈਰਾਨੀ ਨਾਲ ਝਾਕੇ। ਅੰਮ੍ਰਿਤਾ ਨੂੰ ਸਾਡੀ ਇਸ 'ਮੁਸ਼ਕਲ' ਬਾਰੇ ਕਿਵੇਂ ਪਤਾ ਲੱਗ ਗਿਆ ਸੀ।

"-ਪੰਜਾਬ ਤਾਂ ਹਜੇ ਜਾ ਨਹੀਂ ਸਕਦੇ...ਇਥੇ ਮਹਾਂਨਗਰ ਵਿੱਚ.....?" ਮੇਰੇ ਕੋਲ ਸਪੱਸ਼ਟ ਜੁਆਬ ਕੋਈ ਨਹੀਂ ਸੀ।

"-ਤੁਸੀਂ ਡਾ. ਨੂਰ ਸਾਹਿਬ ਕੋਲ ਜਾਇਓ...ਉਹ ਤੁਹਾਡਾ ਹੱਲ ਕਰ ਦੇਊ। ਬੜੀ ਚੱਲਦੀ ਉਹਦੀ-ਪਟੜੀ ਫੇਰ। ਐਥੇ ਦਿਲੀ ਤਾਂ ਉਸਨੂੰ ਪੁੱਛਕੇ ਗੱਲ ਹੁੰਦੀ ਐ। ਉਸਦਾ ਹੀ ਹੁਕਮ ਚਲਦੈ। ਹਾਂ, ਫੋਨ ਕਰਕੇ ਜਾਇਓ....ਉਹ ਬਿਜੀ ਬਹੁਤਾ ਰਹਿੰਦੈ। ਮੈਂ ਵੀ ਉਸਨੂੰ ਫੋਨ ਕਰ ਦੇਊਂ...।"

ਫਿਰ ਅੰਮ੍ਰਿਤਾ ਨੇ ਸਾਨੂੰ ਆਪਣਾ ਘਰ ਦਿਖਾਇਆ। ਸਲੀਕੇ ਨਾਲ ਹਰ ਚੀਜ਼ ਥਾਂ-ਟਿਕਾਣੇ। ਸਾਰਾ ਹੀ ਘਰ ਇਮਰੋਜ਼ ਦੀਆਂ ਬਣਾਈਆਂ ਪੇਂਟਿੰਗਾਂ ਨਾਲ ਸ਼ਿੰਗਾਰਿਆ ਪਿਆ ਸੀ। ਡਿਊੜੀ ਵਿੱਚ ਬਿਲਕੁਲ ਸਾਹਮਣੇ ਇਮਰੋਜ਼ ਵਲੋਂ ਬਣਾਈ ਅੰਮ੍ਰਿਤਾ ਦੀ ਤਸਵੀਰ ਟੰਗੀ ਹੋਈ ਸੀ। ਅੰਮ੍ਰਿਤਾ-ਇਮਰੋਜ਼ ਨੇ ਸਾਨੂੰ ਆਪਣੀ ਪੁਸਤਕ 'ਜੰਗਲੀ ਬੂਟੀ' ਭੇਟ ਕੀਤੀ। ਅਸੀਂ ਆਪਣੀ ਡਾਇਰੀ ਵਿੱਚ ਅੰਮ੍ਰਿਤਾ-ਇਮਰੋਜ਼ ਦੇ ਆਟੋਗ੍ਰਾਫ ਲੈ ਲਏ। ਸ਼ਾਮੀਂ ਜਦੋਂ ਅਸੀਂ ਉਹਨਾਂ ਕੋਲੋਂ ਵਿਦਾ ਲਈ ਆਪਣੇ ਆਪ ਨੂੰ ਭਰੇ-ਭਰੇ ਮਹਿਸੂਸ ਕਰ ਰਹੇ ਸਾਂ।

ਅਗਲੇ ਹੀ ਦਿਨ ਅਸੀਂ ਡਾ. ਸਤਿੰਦਰ ਸਿੰਘ ਨੂਰ ਦੇ ਵਿਜੇ ਨਗਰ ਵਾਲੇ ਘਰ ਦਾ ਬੂਹਾ ਜਾ ਖੜਕਾਇਆ। ਨੂਰ ਸਾਹਿਬ ਜਿਵੇਂ ਪਹਿਲਾਂ ਹੀ ਉਡੀਕ ਰਹੇ ਸਨ।

"ਆਓ-ਆਓ ਗੁਰਮੀਤ.....ਤੁਹਾਡੀ ਹੀ ਵੇਟ ਕਰ ਰਿਹਾ ਸੀ। ਕੱਲ੍ਹ ਅੰਮ੍ਰਿਤਾ ਦਾ ਵੀ ਫੋਨ ਆ ਗਿਆ ਸੀ।"



"-ਮੈਂ ਕਹਾਣੀ ਲਿਖਦਾਂ..ਇਹ ਕਵਿਤਾਵਾਂ।" ਮੈਂ ਝਕਦਿਆਂ-ਝਕਦਿਆਂ ਆਪਣੇ ਬਾਰੇ ਜਾਣਕਾਰੀ ਦੇਣੀ ਚਾਹੀ।

"-ਗੁਰਮੀਤ ਮੈਂ ਤੈਨੂੰ ਪੜ੍ਹਿਆ ਹੋਇਆ....ਅਜੇ ਲੇਟੇਸਟ ਤੇਰੀ ਕਹਾਣੀ ਪੜ੍ਹ ਕੇ ਹਟਿਆਂ ਪੰਜਾਬੀ ਟ੍ਰਿਬਿਊਨ ਵਾਲੀ। ਤੇਰੀਆਂ 'ਨਾਗਮਣੀ' ਵਾਲੀਆਂ ਕਹਾਣੀਆਂ ਵੀ ਮੈਂ ਪੜ੍ਹੀਆਂ।" ਡਾ. ਨੂਰ ਨੇ ਮੇਰੇ ਨਾਲ ਮੇਰੀਆਂ ਕਹਾਣੀਆਂ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਮੇਰੀ ਖੁਸ਼ੀ ਦਾ ਜਿਵੇਂ ਕੋਈ ਪਾਰਾਵਾਰ ਹੀ ਨਹੀਂ ਸੀ। ਐਡੀ ਵੱਡੀ ਸਾਹਿਤਕ ਸ਼ਖ਼ਸੀਅਤ ਮੈਨੂੰ ਜਾਣਦੀ ਸੀ। ਮੈਨੂੰ ਆਪਣਾ ਆਪ ਆਮ ਤੋਂ ਖਾਸ ਹੋ ਗਿਆ ਲੱਗਾ। ਫਿਰ ਨੂਰ ਦੀਆਂ ਗੱਲਾਂ ਦਾ ਵਿਸ਼ਾ ਕਵਿਤਾਵਾਂ ਵੱਲ ਹੋ ਗਿਆ।

"-ਤੂੰ ਤਾਂ ਭਾਈ ਸਾਡੇ ਪਿੰਡਾਂ ਦੀ ਕੁੜੀ ਏਂ। ਵੱਡੇ ਘਰ ਮੇਰੇ ਨਾਨਕੇ ਨੇ। ਮੇਰਾ ਪਿੰਡ ਧੂੜਕੋਟ ਐ।" ਨੂਰ ਸਾਹਿਬ ਨੂੰ ਜਿਵੇਂ ਪਰਦੇਸਾਂ ਵਿੱਚ ਕੋਈ ਆਪਣਾ ਮਿਲ ਗਿਆ ਹੋਵੇ। ਫਿਰ ਉਸਨੇ ਸਾਡੇ ਦੋਵਾਂ ਦੀ ਵਿਦਿਅਕ ਯੋਗਤਾ ਪੁੱਛੀ।

"ਬਤਰਾ ਕੱਲ੍ਹ ਨੂੰ ਤੁਹਾਡੇ ਕੋਲ ਕੜਿਆਲਵੀ ਆਊ। ਇਹਨੂੰ ਪੰਜਾਬੀ ਅਕਾਦਮੀ ਵਿੱਚ ਕਿਧਰੇ ਐਡਜਸਟ ਕਰਨਾ ਐ।" ਡਾ. ਨੂਰ ਨੇ ਪੰਜਾਬੀ ਅਕਾਦਮੀ ਦੇ ਸੱਕਤਰ ਸ੍ਰੀ ਪ੍ਰੀਤਮ ਸਿੰਘ ਬਤਰਾ ਨੂੰ ਫੋਨ ਕਰ ਦਿੱਤਾ ਸੀ। ਫਿਰ ਉਸਨੇ ਬਤਰੇ ਦੀ ਮਿਸਜ਼ ਜੋ ਦਿੱਲੀ ਐਸਕਾਰਟ ਹਸਪਤਾਲ ਵਿੱਚ ਨਰਸਿੰਗ ਵਿਭਾਗ ਦੀ ਹੈੱਡ ਸੀ, ਨੂੰ ਫੋਨ ਮਿਲਾਕੇ ਨਰਸ ਦੀ ਨੌਕਰੀ ਦਾ ਵਸੀਲਾ ਬਣਾਉਣ ਲਈ ਆਖ ਦਿੱਤਾ ਸੀ। ਡਾ. ਨੂਰ ਨੇ ਪਲੋ-ਪਲੀ ਸਾਰੀ ਦਿੱਲੀ ਵਿੱਚ ਸਾਡੇ ਰੁਜ਼ਗਾਰ ਦਾ ਪ੍ਰਬੰਧ ਕਰਨ ਲਈ ਫੋਨ ਖੜਕਾ ਦਿੱਤੇ ਸਨ।

****

ਜਦੋਂ ਦਿੱਲੀ ਆਏ ਸਾਂ, ਸੋਚਦੇ ਸਾਂ ਐਡੇ ਵੱਡੇ ਮਨੁੱਖੀ ਸਿਰਾਂ ਦੇ ਸਮੁੰਦਰ ਵਿੱਚ ਸਾਡਾ ਕੌਣ ਐ? ਕਿੰਨਾ ਕੁ ਚਿਰ ਭਟਕਦੇ ਰਹਾਂਗੇ ਰਾਜਧਾਨੀ ਦੀਆਂ ਸੜਕਾਂ ਉਪਰ। ਮੰਤਰੀਆਂ ਦੇ ਬੰਗਲਿਆਂ ਵੱਲ ਖਾਲੀ-ਖਾਲੀ ਨਜ਼ਰਾਂ ਨਾਲ ਝਾਕਦੇ। ਪਰ ਸਾਹਿਤਕ ਸੰਸਾਰ ਦੇ ਦੋ ਅਕਾਸ਼ਾਂ ਅੰਮ੍ਰਿਤਾ ਅਤੇ ਡਾ. ਨੂਰ ਨੂੰ ਮਿਲਕੇ ਸਾਰੇ ਦੁੱਖ ਭੁੱਲ ਗਏ ਸਨ। ਇੰਜ ਜਾਪਣ ਲੱਗਾ ਸੀ ਜਿਵੇਂ ਸਾਰੀ ਦਿੱਲੀ ਸਾਡੀ ਆਪਣੀ ਹੋਵੇ।


***ਚੌਥੀ ਪੀੜ੍ਹੀ ਦੇ ਸਮਰੱਥ ਕਥਾਕਾਰ***

***ਭਗਵੰਤ ਰਸੂਲਪੁਰੀ ਦਾ ਨਵਾਂ ਕਹਾਣੀ ਸੰਗ੍ਰਹਿ***

**ਮਰਨ ਰੁੱਤ**

ਭਗਵੰਤ ਰਸੂਲਪੁਰੀ ਨੇ ਅੰਬੇਦਕਰਵਾਦੀ ਕਹਾਣੀ ਦੇ ਨਵੇਂ ਪਸਾਰਾਂ ਨੂੰ ਛੂਹ ਕੇ ਸਮੁੱਚੀ ਪੰਜਾਬੀ ਕਹਾਣੀ ਨੂੰ ਥੀਮਕ ਅਤੇ ਰੂਪਕੀ ਤੌਰ 'ਤੇ ਵਿਸਤਾਰਿਆ ਹੈ। ਆਦਿ ਡੰਕਾ, ਲੰਘ ਚੱਲੀ, ਮਰਨ ਰੁੱਤ, ਗੰਧ ਆਦਿ ਕਹਾਣੀਆਂ ਦਾ ਵਿਸਥਾਰ ਅਤੇ ਵਿਵੇਕ ਬਹੁਤ ਸਾਰੇ ਪ੍ਰਸ਼ਨ ਖੜ੍ਹੇ ਕਰਦਾ ਹੈ। ਇਹੋ ਇਨ੍ਹਾਂ ਦੀ ਇਤਿਹਾਸਕ ਮਹੱਤਤਾ ਹੈ।

**-ਡਾ. ਜੋਗਿੰਦਰ ਸਿੰਘ ਨਿਰਾਲਾ**

# ਤਾਏ ਲੰਡੇ ਦਾ ਇਸ਼ਕ/ਸੁਖਰਾਜ ਧਾਲੀਵਾਲ

"ਕੋਹੜਿਆ ਸ਼ਹਿਰੀ ਹੋ ਗਿਐਂ, ਸਦੀਆਂ ਬੀਤ ਗਈਆਂ ਪਿੰਡ ਕਦੇ ਗੇੜਾ ਨ੍ਹੀਂ ਮਾਰਿਆ।" ਤਾਏ ਲੰਡੇ ਨੇ ਫੋਨ ਉਪਰ ਮੈਨੂੰ ਮਿਠਾ ਮਿਹਣਾ ਮਾਰਿਆ। ਗੱਲ ਕੁਝ ਹੱਦ ਤੱਕ ਸੱਚੀ ਵੀ ਸੀ। ਦੋ ਸਾਲਾਂ ਤੋਂ ਮੈਂ ਘਰ ਬਣਾਉਣ ਵਿਚ ਰੁਝਿਆ ਹੋਣ ਕਰਕੇ ਪਿੰਡ 'ਚੰਗੀ ਤਰ੍ਹਾਂ' ਨਹੀਂ ਸੀ ਜਾ ਸਕਿਆ। ਘਰ ਬੇਸ਼ੱਕ ਮੁਕੰਮਲ ਹੋ ਗਿਆ ਸੀ ਪਰ ਐਤਵਾਰ ਨੂੰ ਵੀ ਪਿੰਡ ਜਾਣ ਦੀ ਵਿਹਲ ਨਹੀਂ ਸੀ ਮਿਲਦੀ। ਦੂਸਰਾ ਕਾਰਣ ਮੇਰਾ ਪਿੰਡ ਬਾਪੂ ਤੇ ਛੋਟੇ ਭਾਈ ਨਾਲ ਕੁਝ ਮਨ-ਮਟਾਵ ਵੀ ਸੀ। ਉਨ੍ਹਾਂ ਨੇ ਪਲਾਟ ਲੈਣ ਤੇ ਘਰ ਬਨਾਉਣ ਵਿਚ ਮੇਰੀ ਕਿਸੇ ਤਰ੍ਹਾਂ ਦੀ ਮੱਦਦ ਨਹੀਂ ਸੀ ਕੀਤੀ।

– "ਤਾਇਆ ਐਤਕੀਂ ਐਤਵਾਰ ਜ਼ਰੂਰ ਆਊਂ, ਪੱਕਾ, ਘਰੇ ਤੇ ਪਿੰਡ ਸੁਖ-ਸ਼ਾਨਤੀ ਐ ?" ਮੈਂ ਜਾਣ ਦਾ ਵਾਅਦਾ ਕਰਕੇ ਉਹਨੂੰ ਪਿੰਡ ਦੀ ਖੈਰ-ਸੁਖ ਪੁੱਛੀ।

– "ਕਾਟੋ ਫੁੱਲਾਂ ਤੇ ਖੇਡਦੀ ਐ, ਪਿੰਡ ਸੌਖਾ ਵਸਦਾ ਤੇ ਲੰਡਾ ਮੌਜ਼ਾਂ ਕਰਦਾ-ਚੰਗਾ ਬਾਕੀ ਗੱਲਾਂ ਮਿਲਣ ਤੇ।" ਕਹਿ ਕੇ ਤਾਇਆ ਫੋਨ ਕੱਟ ਦਿੰਦਾ ਹੈ।

ਤਾਇਆ ਲੰਡਾ ਮੇਰੇ ਬਾਪ ਦੇ ਚਾਚੇ ਦੇ ਚਾਰਾਂ ਪੁੱਤਾਂ ਵਿਚ ਦੋਹਾਂ ਤੋਂ ਛੋਟਾ ਤੀਜੇ ਥਾਂ ਤੇ ਐ, ਇਕ ਉਸਦਾ ਛੋਟਾ ਭਾਈ ਐ। ਪੱਕਾ ਨਾਂ ਮੱਖਣ ਸਿੰਘ ਐ ਪਰ ਸਾਰਾ ਪਿੰਡ ਉਹਨੂੰ 'ਲੰਡਾ' ਕਰਕੇ ਈ ਜਾਣਦੈ। ਸਾਰੇ ਭਾਈ ਸਮੇਂ ਸਿਰ ਵਿਆਹੇ ਗਏ ਪਰ ਮੱਖਣ ਸਿਉਂ ਛੜਾ ਰਹਿ ਗਿਆ ਜਾਂ ਰੱਖ ਦਿੱਤਾ। ਭਰਾਵਾਂ ਦਾ ਵੱਡਾ ਕਸੂਰ ਇਹ ਐ ਕਿ ਉਹ ਚਾਹੁੰਦੇ ਈ ਨਹੀਂ ਸੀ ਕਿ ਲੰਡੇ ਦਾ ਵਿਆਹ ਹੋ ਜਾਵੇ ਤੇ ਤਾਇਆ ਲੰਡਾ ਵੀ ਬਹੁਤਾ ਧਿਆਨ ਨਹੀਂ ਦਿੰਦਾ ਜਾਂ ਵਿਆਹ ਦੀ ਲੋੜ ਮਹਿਸੂਸ ਨਹੀਂ ਸੀ ਕਰਦਾ। ਤਾਏ ਦੀ ਵੱਡੀ ਗੱਲ ਇਹ ਐ ਕਿ ਉਹ ਨਾ ਭੂਤਕਾਲ ਦੀ ਚਿੰਤਾ ਕਰਦਾ, ਨਾ ਭਵਿੱਖ ਦਾ ਫਿਕਰ। ਉਹਨੂੰ ਤਾਂ ਵਰਤਮਾਨ ਹੀ ਸਭ ਤੋਂ ਉੱਤਮ ਸਮਾਂ ਮਹਿਸੂਸ ਹੁੰਦਾ, ਖਾ ਲਿਆ, ਪੀ ਲਿਆ ਤੇ ਮੌਜ ਮਸਤੀ ਕਰ ਲਈ। ਤਾਏ ਦੇ ਬਾਪ ਸੱਜਣ ਸਿਉਂ (ਤਾਏ ਦਾ ਬਾਪੂ ਮੇਰੇ ਦਾਦੇ ਦਾ ਛੋਟਾ ਭਰਾ ਸੀ) ਨੇ ਉਹਦੇ ਵਿਆਹ ਦੀ ਖਾਤਿਰ ਬੜੇ ਪਾਪੜ ਵੇਲੇ ਪਰ ਗੱਲ ਸਿਰੇ ਨਾ ਚੜ੍ਹੀ ਜਾਂ ਤਾਏ ਨੇ ਚੜ੍ਹਨ ਨਾ ਦਿੱਤੀ। ਤਾਇਆ ਆਪਣੇ ਇਸ਼ਕ ਦੇ ਕਿੱਸਿਆਂ ਕਰਕੇ ਸਾਰੇ ਪਿੰਡ ਵਿੱਚ ਮਸ਼ਹੂਰ ਐ। ਮਹੀਨੇ ਵਿਚ ਉਹ ਮਸਾਂ ਪੰਜ-ਸੱਤ ਦਿਨ ਘਰੇ ਵੜਦਾ, ਬਾਕੀ ਦੇ ਦਿਨ ਤੋਰੇ ਫੇਰੇ ਤੇ ਹੀ ਰਹਿੰਦਾ। ਤਾਏ ਦੇ ਇਸ਼ਕ ਦੀਆਂ ਬਾਤਾਂ ਘਰੋਂ-ਘਰੀਂ ਹੁੰਦੀਆਂ। ਜਦੋਂ ਮੈਂ ਸਕੂਲੇ ਪੜ੍ਹਦਾ ਹੁੰਦਾ ਸੀ ਤਾਂ ਤਾਇਆ ਉਸ ਸਮੇਂ ਜਵਾਨੀ ਦੀ ਉਮਰ ਵਿਚ ਪੈਰ ਰੱਖਦਾ ਸੀ। ਉਹ ਜਦੋਂ ਪਟੇ ਵਾਹ ਕੇ, ਠੱਪੀ ਦਾਹੜੀ ਤੇਲ ਨਾਲ ਚੋਪੜ ਕੇ, ਚਿੱਟਾ ਚਾਦਰਾ ਤੇ ਕਲੀਆਂ ਵਾਲਾ ਕੁੜਤਾ ਪਹਿਨ ਕੇ, ਅੱਖਾਂ ਵਿਚ ਸੁਰਮਾ ਤੇ ਪਿੰਡੇ ਤੇ ਅਤਰ ਲਾ ਕੇ ਘਰੋਂ ਨਿਕਲਦਾ ਤਾਂ ਲੋਕਾਂ ਤੇ ਭਰਜਾਈਆਂ ਨੇ ਪਿੱਠ ਪਿੱਛੇ ਕਹਿਣਾ,

–'ਅੱਜ ਖੈਰ ਨਹੀਂ, ਲੰਡਾ ਨਵੇਂ ਸ਼ਿਕਾਰ ਤੇ ਚੱਲਿਐ।' ਤਾਏ ਨੇ ਜੇ ਸੁਣ ਵੀ ਲੈਣਾ ਤਾਂ ਅੱਖਾਂ ਮਟਕਾ ਕੇ ਜਵਾਬ ਦਿੰਦਿਆਂ ਛੰਦ ਬੋਲਣਾ,

–'ਜ਼ਿੰਦਗੀ ਚਾਰ ਦਿਹਾੜੇ,
ਜਿਉ ਲੈ ਬੰਦਿਆ ਜੀ ਭਰ ਕੇ,
ਜੋੜਿਆ ਧਨ ਨਹੀਂ ਕੰਮ ਆਉਣਾ ਉਏ,
ਖਾ ਲੈ ਬੰਦਿਆ ਜੀ ਭਰ ਕੇ
ਇਕ ਦਿਨ ਏਸ ਜਹਾਨੋਂ ਖਾਲੀ ਹੱਥੀਂ ਤੁਰ ਜਾਣਾ,
ਵਕਤ ਹੰਢਾ ਲੈ ਬੰਦਿਆ ਜੀ ਭਰ ਕੇ।'



ਇਹ ਬੰਦ ਤਾਏ ਨੇ ਪਤਾ ਨਹੀਂ ਆਪ ਜੋੜਿਆ ਜਾਂ ਕਿਸੇ ਤੋਂ ਸੁਣਿਆ, ਪਰ ਉਹ ਹਮੇਸ਼ਾ ਇਹੋ ਹੀ ਗਾਉਂਦਾ ਹੈ।

ਤਾਇਆ ਅਸਲ ਵਿਚ ਮੇਰਾ ਚਾਚਾ ਲੱਗਦਾ ਹੈ, ਉਹ ਉਮਰ ਵਿਚ ਮੇਰੇ ਬਾਪ ਤੋਂ ਛੋਟਾ ਹੈ। ਪਰ ਉਸਦਾ ਨਾਮ 'ਤਾਇਆ ਲੰਡਾ' ਮੇਰੇ ਦਾਦੇ ਨੇ ਪਕਾਇਆ ਹੈ। ਅਸਲ ਵਿਚ ਤਾਇਆ ਅੱਠਵੀਂ ਵਿਚੋਂ ਹੱਟ ਕੇ ਟਰੱਕ ਡਰੈਵਰਾਂ ਨਾਲ ਕਲਕੱਤੇ ਭੱਜ ਗਿਆ ਸੀ। ਦੋ ਮਹੀਨੇ ਧੱਕੇ ਖਾ ਕੇ ਮੁੜਿਆ ਤਾਂ ਤਰ੍ਹਾਂ-ਤਰ੍ਹਾਂ ਦੇ ਗੱਪ ਮਾਰ ਕੇ ਘਰਦਿਆਂ ਨੂੰ ਭਰਮਾਉਣ ਲੱਗਿਆ ਕਿ ਉਸਨੂੰ ਡਾਕੂ ਚੱਕ ਲੈ ਗਏ ਸੀ। ਉਹ ਤਾਂ ਮਸਾਂ ਉਨ੍ਹਾਂ ਤੋਂ ਬਚਦਾ-ਬਚਾਉਂਦਾ ਆਇਆ ਹੈ। ਮੇਰੇ ਦਾਦੇ ਨੂੰ ਉਸ ਦੀਆਂ ਗੱਪਾਂ ਤੋਂ ਗੁੱਸਾ ਆ ਗਿਆ। ਦਾਦੇ ਨੇ ਉਹਦੇ ਦੋ ਕੰਨ ਤੇ ਲਾਈਆਂ ਤੇ ਗੁੱਸੇ ਵਿਚ ਉਬਲਦਾ ਬੋਲਿਆ, "ਤੂੰ ਸਾਲਿਆ ਲੰਡਿਆ ਸਾਡੇ ਪਿਉ ਤੋਂ ਵੀ ਵੱਡਾ ਸਾਡਾ ਤਾਇਆ ਬਨਦੈ, ਸਾਲਾ ਗੱਪੀ।" ਬੱਸ ਉਸ ਦਿਨ ਤੋਂ ਚਾਚੇ ਮੱਖਣ ਸਿਉਂ ਦਾ ਨਾਮ 'ਤਾਇਆ ਲੰਡਾ' ਪੱਕ ਗਿਆ।

ਤਾਏ ਨੇ ਇਸ਼ਕ ਵੀ ਬੜੇ ਕੀਤੇ, ਕੰਮ ਵੀ ਬਹੁਤ ਵੱਖਰੇ-ਵੱਖਰੇ ਕੀਤੇ। ਤਾਇਆ ਅਜੇ ਪਿੰਡ ਦੇ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਉਹਦਾ ਗੇਂਦੇ ਬਾਣੀਏ ਦੀ ਤੀਵੀਂ ਨਾਲ ਚੱਕਰ ਚੱਲ ਪਿਆ। ਤਾਇਆ ਸਕੂਲੋਂ ਆ ਕੇ ਉਨ੍ਹਾਂ ਦੀ ਹੱਟੀ ਦੇ ਨਿੱਕੇ-ਮੋਟੇ ਕੰਮ ਤੇ ਮੱਝ ਨੂੰ ਪੱਠੇ ਪਾ ਦਿਆ ਕਰੇ। ਬਾਣੀਏ ਦੀ ਘਰਵਾਲੀ ਪ੍ਰੇਮੋ ਕੋਲ ਕੋਈ ਜਵਾਕ ਨਹੀਂ ਸੀ। ਗੇਂਦੇ ਦਾ ਵਿਆਹ ਵੱਡੀ ਉਮਰ ਵਿਚ ਜਾ ਕੇ ਹੋਇਆ ਸੀ ਪਰ ਘਰਵਾਲੀ ਗਰੀਬ ਬਾਣੀਆ ਦੀ ਕੁੜੀ ਹੋਣ ਕਰਕੇ ਗੇਂਦਾ ਪੈਸੇ ਦੇ ਕੇ ਵਿਆਹ ਲਿਆਇਆ। ਗੇਂਦੇ ਦੀ ਘਰਵਾਲੀ ਪ੍ਰੇਮੋ ਨੂੰ ਜਦੋਂ ਮੌਕਾ ਮਿਲਦਾ ਉਹ 'ਤਾਏ ਲੰਡੇ' ਨਾਲ ਗੀਟੇ ਖੇਡਣ ਲੱਗ ਪੈਂਦੀ। ਤਾਇਆ ਸੀ ਤਾਂ ਨਿਆਣਾ ਪਰ ਸਮਝਦਾ 'ਕਈ ਕੁਝ' ਸੀ। ਗੇਂਦਾ ਉਨ੍ਹਾਂ ਵੱਲ ਬਹੁਤਾ ਧਿਆਨ ਨਾ ਦਿੰਦਾ। ਜੇਕਰ ਮੌਕਾ ਮਿਲਦਾ ਤਾਂ ਪ੍ਰੇਮੋ ਤਾਏ ਨੂੰ ਸੰਦੂਕਾਂ ਦੇ ਓਹਨੇ ਲੈ ਜਾਂਦੀ। ਇਕ ਦਿਨ ਗੇਂਦੇ ਨੇ ਦੋਹਾਂ ਨੂੰ ਮੰਜਿਆਂ ਹੇਠ ਲੁਕੇ ਬੈਠੇ ਦੇਖ ਲਿਆ। ਉਹਨੇ ਤਾਏ ਦੀ ਨੰਗਾ ਕਰਕੇ ਚੰਗੀ ਫੈਂਟੀ ਲਾਈ। ਤਾਇਆ ਮਾਰੇ ਚੀਕਾਂ ਕੇ ਮੈਨੂੰ ਕੀ ਪਤਾ 'ਲੁਕਣਮੀਚੀ' ਦੀ ਖੇਡ ਏਵੇਂ ਵੀ ਖੇਡੀ ਜਾਂਦੀ ਐ। ਪ੍ਰੇਮੋ ਜਦੋਂ ਗੜਕੇ ਨਾਲ ਬਾਣੀਏ ਨੂੰ ਬੋਲੀ ਤਾਂ ਉਹਨੇ ਤਾਏ ਨੂੰ ਤਾਂ ਛੱਡ ਦਿੱਤਾ ਪਰ ਪ੍ਰੇਮੋ ਵੰਨੀ ਹੋ ਗਿਆ। ਉਹਨੇ ਬਾਣੀਏ ਨੂੰ ਅੱਗੋਂ ਬਹੁਕਰ ਚੱਕ ਲਈ। ਬਾਣੀਆ ਬੁੜ-ਬੁੜ ਕਰਦਾ ਹੱਟ ਵਿਚ ਵੜ ਗਿਆ। ਤਾਏ ਦੀ ਗੱਲ ਪਿੰਡ ਵਿਚ ਫੈਲੀ ਪਰ ਨਿਆਣਾ ਹੋਣ ਕਰਕੇ ਲੋਕਾਂ ਨੇ ਬਹੁਤਾ ਧਿਆਨ ਨਹੀਂ ਦਿੱਤਾ।

ਤਾਇਆ ਪੰਜਵੀਂ ਪਾਸ ਕਰਕੇ ਗੁਵਾਂਢੀ ਪਿੰਡ ਦੇ ਹਾਈ ਸਕੂਲ ਵਿਚ ਜਾ ਦਾਖਲ ਹੋਇਆ। ਬਾਬੇ ਨੇ ਉਹਨੂੰ ਪੁਰਾਣਾ ਸਾਈਕਲ ਵੀ ਖਰੀਦ ਕੇ ਦੇ ਦਿੱਤਾ। ਤਾਇਆ ਉਸ ਸਮੇਂ ਸੱਤਵੀਂ ਜਮਾਤ ਵਿਚ ਪੜ੍ਹਦਾ ਸੀ ਜਦੋਂ ਉਸ ਦਾ 'ਸੱਚਾ ਇਸ਼ਕ' ਸ਼ੁਰੂ ਹੋਇਆ। ਤਾਏ ਕੋਲ ਉਹ ਖ਼ਤ ਅੱਜ ਵੀ ਪਿਆ ਜਿਹੜਾ ਉਹਨੂੰ ਛਿੰਦਰ ਨਾਂ ਦੀ ਕੁੜੀ ਨੇ ਲਿਖਿਆ ਸੀ। ਤਾਇਆ ਬੜੇ ਉਦਾਸ ਦਿਲ ਨਾਲ ਇਹ ਕਹਾਣੀ ਬਿਆਨ ਕਰਦਾ ਹੈ। ਬੇਸ਼ੱਕ ਇਸ ਖ਼ਤ ਵਿਚ ਕੋਈ ਖਾਸ ਗੱਲ ਨਹੀਂ ਹੈ ਪਰ ਫੇਰ ਵੀ ਤਾਇਆ ਇਸ ਨੂੰ ਮੋਮੀਜਾਮ ਦੇ ਲਫ਼ਾਫ਼ੇ ਵਿੱਚ ਲਪੇਟ ਕੇ ਆਪਣੇ ਬਟੂਏ ਦੀ ਗੁਪਤ ਜੇਬ ਵਿਚ ਰੱਖਦਾ ਹੈ। ਤਾਏ ਨੂੰ ਆਪਣੇ ਇਸ ਇਸ਼ਕ ਦੀ ਅਸਫਲਤਾ ਪਿੱਛੇ ਮਹਿੰਦਰ ਸਿੰਘ ਹਿੰਦੀ ਮਾਸਟਰ ਤੇ 'ਕਾਲੇ ਅਮਲੀ' ਦਾ ਹੱਥ ਲੱਗਦਾ ਸੀ ਤੇ ਬਹੁਤਾ ਗੁੱਸਾ ਕਾਲਾ ਅਮਲੀ ਤੇ ਸੀ। ਉਹ ਤਾਏ ਦਾ ਜਮਾਤੀ ਤੇ ਪੱਕਾ ਯਾਰ ਪਰ ਉਹਨੇ ਤਾਏ ਨਾਲ ਧੋਖਾ ਕੀਤਾ। ਉਹਨੇ ਛਿੰਦਰ ਦੀ ਚਿੱਠੀ ਪੜ੍ਹ ਕੇ ਛਿੰਦਰ ਨੂੰ 'ਅੱਖਾਂ ਦੇ ਇਸ਼ਾਰੇ' ਕਰਨੇ ਸ਼ੁਰੂ ਕਰ ਦਿੱਤੇ। ਜਦੋਂ ਛਿੰਦਰ ਨੇ ਉਹਨੂੰ ਕੋਈ ਰਾਹ ਨਾ ਦਿੱਤਾ ਤਾਂ ਉਹਨੇ ਤਾਏ ਲੰਡੇ ਤੇ ਛਿੰਦਰ ਦੀ ਸ਼ਕਾਇਤ ਹੈੱਡ ਮਾਸਟਰ ਹਰੀ ਰਾਮ ਨੂੰ ਲਾ ਦਿੱਤੀ। ਹਰੀ ਰਾਮ ਨੇ ਹਿੰਦੀ ਦੇ ਮਾਸਟਰ ਮਹਿੰਦਰ ਸਿੰਘ ਦੀ ਡਿਊਟੀ ਛਾਣ-ਬੀਨ ਕਰਨ ਲਈ

ਲਾਈ। ਹਿੰਦੀ ਮਾਸਟਰ ਨੇ ਤਾਏ ਤੋਂ ਚਿੱਠੀ ਮੰਗੀ ਤਾਂ ਤਾਇਆ ਮੁਕਰ ਗਿਆ। ਮਹਿੰਦਰ ਮਾਸਟਰ ਨੇ ਤਾਏ ਨੂੰ ਨੰਗਾ ਕਰਕੇ ਕੁੱਟਿਆ, ਤਾਇਆ ਕੁੱਟ ਦੇ ਸਮੇਂ ਨੂੰ ਯਾਦ ਕਰਕੇ ਹੱਸਦਾ ਦੱਸਦਾ, "ਸਾਲੇ ਮਾਸਟਰ ਨੇ ਕਨੇਰ ਦੇ ਗਿਲੇ ਡੰਡੇ ਨਾਲ ਪ੍ਰੇਮ ਪਿਆਰੀ ਛਿੱਲ ਦਿੱਤੀ, ਕਈ ਦਿਨ ਮੂਧੇ ਮੂੰਹ ਸੌਣਾ ਪਿਆ, ਪਰ ਯਾਰਾਂ ਨੇ ਚਿੱਠੀ ਨ੍ਹੀਂ ਦੱਸੀ ਕਿਥੇ ਐ।" ਤਾਏ ਨੇ ਕਾਲੇ ਅਮਲੀ ਨਾਲ ਬੋਲਣਾ ਬੰਦ ਕਰ ਦਿੱਤਾ। ਛਿੰਦਰ ਸੱਤਵੀਂ ਪਾਸ ਕਰਕੇ ਹੱਟ ਗਈ। ਘਰਦਿਆਂ ਨੇ ਉਹਨੂੰ ਰਾਜਸਥਾਨ ਵਿਚ ਵਿਆਹ ਦਿੱਤਾ। ਤਾਇਆ ਵੀ ਅੱਠਵੀਂ ਵਿੱਚ ਸਕੂਲੋਂ ਨਾਂ ਕਟਾ ਕੇ ਮੱਝਾਂ ਚਾਰਨ ਲੱਗ ਪਿਆ। ਤਾਏ ਨੇ ਮੱਝਾਂ ਚਾਰਨ ਦੇ ਨਾਲ-ਨਾਲ ਕੁਕੜ-ਕੁਕੜੀਆਂ ਤੇ ਕਬੂਤਰ ਪਾਲਣ ਦਾ ਕੰਮ ਵੀ ਸ਼ੁਰੂ ਕਰ ਲਿਆ। ਤਾਏ ਨੂੰ ਕਬੂਤਰ ਪਾਲ ਕੇ ਵੇਚਣ ਤੇ ਬਾਜ਼ੀਆਂ ਤੇ ਜਾਣ ਦਾ ਸ਼ੌਕ ਪੈ ਗਿਆ। ਪਰ ਘਰਦਿਆਂ ਦੇ ਵਿਰੋਧ ਕਰਨ ਤੇ ਤਾਏ ਨੇ ਕਬੂਤਰਾਂ ਦਾ ਸ਼ੌਕ ਤਾਂ ਛੱਡ ਦਿੱਤਾ ਪਰ ਕੁਕੜ-ਵੇਚਣ ਤੇ ਆਂਡੇ ਵੇਚਣ ਦਾ ਕੰਮ ਚਲਾ ਲਿਆ। ਹੌਲੀ ਹੌਲੀ ਤਾਏ ਦਾ ਇਹ ਕੰਮ ਭਰਾਵਾਂ ਨੇ ਫੇਲ੍ਹ ਕਰ ਦਿੱਤਾ ਤਾਂ ਤਾਏ ਨੇ ਠੇਕੇ ਦੀ ਬ੍ਰਾਂਚ ਲੈ ਲਈ ਪਰ ਤਾਏ ਦਾ ਪਿੰਡ ਵਿਚ ਉਧਾਰ ਹੋ ਜਾਣ ਕਰਕੇ ਘਾਟਾ ਪੈ ਗਿਆ।

ਕਬੱਡੀ ਖੇਡਣ ਦਾ ਤਾਏ ਦਾ ਸ਼ੌਕ ਕੁਝ ਸਾਲ ਬਰਕਰਾਰ ਰਿਹਾ। ਤਾਇਆ ਪਿੰਡ ਦੀ ਕਬੱਡੀ ਟੀਮ ਦਾ ਸਿਰੇ ਦਾ ਖਿਡਾਰੀ ਸੀ। ਸਰੀਰ ਦਾ ਤਾਇਆ ਪਤਲਾ ਹੈ ਪਰ ਭੱਜਣ ਵਿਚ ਸਭ ਤੋਂ ਅੱਗੇ ਜਾਂਦਾ ਹੈ। ਤਾਇਆ ਕਬੱਡੀ ਖੇਡਦਾ ਜਾਫ਼ੀ ਉਪਰੋਂ ਦੀ ਛਾਲ ਮਾਰ ਜਾਂਦਾ। ਪਰ ਜੇਕਰ ਤਾਏ ਦੀ ਲੱਤ ਬਾਂਹ ਵਿਰੋਧੀ ਖਿਡਾਰੀ ਦੇ ਹੱਥ ਆ ਜਾਂਦੀ ਤਾਂ ਤਾਇਆ ਥਾਂ ਤੇ ਖੜਾ ਈ ਕਹਿ ਦਿੰਦਾ, 'ਛੱਡ ਦੇ ਬਾਈ ਸਿਆ ਮੰਗਵਾ ਸਰੀਰ ਐ' ਪਰ ਤਾਇਆ ਜੇ ਹੱਥ ਲਾ ਕੇ ਭੱਜ ਪੈਂਦਾ ਤਾਂ ਥਾਪੀਆਂ ਮਾਰਦਾ ਪਾਲੇ ਵੰਨੀ ਵੱਧ ਜਾਂਦਾ। ਪਿੰਡ ਦੀ ਕਬੱਡੀ ਦੀ ਟੀਮ ਹੌਲੀ ਹੌਲੀ ਨਸ਼ਿਆਂ ਦਾ ਸ਼ਿਕਾਰ ਹੋ ਕੇ ਖੇਡਣੋਂ ਹਟ ਗਈ।

ਤਾਏ ਦਾ ਪਿੰਡ ਵਿਚ ਸਭ ਤੋਂ ਵੱਡਾ ਰੌਲਾ ਉਸ ਸਮੇਂ ਪਿਆ ਜਦੋਂ ਗੁਰਬਾਜ ਨੰਬਰਦਾਰ ਨੇ ਤਾਏ ਦੀ ਫੱਟੀ ਵਿਚ ਕਸੂਤਾ ਕਿੱਲ ਲਾ ਦਿੱਤਾ। ਤਾਇਆ ਇਸ ਘਟਨਾ ਨੂੰ 'ਇਸ਼ਕ ਦਾ ਖ਼ੂਨ' ਕਹਿੰਦਾ ਹੈ। ਤਾਏ ਦਾ ਝਿਊਰਾਂ ਦੀ ਕੁੜੀ ਸੀਬੋ ਨਾਲ ਇਸ਼ਕ ਹੋ ਗਿਆ। ਤਾਇਆ ਇਸਨੂੰ ਆਪਣਾ ਨੌਂਵਾਂ ਇਸ਼ਕ ਮੰਨਦਾ ਹੈ। ਇਸ਼ਕ ਕਰਨ ਦੀ ਉਸਦੀ ਗਿਣਤੀ ਦਾ ਆਪਣਾ ਢੰਗ-ਤਰੀਕਾ ਹੈ। ਤਾਏ ਨੂੰ ਜ਼ਿਆਦੇ ਸਿਧਾਂਤਕ ਗੱਲਾਂ ਨਹੀਂ ਆਉਂਦੀਆਂ, ਉਸ ਦਾ ਤਾਂ ਸਿੱਧਾ ਹਿਸਾਬ ਐ ਕਿ ਜ਼ਿੰਦਗੀ ਚੁਰਾਸੀ ਲੱਖ ਜੂਨਾਂ ਭੋਗ ਕੇ ਮਿਲੀ ਹੈ ਤੇ ਚਿੰਤਾ ਨਾਲ ਸਮੇਂ ਦੀ ਬਰਬਾਦੀ ਨਾ ਕੀਤੀ ਜਾਵੇ। ਉਹ ਕਈ ਵਾਰ ਗੁੱਝੇ ਵਾਰ ਕਰਨ ਵਾਲਿਆਂ ਨੂੰ ਖਰੀਆਂ-ਖਰੀਆਂ ਸੁਣਾ ਵੀ ਦਿੰਦਾ ਐ, 'ਤੁਸੀਂ ਤਾਂ ਯਾਰ ਕਾਂ ਜਾਂ ਕੁੱਤੇ ਦੀ ਜੂਨੀ 'ਚ ਚਾਹੀਦੇ ਸੀ, ਸਾਰਾ ਦਿਨ ਦੂਜਿਆਂ ਦੇ ਕੰਮਾਂ ਤੇ ਕਰਲਾਈ ਜਾਨੇ ਓ, ਨਾ ਥੋਡੀ ਕੁੱਤੇ ਝਾਕ ਮੁਕਦੀ ਐ।' ਸਭ ਨੂੰ ਪਤਾ ਤਾਇਆ ਇਹ ਗੱਲਾਂ ਕਿਹੜੇ ਬੰਦਿਆਂ ਨੂੰ ਸੁਣਾ ਕੇ ਕਹਿੰਦਾ ਹੈ। ਸਾਰੇ ਉਸਦੀਆਂ ਗੱਲਾਂ ਸੁਣ ਕੇ ਹੱਸ ਛੱਡਦੇ ਐ।

ਝਿਊਰਾਂ ਦਾ ਘਰ ਛੱਪੜ ਦੇ ਕਿਨਾਰੇ ਤੇ ਪਿੰਡ ਦੀ ਫਿਰਨੀ ਵੰਨੀ ਸੀ। ਫਿਰਨੀ ਉਪਰ ਹੀ ਪੁਰਾਣਾ ਖੂਹ ਸੀ ਜਿਸ ਤੋਂ ਕਿਸੇ ਸਮੇਂ ਪਿੰਡ ਦੇ ਲੋਕ ਪਾਣੀ ਭਰਦੇ ਸਨ। ਖੂਹ ਦੇ ਆਲੇ ਦੁਆਲੇ ਕਨਾਲ ਥਾਂ ਵਿੱਚ ਦਰਖਤਾਂ ਦਾ ਝੁੰਡ ਸੀ। ਪਿੱਪਲ, ਬੋਹੜ, ਨਿੰਮ, ਕਿੱਕਰਾਂ, ਕਰੀਰ, ਜੰਡ ਤੇ ਦੋ ਪੁਰਾਣੇ ਵਣਾਂ ਦੇ ਦਰਖਤਾਂ ਵਿਚ ਦਿਨੇ ਵੀ ਕੁਝ ਨਹੀਂ ਸੀ ਦਿਖਾਈ ਦਿੰਦਾ। ਲੋਕ ਇਸ ਪਾਸੇ ਘੱਟ ਹੀ ਆਉਂਦੇ ਸਨ। ਤਾਏ ਦਾ ਪੁਰਾਣਾ ਘਰ ਛੱਪੜ ਦੇ ਨਾਲ ਵਾਲੀ ਗਲੀ ਵਿਚ ਸਾਡੇ ਪੁਰਾਣੇ ਘਰ ਦੇ ਨਾਲ ਸੀ। ਤਾਇਆ ਅੱਧੀ ਰਾਤ ਨੂੰ ਚੁੱਪ-ਚੁਪੀਤੇ ਘਰ ਦੀ ਕੰਧ ਟੱਪ ਕੇ ਕੁੜਤਾ ਤੇ ਚਾਦਰਾ ਲਾਹ ਕੇ ਸਿਰ ਤੇ ਵਲੇਟੇ ਮਾਰ ਲੈਂਦਾ ਤੇ ਛੱਪੜ ਵਿਚਦੀ ਤੈਰਦਾ ਖੂਹ ਕੋਲ ਜਾ ਨਿਕਲਦਾ। ਸੀਬੋ



ਵੀ ਘਰਦਿਆਂ ਤੋਂ ਚੋਰੀ ਖੂਹ ਤੇ ਆ ਜਾਂਦੀ, ਦਰਖਤਾਂ ਦੇ ਝੁੰਡਾਂ ਵਿਚ ਬੈਠੇ ਦੋਵੇਂ ਜ਼ਿੰਦਗੀ ਜਿਉਣ ਤੇ ਮਰਨ ਦੀਆਂ ਗੱਲਾਂ ਕਰਦੇ ਰਹਿੰਦੇ। ਭਾਈ ਜੀ ਦੇ ਬੋਲਣ ਤੋਂ ਪਹਿਲਾਂ ਤਾਇਆ ਤੈਰਦਾ ਹੋਇਆ ਵਾਪਿਸ ਆ ਜਾਂਦਾ। ਤਾਏ ਦਾ ਪੰਚਾਇਤ ਦੀਆਂ ਵੋਟਾਂ ਵੇਲੇ ਨੰਬਰਦਾਰ ਨਾਲ ਮਨ ਮੋਟਾ ਹੋ ਗਿਆ। ਗੱਲ ਵੀ ਕੋਈ ਨਹੀਂ ਸੀ। ਨੰਬਰਦਾਰ ਦਾ ਭਤੀਜਾ ਸਰਪੰਚੀ ਦਾ ਇਲੈਕਸ਼ਨ ਲੜ ਰਿਹਾ ਸੀ, ਵੋਟਾਂ ਮੰਗਣ ਵੇਲੇ ਤਾਏ ਨੇ ਆਖ ਦਿੱਤਾ, 'ਭਾਈ ਪਹਿਲਾਂ ਗਲੀ ਪੱਕੀ ਕਰਾਓ, ਵੋਟਾਂ ਫੇਰ ਪਾਵਾਂਗੇ।' ਬੱਸ ਨੰਬਰਦਾਰ ਦਿਲ ਵਿਚ ਗੁੱਸਾ ਮੰਨ ਗਿਆ। ਨੰਬਰਦਾਰ ਦਾ ਭਤੀਜਾ ਕੁਝ ਵੋਟਾਂ ਤੇ ਹਾਰ ਗਿਆ। ਨੰਬਰਦਾਰ ਨੇ ਦਿਲ ਵਿਚ ਘਰੋੜ ਰੱਖੀ। ਨੰਬਰਦਾਰ ਦੇ ਦਿਮਾਗ ਵਿਚ ਸੀ ਕਿ ਤਾਏ ਲੰਡੇ ਨੇ ਵਿਰੋਧੀ ਸਰਪੰਚ ਨੂੰ ਤਿੰਨਾਂ ਵਿਹੜਿਆਂ ਵਿਚੋਂ ਚੁੱਪ-ਚੁਪੀਤੇ ਵੋਟਾਂ ਖਰੀਦ ਕੇ ਦਿੱਤੀਆਂ ਹਨ। ਨੰਬਰਦਾਰ ਨੂੰ ਤਾਏ ਦੀ ਮੁਹੱਬਤ ਦਾ ਪਤਾ ਲੱਗ ਗਿਆ। ਨੰਬਰਦਾਰ ਨੇ ਆਪਣੇ 'ਖਾਸ ਬੰਦਿਆਂ' ਨੂੰ ਤਿਆਰ ਕਰ ਲਿਆ। ਰਾਤ ਨੂੰ ਨੰਬਰਦਾਰ ਨੇ ਖੂਹ ਤੋਂ ਕੁਝ ਵਿੱਥ ਤੇ ਆਪਣੇ ਬੰਦੇ ਡਾਂਗਾਂ ਤੇ ਗੰਡਾਸੇ ਫੜਾ ਕੇ ਬਿਠਾ ਦਿੱਤੇ। ਆਪ ਨੰਬਰਦਾਰ ਦੁਨਾਲੀ ਬੰਦੂਕ ਤੇ ਬੈਟਰੀ ਲੈ ਕੇ ਖੂਹ ਦੇ ਸੱਜੇ ਪਾਸੇ ਜਾ ਬੈਠਾ। ਤਾਇਆ ਲੰਡਾ ਆਪਣੇ ਸਮੇਂ ਮੁਤਾਬਿਕ ਤੈਰਦਾ ਹੋਇਆ ਖੂਹ ਕੋਲ ਜਾ ਨਿਕਲਿਆ। ਤਾਇਆ ਜਦੋਂ ਸਿਰ ਤੇ ਵਲੇਟਿਆ ਝੱਗਾ ਤੇ ਚਾਦਰਾ ਖੋਹਲ ਕੇ ਤੇੜ ਸਿਰ ਕਰਨ ਲੱਗਿਆ ਤਾਂ ਸੱਜੇ ਪਾਸੇ ਤੋਂ ਬੈਟਰੀ ਦੇ ਚਾਨਣ ਵਿਚ ਗੜਕਵੀਂ ਆਵਾਜ਼ ਆਈ, "ਕੌਣ ਐ ?" ਤਾਏ ਦੇ ਹੱਥ ਵਿਚ ਫੜੀ ਜੁੱਤੀ ਛੁੱਟ ਗਈ ਜਿਹੜੀ ਉਹ ਚਾਦਰੇ ਦੇ ਲੜ ਵਿਚ ਬੰਨ੍ਹ ਕੇ ਸਿਰ ਤੇ ਵਲੇਟੇ ਚਾਦਰੇ ਦੇ ਲੜ ਨੂੰ ਪਿਛਲੇ ਪਾਸੇ ਪਿੱਠ ਤੇ ਸਿੱਟ ਲੈਂਦਾ ਸੀ। ਇਸ ਤੋਂ ਪਹਿਲਾਂ ਕਿ ਤਾਇਆ ਕੁਝ ਬੋਲਦਾ 'ਫੜ-ਲਉ' 'ਫੜ ਲਉ' ਹੋ ਗਈ। ਦੋ ਤਿੰਨ ਡਾਂਗਾਂ ਤਾਏ ਦੇ ਮੌਰਾਂ ਵਿਚ ਆ ਵੱਜੀਆਂ। ਉਸਨੂੰ ਕੁਝ ਨਾ ਸੁਝਿਆ, ਉਹ ਘਬਰਾ ਗਿਆ ਤੇ ਮੂਧੇ ਮੂੰਹ ਡਿੱਗ ਪਿਆ। ਨੰਬਰਦਾਰ ਨੇ ਪੰਜ-ਸੱਤ ਵਾਰੀ ਬੰਦੂਕ ਦੇ ਬੱਟ ਮਾਰ-ਮਾਰ ਤਾਏ ਨੂੰ ਨਿੱਸਲ ਕਰ ਦਿੱਤਾ। ਤਾਇਆ ਲੋਟਨੀਆਂ ਲਾਉਂਦਾ ਛੱਪੜ ਵੱਲ ਹੋ ਗਿਆ। ਤਾਏ ਨੇ ਬੜੀ ਫੁਰਤੀ ਨਾਲ ਪੁੱਠੀ ਛਾਲ ਮਾਰੀ ਤੇ ਛੱਪੜ ਵਿਚ ਵੜ ਗਿਆ, ਬੜੀ ਕਾਹਲ ਨਾਲ ਪਿੰਡ ਵੱਲ ਨੂੰ ਤੈਰਨ ਲੱਗ ਪਿਆ। ਨੰਬਰਦਾਰ ਤੇ ਨਾਲ ਦੇ ਬੰਦੇ 'ਕਾਲੇ ਕੱਛੇ ਵਾਲਾ', 'ਕਾਲੇ ਕੱਛੇ ਵਾਲਾ' ਦਾ ਰੌਲਾ ਪਾਉਂਦੇ ਹੋਏ ਛੱਪੜ ਦੇ ਦੂਜੇ ਪਾਸੇ ਵੱਲ ਭੱਜ ਪਏ ਤੇ ਅੱਗੇ ਜਾ ਕੇ ਖੜ ਗਏ ਤੇ ਉੱਚੀ ਉੱਚੀ 'ਕਾਲੇ ਕੱਛੇ ਵਾਲਾ' ਕਹਿ ਕੇ ਲਲਕਾਰੇ ਮਾਰਨ ਲੱਗੇ, ਪਿੰਡ ਵਿਚ ਰੌਲਾ ਪੈ ਗਿਆ। ਤਾਇਆ ਛੱਪੜ ਦੇ ਅੱਧ ਵਿਚਕਾਰ ਜਾ ਕੇ ਵਾਪਿਸ ਫੇਰ ਖੂਹ ਵੰਨੀ ਮੁੜ ਆਇਆ ਤੇ ਖੂਹ ਦੇ ਕੋਲ ਦੀ ਹੋ ਕੇ ਛਟੀਆਂ ਦੇ ਛੌਰਾਂ ਉਪਰੋਂ ਦੀ ਭੱਜਦਾ ਨਰਮੇ ਦੇ ਖੇਤ ਵਿਚ ਵੜ ਗਿਆ। ਕੌਡਾ-ਕੌਡਾ ਭੱਜਦਾ ਉਹ ਨਹਿਰ ਦੀ ਪਟੜੀ ਤੇ ਜਾ ਚੜਿਆ। ਨਹਿਰ ਪਿੰਡ ਤੋਂ ਚਾਰ-ਪੰਜ ਕਿਲੋਮੀਟਰ ਦੂਰ ਸੀ। ਤਾਇਆ ਇਕ ਸੰਘਣੀ ਟਾਹਲੀ ਤੇ ਜਾ ਚੜ੍ਹਿਆ, ਏਥੇ ਬੈਠੇ ਉਹਨੂੰ ਸਾਰਾ ਆਲਾ ਦੁਆਲਾ ਦੂਰ-ਦੂਰ ਤੱਕ ਦਿਸਦਾ ਸੀ, ਪਰ ਉਹ ਆਪ ਨਹੀਂ ਸੀ ਕਿਸੇ ਨੂੰ ਦਿਸਦਾ। ਪਿੰਡ ਵਿਚ ਰੌਲਾ ਪਈ ਗਿਆ, ਸਾਰੇ ਲੋਕ ਜਾਗ ਪਏ, ਕਈਆਂ ਨੇ ਹਵਾਈ ਫਾਇਰ ਵੀ ਕਰ ਦਿੱਤੇ। ਨੰਬਰਦਾਰ ਆਪਣੇ ਮਕਸਦ ਵਿਚ ਸਫਲ ਹੋ ਗਿਆ ਸੀ। ਤਾਏ ਨੂੰ ਏਨਾ ਡਰ ਫੜੇ ਜਾਣ ਦਾ ਨਹੀਂ ਸੀ ਜਿੰਨਾ ਨੰਗੇ ਹੋਣ ਦਾ ਸੀ। ਤੇੜ ਕੇਵਲ ਕੱਛਾ ਈ ਰਹਿ ਗਿਆ ਸੀ ਜਿਹੜਾ ਕਾਲੇ ਰੰਗ ਦਾ ਸੀ। ਤਾਇਆ ਇਸ ਗੱਲ ਨੂੰ ਬੜੇ ਸੁਆਦ ਨਾਲ ਸੁਣਾਉਂਦਾ ਦੱਸਦਾ ਹੈ,

"ਤਿੰਨ ਵਾਰੀ ਤਾਂ ਸਾਲਾ ਪਿਸ਼ਾਬ ਈ ਵਿਚ ਨਿਕਲਿਆ ਪਰ ਆਪਾਂ ਰੇਸ ਨ੍ਹੀਂ ਹੌਲੀ ਕੀਤੀ।"

ਦਿਨ ਦੇ ਚੜ੍ਹਾਅ ਨਾਲ ਤਾਇਆ ਟਾਹਲੀ ਤੋਂ ਉਤਰਿਆ, ਜੰਗਲ ਪਾਣੀ ਜਾ ਕੇ ਕੱਛਾ ਧੋ ਕੇ ਸੁਕਣਾ ਪਾ ਦਿੱਤਾ। ਤੇਜ਼ ਹਵਾ ਦਾ ਝੋਕਾ ਆਇਆ ਤਾਂ ਉਹ ਵੀ ਉਡ ਗਿਆ। ਤਾਏ

ਨੇ ਖੁੰਡ ਤੇ ਬੈਠ ਕੇ ਇਹ ਗੱਲ ਬੜੇ ਮਾਣ ਨਾਲ ਕਈ ਵਾਰੀ ਸੁਣਾਈ।

– "ਉਸ ਦਿਨ ਯਾਰ ਸਾਰਾ ਦੁਪਹਿਰਾ ਨੰਗ-ਧੜੰਗੇ ਟਾਹਲੀ 'ਤੇ ਈ ਬੈਠੇ ਰਹੇ, ਦਿਨ ਦੇ ਛਿਪਾਅ ਨਾਲ 'ਮੂੰਹ ਜ਼ਬਾਨੀ' ਈ ਪਿੰਡ ਨੂੰ ਤੁਰਨਾ ਪਿਆ।"

ਪਿੰਡ ਦੀਆਂ ਨਿਆਈਆਂ ਕੋਲ ਆ ਕੇ ਜਲਕੁਰ ਦਾਈ ਤੇ ਉਹਦੀ ਦਰਾਣੀ ਜੰਗਲ-ਪਾਣੀ ਬੈਠੀਆਂ ਸੀ। ਤਾਏ ਨੇ ਇਕ ਹੱਥ ਅੱਗੇ ਤੇ ਇਕ ਪਿੱਛੇ ਰੱਖਿਆ ਤੇ ਦੱਬਵੀਂ ਆਵਾਜ਼ ਵਿਚ ਉਨ੍ਹਾਂ ਨੂੰ ਆਂਹਦਾ,

– "ਭਰਜਾਈਏ ਘਰੋਂ ਚਾਦਰਾ ਫੜਾ ਜਿਉ ਹਿੰਮਤ ਨਾਲ, ਗਰੀਬ ਨੂੰ ਵੱਡਿਆਂ ਦੀ ਮਾਰ ਪੈ ਗਈ, ਹੁਣ ਤਾਂ ਦ੍ਰੋਪਤੀ ਵਾਂਗ ਥੋੜੇ ਹੱਥ ਈ ਲਾਜ ਐ.....ਕਦੇ ਟੁੱਟਿਆ-ਥੁੜਿਆ ਕੰਮ ਆਊਂ।" ਉਹ ਦੋਵੇਂ ਤਾਏ ਨੂੰ ਵੇਖ ਕੇ ਹੱਸ ਪਈਆਂ।

– "ਤੂੰ ਨਾ ਘਤਿੱਤਾਂ ਤੋਂ ਬਾਜ ਆਈਂ ਕਲੱਛਣਿਆਂ ਦਿਉਰਾ।" ਦਾਈ ਨੇ ਤਾਏ ਨੂੰ ਮਿੱਠੀ ਝਿੜਕ ਦਿੱਤੀ। ਕੁਝ ਸਮੇਂ ਮਗਰੋਂ ਦਾਈ ਕੁੜਤਾ ਤੇ ਚਾਦਰਾ ਰੱਖਕੇ ਮੁੜਦੀ ਦੱਸ ਗਈ,

– "ਦਿਨ ਛਿਪੇ ਤੋਂ ਘਰੇ ਆਈਂ, ਪਿੰਡ ਵਿਚ ਰੌਲਾ ਪਈ ਜਾਂਦਾ ਤੇ ਤੇਰਾ ਨਾਂ ਨੰਬਰਦਾਰ ਨੇ ਸਾਰੇ ਫੈਲਾ ਦਿੱਤਾ।"

ਤਾਇਆ ਬੱਤੀਆਂ ਜਗੀਆਂ ਤੋਂ ਘਰੇ ਆ ਗਿਆ। ਪਿਉ ਤੇ ਭਰਾਵਾਂ ਨੇ ਘਰੇ ਆਉਣ ਸਾਰ ਹੀ ਤਾਏ ਨੂੰ ਢਾਅ ਲਿਆ। ਤਾਏ ਦੀ ਚੰਗੀ ਤੌਣੀ ਲਾਈ। ਲੋਕਾਂ ਨੇ ਵਿਚ ਪੈ ਕੇ ਮਸਾਂ ਛੁਡਾਇਆ। ਤਾਇਆ ਦੂਜੇ ਦਿਨ ਮੂੰਹ ਹਨੇਰੇ ਈ ਪਤਾ ਨ੍ਹੀਂ ਕਿਧਰ ਚਲਿਆ ਗਿਆ। ਘਰਦਿਆਂ ਨੇ ਉਸਦੀ ਕੋਈ ਭਾਲ ਨਾ ਕੀਤੀ। ਇਕ ਵਾਰੀ ਤਾਇਆ ਰਾਜਸਥਾਨ ਵਿਚ ਮੁਨਸ਼ੀ ਅਮਲੀ ਨੂੰ ਕਿਸੇ ਰੇਲਵੇ ਸਟੇਸ਼ਨ ਤੇ ਮਿਲਿਆ। ਉਹ ਸਾਧ ਬਣ ਗਿਆ ਸੀ। ਮੁਨਸ਼ੀ ਨੂੰ ਉਹਨੇ ਆਪਣਾ ਪਤਾ ਟਿਕਾਣਾ ਵੀ ਦੱਸਿਆ ਸੀ ਤੇ ਘਰ ਦਾ ਹਾਲ ਚਾਲ ਵੀ ਪੁੱਛਿਆ ਸੀ। ਮੁਨਸ਼ੀ ਨੇ ਆ ਕੇ ਮੇਰੇ ਦਾਦੇ, ਤਾਏ ਦੇ ਬਾਪ ਤੇ ਭਰਾਵਾਂ ਨੂੰ ਸਭ ਨੂੰ ਇਹ ਗੱਲ ਦੱਸੀ ਪਰ ਕਿਸੇ ਨੇ ਉਸਦੀ ਗੱਲ ਵੱਲ ਧਿਆਨ ਨਾ ਦਿੱਤਾ। ਤਾਏ ਦੀ ਮਾਂ (ਬੇਬੇ ਭਜਨੋ) ਨੇ ਜ਼ਰੂਰ ਰੌਲਾ ਪਾਇਆ ਪਰ ਸਾਰੇ ਪਰਿਵਾਰ ਦੇ ਮੈਂਬਰਾਂ ਨੇ ਝਿੜਕ ਕੇ ਉਸ ਨੂੰ ਚੁੱਪ ਕਰਵਾ ਦਿੱਤਾ। ਸਮਾਂ ਬੜੀ ਤੇਜ਼ੀ ਨਾਲ ਬੀਤਦਾ ਹੈ ਤੇ ਘਟਨਾਵਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਇਤਿਹਾਸ ਦੀ ਸਿਰਜਣਾ ਕਰਦਾ ਜਾਂਦਾ ਹੈ। ਤਾਏ ਦੇ ਪਿੱਛੋਂ ਸਾਰਿਆਂ ਤੋਂ ਛੋਟੇ ਭਰਾ ਦਾ ਵਿਆਹ ਵੀ ਹੋ ਗਿਆ, ਤਾਏ ਦਾ ਬਾਪੂ ਤੇ ਬੇਬੇ ਵੀ ਸਵਰਗਵਾਸ ਹੋ ਗਏ। ਮੇਰਾ ਦਾਦਾ ਵੀ ਚਲ ਗਿਆ। ਤਾਏ ਨੂੰ ਸਾਰੇ ਪਿੰਡ ਤੇ ਪਰਿਵਾਰ ਨੇ ਭੁਲਾ ਦਿੱਤਾ। ਕਦੇ-ਕਦੇ ਨੰਬਰਦਾਰ ਤਾਏ ਦੀ ਗੱਲ ਛੇੜ ਕੇ ਸਵਾਦ ਲੈਂਦਾ ਪਰ ਪਿੰਡ ਦੇ ਲੋਕ ਬਹੁਤਾ ਧਿਆਨ ਨਾ ਦਿੰਦੇ। ਮੈਂ ਵੀ ਮਾਸਟਰੀ ਦਾ ਕੋਰਸ ਪਾਸ ਕਰਕੇ ਵਿਆਹ ਤੋਂ ਮਗਰੋਂ ਸ਼ਹਿਰ ਆ ਕੇ ਰਹਿਣਾ ਸ਼ੁਰੂ ਕਰ ਦਿੱਤਾ।

ਹਰ ਦਿਵਾਲੀ ਮੈਂ ਬੱਚਿਆਂ ਨੂੰ ਪਿੰਡ ਲੈ ਕੇ ਜਾਂਦਾ ਹਾਂ। ਦਿਵਾਲੀ ਪਿੰਡ ਹੀ ਮਨਾਉਂਦਾ ਹਾਂ। ਪਿਛਲੇ ਚਾਰਾਂ ਸਾਲਾਂ ਦੀ ਗੱਲ ਐ ਦਿਵਾਲੀ ਸ਼ੁਕਰਵਾਰ ਦੀ ਸੀ। ਅਸੀਂ ਸਾਰਾ ਪਰਿਵਾਰ ਵੀਰਵਾਰ ਸ਼ਾਮ ਨੂੰ ਹੀ ਪਿੰਡ ਚਲੇ ਗਏ। ਇਹ ਅਕਸਰ ਹੀ ਹੁੰਦਾ ਹੈ ਕਿ ਪਿੰਡ ਜਾ ਕੇ ਸਵੇਰੇ ਮੈਂ ਦੇਰ ਨਾਲ ਹੀ ਉਠਦਾ ਹਾਂ। ਮੇਰਾ ਛੋਟਾ ਭਰਾ ਬਾਹਰੋਂ ਆਉਂਦਾ ਹੈ ਤੇ ਚੁੱਲ੍ਹੇ ਮੂਹਰੇ ਚਾਹ ਦੀ ਬਾਟੀ ਭਰ ਕੇ ਪੀਂਦਾ ਹੋਇਆ ਉੱਚੀ ਆਵਾਜ਼ ਵਿਚ ਬੋਲਣ ਲੱਗਦਾ,

– "ਉਹਦੇ ਲਾਲ ਕੱਪੜੇ ਪਾਏ ਐ, ਸਾਰੇ ਭਰਾ ਗਾਲ੍ਹਾਂ ਦੇਈ ਜਾਂਦੇ ਐ, ਅਖੇ ਸਾਨੂੰ ਕੀ ਪਤਾ ਤੂੰ ਕੌਣ ਐਂ ? ਉਹਨੂੰ ਘਰੋਂ ਗਏ ਨੂੰ ਅਠਾਰਾਂ ਸਾਲਾਂ ਤੋਂ ਉਤੇ ਹੋ ਗਏ...ਤੂੰ ਸਾਲਾ ਲੱਗਦੈ।"

– "ਕੀਹਦੀ ਗੱਲ ਐ ?" ਮੈਂ ਸਵਾਤ ਵਿਚ ਪਿਆ ਉਬੜਵਾਹਾ ਬੋਲਦਾ ਹਾਂ ਤੇ ਸਾਫਾ ਸਿਰ ਤੇ ਵਲੇਟਦਾ ਚੁੱਲ੍ਹੇ ਵੱਲ ਜਾਂਦਾ ਹਾਂ।



– "ਗੱਲ ਕੀਹਦੀ ਹੋਣੀ ਸੀ, ਆਪਣਾ ਲਾਣਾ ਈ ਐ ਪੰਗੇਬਾਜ਼ ਤੇ ਫੱਟੜੀਆਂ ਦਾ ਫੇੜ ਲੰਡਾ ਸਾਧ ਬਣ ਗਿਆ ਸੀ ਹੁਣ ਮੁੜ ਆਇਆ।" ਬਾਪੂ ਦੰਦ ਕੱਢਦਾ ਬੋਲ ਪਿਆ। ਉਹਨੂੰ ਚਾਚੇ ਦੇ ਪੁੱਤਾਂ ਜਾਂ ਸਕਿਆ ਭਰਾਵਾਂ ਨਾਲ ਬਹੁਤਾ ਮੋਹ ਨਹੀਂ, ਅਸਲ ਵਿਚ ਹਾਲਾਤ ਈ ਅਜਿਹੇ ਰਹੇ ਹਨ ਕਿ ਮੇਰੇ ਬਾਪ ਹੁਰਾਂ ਦਾ ਆਪਸ ਵਿਚ ਜਾਂ ਸਾਰੀ ਪੱਤੀ ਨਾਲ ਕੋਈ ਲੈਣਾ ਦੇਣਾ ਨਹੀਂ। ਸਾਰੀ ਪੱਤੀ ਹੀ ਇਕ ਦੂਜੇ ਨੂੰ ਵੇਖ ਕੇ ਖੁਸ਼ ਨਹੀਂ। ਰੌਲਾ ਹਉਮੈਂ ਦਾ ਹੈ। ਪੱਤੀ ਦੇ ਨਿਆਣੇ ਤੋਂ ਨਿਆਣੇ, ਜਵਾਕ ਤੋਂ ਲੈ ਕੇ ਸਿਆਣੇ ਤੋਂ ਸਿਆਣਾ ਬੰਦਾ ਆਪਣੇ ਆਪ ਨੂੰ ਸਾਰਿਆਂ ਤੋਂ ਵੱਧ ਅਕਲ ਵਾਲਾ ਸਮਝਦਾ।

– "ਯਾਰ ਜ਼ਮੀਨ ਜਾਂਦੀ ਐ, ਹੈ ਤਾਂ ਉਹ ਲੰਡਾ ਈ। ਸਾਰੇ ਪਿੰਡ ਨੇ ਪਛਾਣ ਲਿਆ, ਉਸਨੇ ਨਿਸ਼ਾਨੀਆਂ ਵੀ ਸਾਰੀਆਂ ਦੱਸ ਦਿੱਤੀਆਂ, ਵੱਡੀ ਬੇਬੇ ਤੇ ਬਾਪੂ ਦੀ ਮੌਤ ਸੁਣ ਕੇ ਧਾਹਾਂ ਮਾਰ ਕੇ ਰੋ ਪਿਆ।" ਮੇਰੇ ਭਰਾ ਨੇ ਦੂਹਰੀ ਗੱਲ ਕਰ ਦਿੱਤੀ।

– "ਤਿੰਨ ਮਾਰਣ ਧੌਣ 'ਚ ਰੱਖ ਕੇ, ਆਖਣ ਜਿਥੋਂ ਆਇਆਂ ਉਥੇ ਚੱਲ, ਉਦੋਂ ਸਾਧ ਬਨ੍ਹਣ ਦਾ ਚਾਅ ਚੜ੍ਹਿਆ ਸੀ, ਸਾਰੀ ਉਮਰ ਝਿਊਰੀਆਂ, ਚਮਿਆਰੀਆਂ ਮਗਰ ਫਿਰਦਾ ਰਿਹਾ, ਹੁਣ ਸਾਲਾ ਵੱਡਾ ਸਿੱਧ ਬਣਦੈ।" ਬਾਪੂ ਨੇ ਆਪਣਾ ਖਰੜ ਗਿਆਨ ਘੋਟਣਾ ਸ਼ੁਰੂ ਕਰ ਦਿੱਤਾ ਸੀ। ਬਾਪੂ ਨੂੰ ਨਰਮੀ ਜਾਂ ਹਮਦਰਦੀ ਦੀ ਥਾਂ ਤੇ ਸਖਤੀ ਤੋਂ ਹੀ ਕੰਮ ਲੈਣਾ ਆਉਂਦਾ ਸੀ। ਬੋਲਣ ਲੱਗਿਆਂ ਖਰੀਆਂ-ਖਰੀਆਂ ਅਗਲੇ ਦੇ ਹੱਡਾਂ ਤੇ ਮਾਰਦਾ।

– "ਜੇ ਕਿਸੇ ਦਾ ਭਲਾ ਨਾ ਹੋ ਸਕੇ ਤਾਂ ਮਾੜਾ ਨਾ ਸੋਚੋ, ਕੋਈ ਸਾਧ ਬਣੇ ਤੇ ਭਾਵੇਂ ਡਾਕੂ, ਦੋ ਜਨਾਨੀਆਂ ਰੱਖੇ ਜਾਂ ਚਾਰ ਤੁਸੀਂ ਕੀ ਲੈਣਾ।" ਮੈਂ ਚਾਹ ਦੀ ਘੁੱਟ ਪੀਂਦਾ ਹੋਇਆ ਬਾਪੂ ਨੂੰ ਵਰਜਦਾ ਹਾਂ।

– "ਬੱਲੇ ਓਏ ਵੱਡਿਆ ਸਿਆਣਿਆ, ਚਾਰ ਅੱਖਰ ਪੜ੍ਹ ਕੇ ਸਾਨੂੰ ਉੱਲੂ ਸਮਝਦੈਂ, ਜਵਾਨੀ ਵੇਲੇ ਪਿੰਡੇ ਤੇ ਸਵਾਹ ਮਲ ਲਓ, ਮੌਜਾਂ ਕਰੋ, ਹਰੀ ਅੰਗੂਰੀ ਚਰਦੇ ਰਹੋ, ਜਦੋਂ ਕੋਈ ਨਾ ਝੱਲੇ ਘਰ ਨੂੰ ਮੂੰਹ ਚੱਕ ਲਓ, ਮੈਂ ਤਾਂ ਆਹਣਾ ਸਾਲੇ ਖੁਸਰੇ-ਜੇ ਦੀ ਕੁੱਟ ਕੁੱਟ ਮਿੰਜ ਕੱਢ ਦੇਣ—ਭੈਣ...।" ਭਰਾ ਮੈਨੂੰ ਬੜੇ ਗੁੱਸੇ ਵਿਚ ਜਵਾਬ ਦਿੰਦਾ ਹੈ। ਭਰਾ ਬੋਲਣ ਲੱਗਿਆਂ ਤੇ ਗਾਲ੍ਹਾਂ ਕੱਢਣ ਲੱਗਿਆਂ ਬਹੁਤ ਘੱਟ ਹੀ ਸੋਚਦਾ ਹੈ। ਅਸਲ ਵਿਚ ਬਾਪੂ ਤੇ ਛੋਟਾ ਭਰਾ ਹਮੇਸ਼ਾ ਮੇਰੇ ਉਲਟ ਚਲਦੇ ਐ। ਮੈਂ ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੂੰ ਚੰਗਾ ਬੋਲਣਾ ਨਹੀਂ ਸਮਝਾ ਸਕਿਆ। ਚਾਹ ਪੀ ਕੇ ਮੈਂ ਘਰਾਂ ਦੇ ਬੰਦਿਆਂ ਨੂੰ ਮਿਲਣ ਦਾ ਬਹਾਨਾ ਕਰਕੇ ਅੰਦਰਲੇ ਘਰਾਂ ਵੰਨੀ ਚਲਾ ਜਾਂਦਾ ਹਾਂ। ਬਾਬੇ ਕੀ ਪੁਰਾਣੀ ਚੌਕੜੀ ਤੇ ਇਕ ਘੋਨਾ-ਮੋਨਾ ਸਾਧ ਬੈਠਾ ਹੈ। ਪੰਜਾਹ-ਸੱਠ ਬੰਦੇ ਬੁੜੀਆਂ ਆਲੇ ਦੁਆਲੇ ਖੜੇ ਉਸਨੂੰ ਕਈ ਤਰ੍ਹਾਂ ਦੇ ਸਵਾਲ ਪੁੱਛ ਰਹੇ ਹਨ। ਮੈਨੂੰ ਆਉਂਦਾ ਦੇਖ ਕੇ ਸਾਰੇ ਉਹਨੂੰ ਪੁੱਛਦੇ ਐ,

– "ਇਹ ਕੌਣ ਐ ? ਦੱਸ ਖਾਂ ?" ਕਈਆਂ ਦੀ ਮਿਲੀ ਜੁਲੀ ਆਵਾਜ਼ ਆਉਂਦੀ ਐ।

– "ਰਾਜਾ, ਕਾਲੇ ਤੋਂ ਵੱਡਾ, ਇਹਨੂੰ ਮੈਂ ਚੱਕ ਕੇ ਖਡਾਉਂਦਾ ਰਿਹਾ।" ਉਹਨੇ ਮੇਰਾ ਛੋਟਾ ਨਾਂ ਲੈ ਕੇ ਬੁਲਾਇਆ। ਮੈਂ ਤਾਏ ਨੂੰ ਫਤਿਹ ਬੁਲਾਈ। ਸਾਰੇ ਖੜੇ ਸਰਪੰਚ ਤੇ ਨੰਬਰਦਾਰ ਨੂੰ ਉਡੀਕ ਰਹੇ ਸਨ। ਕੁਝ ਸਮੇਂ ਮਗਰੋਂ ਮੋਟਰਸਾਈਕਲ ਤੇ ਸਰਪੰਚ ਤੇ ਨੰਬਰਦਾਰ ਪਹੁੰਚ ਗਏ।

– "ਏਹ ਜੀ, ਕੋਈ ਜਸੂਸ ਲਗਦੈ, ਬਹੁਰੂਪੀਆ ਵੀ ਹੋ ਸਕਦੈ, ਸਾਡਾ ਭਾਈ ਤਾਂ ਮਰ ਗਿਆ ਸੀ, ਇਹਨੂੰ ਪੁਲਸ ਨੂੰ ਫੜਾਓ। ਸਾਲਾ ਰਾਤ ਦੇ ਤਖਤੇ ਖੜਕਾਈ ਜਾਂਦੈ।"

– "ਹਾਂ, ਬਾਈ ਕੌਣ ਐਂ ਤੂੰ ?" ਸਰਪੰਚ ਨੇ ਤਾਏ ਵੱਲ ਘੂਰ ਕੇ ਦੇਖਦਿਆਂ ਕਿਹਾ।

– "ਨੰਬਰਦਾਰਾ, ਗੁਰਬਾਜ ਸਿਆਂ ਤੂੰ ਵੀ ਭੁੱਲ ਗਿਐਂ ?" ਤਾਇਆ ਨੰਬਰਦਾਰ ਨੂੰ

ਪੰਜਾਹ ਬੰਦਿਆਂ ਵਿਚੋਂ ਪਛਾਣ ਕੇ ਬੋਲਦਾ ਹੱਸ ਪਿਆ।

– "ਏਹਨੇ ਨਾਂ ਯਾਦ ਕਰ ਲਏ ਹੋਣਗੇ, ਜਾਸੂਸ ਬੜੇ ਕੁੱਤੇ ਦੇ ਬੀਅ ਹੁੰਦੇ ਐ।" ਤਾਏ ਦੇ ਸਭ ਤੋਂ ਛੋਟੇ ਭਾਈ ਨੇ ਆਪਣਾ ਕਮਲ ਮਾਰ ਦਿੱਤਾ।

– "ਭਾਈ ਇਹ ਤੇਰੇ ਭਰਾ ਤਾਂ ਮੰਨਦੇ ਨਹੀਂ, ਪੱਕੀ ਨਿਸ਼ਾਨੀ ਦੱਸ ਨਹੀਂ ਤਾਂ ਅਸੀਂ ਪੁਲਸ ਕਾਰਵਾਈ ਕਰਨ ਲੱਗੇ ਐਂ।" ਸਰਪੰਚ ਨੇ ਦਬਕਾ ਮਾਰਿਆ, ਪਰ ਉਸਨੇ ਤਾਏ ਲੰਡੇ ਨੂੰ ਪਛਾਣ ਵੀ ਲਿਆ ਸੀ।

– "ਵੱਡੀ ਨਿਸ਼ਾਨੀ ਇਹ ਐ ?" ਕਹਿ ਕੇ ਤਾਏ ਨੇ ਵੱਡੇ ਸਾਰੇ ਝੋਲੇ ਦੀ ਗੰਢ ਖੋਲ੍ਹ ਕੇ ਉਸ ਵਿਚੋਂ ਪੋਲੀਥੀਨ ਦਾ ਲਫਾਫਾ ਕੱਢ ਲਿਆ। ਉਸ ਵਿਚ ਸਾਰੇ ਪਰਿਵਾਰ ਦੀਆਂ ਫੋਟੋ ਤੇ ਮੇਰੇ ਦਾਦੇ ਹੁਰਾਂ ਤਿੰਨਾਂ ਭਰਾਵਾਂ ਦੁਆਰਾ ਪਿੜਾਂ ਵਾਲੀ ਥਾਂ ਦੀ ਕਰਵਾਈ ਰਜਿਸਟਰੀ ਵਾਲਾ ਕਾਗਜ਼ ਵਿਖਾ ਦਿੱਤਾ। ਪਿੜਾਂ ਵਾਲੀ ਥਾਂ ਮੇਰੇ ਦਾਦੇ ਹੁਰਾਂ ਨੇ ਪਾਲੇ ਮਿਸਤਰੀ ਤੋਂ ਮੁੱਲ ਲਈ ਸੀ।

– "ਆਹ ਬਾਪੂ ਖੜਾ, ਬੇਬੇ ਖੜੀ ਐ, ਆਹ ਤਾਇਆ ਤਾਈ ਤੇ ਸਾਰਾ ਲਾਣਾ-ਬਾਣਾ ਖੜੈ।" ਉਸਨੇ ਪੁਰਾਣੀਆਂ ਫੋਟੋ ਤੇ ਉਂਗਲਾਂ ਧਰ-ਧਰ ਸਭ ਬਾਰੇ ਦੱਸ ਦਿੱਤਾ ਤੇ ਸਰਪੰਚ ਨੂੰ ਪਿੜਾਂ ਦੀ ਰਜਿਸਟਰੀ ਵਾਲਾ ਕਾਗਜ਼ ਫੜਾ ਕੇ ਕਹਿੰਦਾ, "ਸਰਪੰਚਾ ਏਹ ਕਾਗਜ਼ ਤਾਂ ਨ੍ਹੀਂ ਝੂਠ ਬੋਲਦਾ, ਆਹ ਨੰਬਰਦਾਰ ਦੀ ਗਵਾਹੀ ਵੀ ਦਸਤਖਾਂ ਨਾਲ ਪਾਈ ਹੋਈ ਐ, ਕਿਉਂ ਬਈ ਇਸ ਬਾਰੇ ਤਾਂ ਕਿਸੇ ਬਾਹਰਲੇ ਬੰਦੇ ਨੂੰ ਪਤਾ ਨਹੀਂ ਨਾ।" ਸਰਪੰਚ ਨੇ ਕਾਗਜ਼ ਫੜ ਕੇ ਗਹੁ ਨਾਲ ਵੇਖਿਆ ਤੇ ਨੰਬਰਦਾਰ ਨੂੰ ਫੜਾ ਦਿੱਤਾ। ਨੰਬਰਦਾਰ ਨੇ ਆਪਣੀ ਗਵਾਹੀ ਤੇ ਲਿਖਤ ਉਪਰ ਦਸਖਤ ਪਛਾਣ ਲਏ।

– "ਹਾਂ ਭਾਈ ਲੋਕੋ ਇਨ੍ਹਾਂ ਦੇ ਵੱਡਿਆਂ ਨੇ ਇਹ ਥਾਂ ਲਈ ਸੀ, ਕਾਗਜ਼ ਸਾਵਾ ਈ ਐ, ਪਰ ਇਹਦੇ ਕੋਲੇ ਕਿਵੇਂ ਆਇਆ ?" ਨੰਬਰਦਾਰ ਨੇ ਦੂਹਰੀ ਗੱਲ ਕਰਕੇ ਛੁਰਲੀ ਛੱਡ ਦਿੱਤੀ।

– "ਸਭ ਤੋਂ ਵੱਡੀ ਨਿਸ਼ਾਨੀ ਇਹ ਐ।" ਕਹਿ ਕੇ ਤਾਏ ਲੰਡੇ ਨੇ ਚਾਂਦੀ ਦਾ ਉਹ ਤਗਮਾ ਦਿਖਾਇਆ ਜਿਹੜਾ ਵੱਡਾ ਬਾਬਾ (ਤਾਏ ਦਾ ਦਾਦਾ ਤੇ ਮੇਰਾ ਪੜਦਾਦਾ) ਖੜਕੇ ਭਲਵਾਨ ਨੂੰ ਢਾਅ ਕੇ ਜਿੱਤ ਕੇ ਲਿਆਇਆ ਸੀ। ਵੱਡਾ ਬਾਬਾ ਸਰੀਰ ਦਾ ਬੜਾ ਤਕੜਾ ਸੀ। ਖੜਕੇ ਨੇ ਮੁਕਤਸਰ ਦੇ ਮੇਲੇ ਤੇ ਝੰਡੀ ਬੰਨ੍ਹ ਦਿੱਤੀ, ਅੰਗਰੇਜ਼ਾਂ ਦਾ ਰਾਜ ਸੀ, ਅੰਗਰੇਜ਼ ਅਫਸਰ ਨੇ ਐਲਾਨ ਕੀਤਾ ਜਿਹੜਾ ਜਵਾਨ ਝੰਡੀ ਦੀ ਕੁਸ਼ਤੀ ਲੜੇਗਾ ਉਸਨੂੰ 'ਖਾਸ ਇਨਾਮ' ਦਿੱਤਾ ਜਾਵੇਗਾ। ਖੜਕੇ ਦੇ ਬਰਾਬਰ ਕੋਈ ਨਾ ਨਿਕਲਿਆ। ਬਜ਼ੁਰਗਾਂ ਨੇ ਇਲਾਕੇ ਦੀ ਇੱਜ਼ਤ ਖਾਤਰ ਵੱਡੇ ਬਾਬੇ ਨੂੰ ਖੜਕੇ ਪਹਿਲਵਾਨ ਨਾਲ ਕੁਝ ਸਮਾਂ ਕੁਸ਼ਤੀ ਲੜਨ ਲਈ ਕਿਹਾ। ਉਨ੍ਹਾਂ ਨੇ ਬਾਬੇ ਨੂੰ ਕਹਿ ਦਿੱਤਾ ਕੇ ਜੇ ਖੜਕਾ ਭਲਵਾਨ ਧੱਕਾ ਕਰਨ ਲੱਗਿਆ ਤਾਂ ਕੁਸ਼ਤੀ ਵਿਚਾਲੇ ਹੀ ਰੋਕ ਦਿੱਤੀ ਜਾਵੇਗੀ। ਬਾਬਾ ਕਹਿੰਦਾ ਇਲਾਕੇ ਦੀ ਇੱਜ਼ਤ ਖਾਤਿਰ ਉਹ ਖੜਕੇ ਦਾ ਮੁਕਾਬਲਾ ਕਰੇਗਾ। ਖੜਕੇ ਨੇ ਬਾਬੇ ਨੂੰ ਬੜਾ ਦਬਕਾਇਆ, ਡਰਾਇਆ ਕਿ ਝੰਡੀ ਨਾ ਫੜੇ ਪਰ ਬਾਬਾ ਹੱਸਦਾ ਕਹਿੰਦਾ, "ਜੱਟ ਜਿਹੜੇ ਕੰਮ ਨੂੰ ਹੱਥ ਪਾਵੇ ਵਾਧਾ-ਘਾਟਾ ਬਾਅਦ ਵਿਚ ਵੇਖਦਾ।" ਬਾਬਾ ਲੰਗੋਟ ਬੰਨ੍ਹ ਕੇ ਅਖਾੜੇ ਵਿਚ ਆ ਗਿਆ। ਖੜਕੇ ਨੇ ਬਾਬੇ ਨਾਲ ਹੱਥ ਮਿਲਾਇਆ ਤੇ ਬਾਬੇ ਨੂੰ ਠਿੱਬੀ ਮਾਰ ਕੇ ਥੱਲੇ ਸਿੱਟ ਲਿਆ ਤੇ ਲੱਗਿਆ ਭਲਵਾਨੀ ਦਾਅ ਲਾ ਕੇ ਰਗੜਨ। ਬਾਬੇ ਨੂੰ ਕੁਝ ਸਮਾਂ ਤਾਂ ਪਤਾ ਹੀ ਨਾ ਚੱਲਿਆ ਕਿ ਕੀ ਹੋ ਗਿਆ, ਸਿਆਣੇ ਬੰਦੇ ਡਰ ਗਏ ਕਿ ਕਿਤੇ ਜਵਾਨ ਹੀ ਨਾ ਮਰਵਾ ਬੈਠਣ। ਉਨ੍ਹਾਂ ਨੇ ਕੁਸ਼ਤੀ ਬੰਦ ਕਰਾਉਣ ਲਈ ਅੰਗਰੇਜ਼ ਅਫਸਰ ਨੂੰ ਬੇਨਤੀ ਕਰਨੀ ਚਾਹੀ। ਬਾਬੇ ਨੇ ਜਦੋਂ ਚਿੱਟੀਆਂ ਦਾਹੜੀਆਂ ਵਾਲਿਆਂ ਨੂੰ ਹੱਥ ਜੋੜੀਂ ਖੜੇ ਵੇਖਿਆ ਤਾਂ ਉਸ ਅੰਦਰ ਅੰਤਾਂ ਦਾ ਜੋਸ਼ ਆ ਗਿਆ, ਬਾਬਾ ਖੜਕੇ ਨੂੰ ਚੱਕ ਕੇ ਖੜਾ ਹੋ ਗਿਆ ਤੇ ਧੌਣ ਪਰਨੇ ਥੱਲੇ ਮਾਰਿਆ, ਭਲਵਾਨ ਸੰਭਲ ਤਾਂ ਗਿਆ ਪਰ ਥੱਲੇ ਡਿੱਗਣ ਨਾਲ ਘਬਰਾ ਗਿਆ। ਬਾਬੇ ਨੇ ਭਲਵਾਨ ਦੀ ਸੱਜੀ ਲੱਤ ਫੜ ਕੇ ਸਾਰੇ ਅਖਾੜੇ ਵਿਚ



ਉਹਦਾ ਸਵਾਗਾ ਬਨਾ ਕੇ ਖਿੱਚਣਾ ਸ਼ੁਰੂ ਕਰ ਦਿੱਤਾ, ਲੋਕਾਂ ਨੇ ਖੁਸ਼ੀ ਵਿਚ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ। ਬਾਬੇ ਨੇ ਅੱਧਾ ਘੰਟਾ ਭਲਵਾਨ ਨੂੰ ਧੂਹ-ਧੂਹ ਕੇ ਅਧਮਰਿਆ ਕਰ ਦਿੱਤਾ, ਉਹ ਦਹਾਈਆਂ ਪੌਣ ਲੱਗ ਪਿਆ। ਸਿਆਣੇ ਬੰਦਿਆਂ ਨੇ ਬਾਬੇ ਨੂੰ ਰੋਕ ਕੇ ਭਲਵਾਨ ਦੀ ਖਲਾਸੀ ਕਰਵਾਈ, ਖੜਕੇ ਨੂੰ ਸਿਆਣੇ ਬੰਦਿਆਂ ਨੇ ਪੁੱਛ ਲਿਆ,

– "ਭਾਈ ਕੋਈ ਕਸਰ ਐ, ਤਾਂ ਕੁਛ ਦਮ ਮਾਰ ਕੇ ਫੇਰ ਘੁੱਲ ਲੈ।"

ਉਹਨੇ ਪਏ ਨੇ ਹੀ ਹੱਥ ਜੋੜ ਦਿੱਤੇ,

– "ਮੈਨੂੰ ਏਸ ਦਿਉ ਤੋਂ ਬਚਾਓ, ਮੈਂ ਜੇ ਕਦੇ ਥੋਡੇ ਇਲਾਕੇ ਵਿਚ ਮੁੜ ਕੇ ਵੜਾ ਤਾਂ ਹਰਾਮਦਾ ਸਮਝ ਲਿਓ।"

ਅੰਗਰੇਜ਼ ਅਫਸਰ ਨੇ ਬਾਬੇ ਨੂੰ ਤਗਮਾ ਤੇ ਪੰਜ ਰੁਪਏ ਇਨਾਮ ਵਜੋਂ ਦਿੱਤੇ। ਸਾਰੇ ਇਲਾਕੇ ਨੇ ਬਾਬੇ ਨੂੰ ਸਵਾ ਮਣ ਘਿਉ ਤੇ ਇੱਕੀ ਰੁਪਈਏ ਇਕੱਠੇ ਕਰਕੇ ਦਿੱਤੇ। ਇਹ ਚਾਂਦੀ ਦਾ ਤਗਮਾ ਸਾਡੇ ਪਰਿਵਾਰ ਵਿਚ ਤਾਏ ਲੰਡੇ ਦੇ ਪਿਉ ਨੂੰ ਬਾਬਾ ਮਰਨ ਵੇਲੇ ਦੇ ਗਿਆ ਸੀ। ਤਾਏ ਲੰਡੇ ਨੇ ਘਰੋਂ ਜਾਣ ਵੇਲੇ ਇਹਨੂੰ ਆਪਣੇ ਹੱਥ ਵਿਚ ਕਰ ਲਿਆ ਸੀ।

"ਹਾਂ ਬਈ ਇਹ ਤਾਂ ਪੱਕੀ ਨਿਸ਼ਾਨੀ ਐ।" ਸਾਰੇ ਚੁੱਪ-ਚਾਪ ਤਾਏ ਦੁਆਰਾ ਪੇਸ਼ ਕੀਤੇ ਪੱਕੇ ਸਬੂਤ ਨੂੰ ਦੇਖਣ ਲੱਗ ਪਏ। ਨੰਬਰਦਾਰ ਨੇ ਤਾਏ ਦੇ ਵੱਡੇ ਭਰਾ ਕਿੱਕਰ ਸਿਉ ਦੇ ਕੰਨ ਵਿਚ ਫੂਕ ਮਾਰ ਦਿੱਤੀ। ਸਰਪੰਚ ਨੇ ਦੂਜੇ ਭਰਾਵਾਂ ਨੂੰ ਸਮਝਾ ਦਿੱਤਾ ਕਿ ਗੱਲ ਨਾ ਵਧਾਉਣ। ਥਾਨੇ ਦੇ ਚੱਕਰ ਵਿਚ ਪੈ ਗਏ ਤਾਂ ਪੈਸੇ ਲੱਗਣ ਨੂੰ ਥਾਂ ਹੋ ਜਾਊ, ਇਹ ਬੰਦਾ ਹੈ ਈ ਉਨ੍ਹਾਂ ਦਾ ਭਰਾ, ਸਾਰੇ ਪਛਾਣੀ ਜਾਂਦੀ ਐ। ਤਾਏ ਦੇ ਸਾਰੇ ਭਰਾਵਾਂ ਨੇ ਚੁੱਪ-ਚਾਪ ਉਸ ਨੂੰ ਘਰੇ ਵਾੜ ਲਿਆ ਤੇ ਕੁਝ ਦਿਨਾਂ ਮਗਰੋਂ ਜ਼ਮੀਨ ਦਾ ਹਿੱਸਾ ਵੀ ਦੇ ਦਿੱਤਾ।

ਤਾਇਆ ਘਰਦਿਆਂ ਤੇ ਪਿੰਡ ਵਿਚ ਫੇਰ ਰਚ-ਮਿਚ ਗਿਆ। ਲੋਕਾਂ ਨੇ ਕੁਝ ਸਮਾਂ ਪੁੱਠੀਆਂ-ਸਿੱਧੀਆਂ ਗੱਲਾਂ ਕੀਤੀਆਂ ਪਰ ਫੇਰ ਭੁੱਲ ਭੁੱਲਾ ਗਏ। ਤਾਏ ਨੇ ਆਪਣੇ ਸਭ ਤੋਂ ਨਿਕੰਮੇ ਤੇ ਭੰਗੀ-ਪੋਸਤੀ ਛੋਟੇ ਭਰਾ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਵਿਹੜੇ ਨੂੰ ਮੁੜਦੀ ਗਲੀ ਤੇ ਮਹਾਜਨਾਂ ਦੀਆਂ ਤਿੰਨ ਦੁਕਾਨਾਂ ਸਨ, ਤਾਏ ਨੇ ਨਾਲ ਲੱਗਦੇ ਮਰਾਸੀਆਂ ਦੇ ਥਾਂ ਵਿਚੋਂ ਪੰਜ ਮਰਲੇ ਲੈ ਕੇ ਦੁਕਾਨ ਪਾ ਲਈ ਤੇ ਬਾਕੀ ਥਾਂ ਵਿਹਲੀ ਰੱਖ ਲਈ। ਦੁਕਾਨ ਵਿਚ ਤਾਏ ਨੇ ਬਿਜਲੀ ਦਾ ਸਾਮਾਨ, ਪੱਖੇ, ਸੀ. ਡੀ ਆਦਿ ਦਾ ਕੰਮ ਚਲਾ ਲਿਆ। ਤਾਏ ਨੇ ਇਕ ਪੀ. ਸੀ. ਓ. ਵੀ ਖੋਲ੍ਹ ਲਿਆ ਤੇ ਮੋਬਾਇਲ ਰਿਚਾਰਜ ਕਰਨ ਦਾ ਕੰਮ ਵੀ ਨਾਲ ਕਰ ਲਿਆ।

ਪਿਛਲੀ ਦਿਵਾਲੀ ਤਾਏ ਨੇ ਬੜਾ ਤਕਨੀਕੀ ਸਵਾਲ ਮੈਥੋਂ ਪੁੱਛਿਆ, "ਰਾਜੇ, ਰਾਜਸਥਾਨ ਵਿਚ ਪੜ੍ਹਦੇ ਬੱਚੇ ਦਾ ਪੰਜਾਬ ਦੇ ਸਕੂਲ ਵਿਚ ਦਾਖਲਾ ਹੋ ਸਕਦੈ ?"

ਮੈਂ ਸੋਚੀਂ ਪੈ ਗਿਆ, ਫੋਨ ਤੇ ਸਕੂਲ ਦੇ ਕਲਰਕ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਹੋ ਸਕਦੈ। ਮੈਂ ਤਾਏ ਨੂੰ ਦੱਸ ਦਿੱਤਾ ਤਾਂ ਉਹ ਤਾੜੀ ਮਾਰ ਕੇ ਹੱਸ ਪਿਆ,

– "ਕਈ ਐਵੇਂ ਅੱਠਾਂ ਦੇ ਭਾਅ ਦੀਆਂ ਮਾਰੀ ਜਾਂਦੇ ਸੀ, ਤੂੰ ਕੀਤੀ ਐ ਪਤੇ ਦੀ ਗੱਲ।" ਤਾਏ ਨੇ ਮੈਨੂੰ ਥਾਪੀ ਦਿੱਤੀ। ਮੇਰੇ ਕੁਝ ਸਮਝ ਨਹੀਂ ਸੀ ਲੱਗ ਰਿਹਾ।

"ਤਾਇਆ ਕਿਹੜੀਆਂ ਬਾਤਾਂ ਪਾਈ ਜਾਨੈਂ ?"

ਉਸ ਦੀਆਂ ਗੱਲਾਂ ਮੇਰੀ ਸਮਝ ਤੋਂ ਬਾਹਰ ਸਨ। ਤਾਇਆ ਮੇਰੇ ਮੂੰਹ ਵੱਲ ਗੰਭੀਰਤਾ ਨਾਲ ਦੇਖੀ ਗਿਆ ਤੇ ਧੀਮੀ ਆਵਾਜ਼ ਵਿਚ ਬੋਲਿਆ, "ਸ਼ੇਰਾ ਗੱਲ ਡੂੰਘੀ ਐ, ਮੈਨੂੰ ਸਾਧ ਬਣਨ ਦਾ ਕੋਈ ਸ਼ੌਕ ਨਹੀਂ ਸੀ ਉਠਿਆ, ਤੈਨੂੰ ਪਤਾ ਛਿੰਦਰ ਨਾਲ ਮੇਰਾ ਸੱਚਾ ਇਸ਼ਕ ਸੀ, ਮਨ ਵਿਚ ਕਦੇ ਮੈਲ ਨਹੀਂ ਸੀ ਲਿਆਂਦੀ, ਰਾਜਸਥਾਨ ਵਿਚ ਵਿਆਹੀ ਉਹਦੀ ਮਾਸੀ ਆਪਣੇ ਜੇਠ ਦੇ ਮੁੰਡੇ ਨੂੰ

ਉਹਦਾ ਸਾਕ ਲੈ ਗਈ, ਮੈਂ ਰਾਜਸਥਾਨ ਵਿਚ ਪੋਸਤ ਲਿਆ ਕੇ ਵੇਚਦਾ ਸੀ, ਤੈਨੂੰ ਪਤਾ ਈ ਐ, ਇਕ ਵਾਰੀ ਰੇਲ ਗੱਡੀ ਵਿਚ ਛਿੰਦਰ ਮਿਲ ਗਈ, ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ, ਛਿੰਦਰ ਨੇ ਮੈਨੂੰ ਏਸ ਗੰਦੇ ਕੰਮ ਤੋਂ ਵਰਜ ਦਿੱਤਾ, ਮੈਂ ਸਹੁੰ ਪਾਈ ਬਈ ਮੁੜ ਕੇ ਏਹ ਕੰਮ ਨਹੀਂ ਕਰਨਾ, ਉਹਦੇ ਘਰ ਵਾਲਾ ਅਮਲੀ ਭੰਗੀ ਐ, ਕੁੱਟਦਾ ਮਾਰਦਾ, ਪਰ ਰੱਬ ਨੇ ਇਕ ਪੁੱਤ ਤੇ ਧੀ ਦੇ ਦਿੱਤੇ, ਉਨ੍ਹਾਂ ਲਈ ਨਰਕ ਵਿਚ ਦਿਨ-ਕੱਟੀ ਕਰਦੀ ਐ, ਫੇਰ ਮਿਲਣ ਦਾ ਵਾਅਦਾ ਕਰਕੇ ਅਸੀਂ ਰੋਂਦੇ ਵਿਛੜੇ, ਮਾਨੂਕੇ ਸੰਤਾਂ ਦਾ ਬੜਾ ਵੱਡਾ ਡੇਰਾ, ਬੜੀ ਮਾਨਤਾ, ਛਿੰਦਰ ਦਾ ਇਹ ਸੌਹਰਾ ਪਿੰਡ ਐ, ਯਾਰ ਸੰਤਾਂ ਦੀ ਸੇਵਾ ਵਿਚ ਜਾ ਲੱਗੇ, ਮਹੰਤ ਸੇਵਾ ਦਾਸ ਦਾ ਦਿਲ ਜਿੱਤ ਲਿਆ, ਉਹਨੇ ਗੁਰਦੱਖਣਾ ਦੇ ਕੇ ਚੇਲਾ ਬਣਾ ਲਿਆ, ਮਹੰਤ ਸੇਵਾ ਦਾਸ ਦੇ ਦੋ ਹੋਰ ਚੇਲੇ ਸੀ, ਸ਼ਰਧਾ ਨੰਦ ਤੇ ਨਰਾਇਣ ਮੁਨੀ, ਉਹ ਸਾਲੇ ਮੇਰੇ ਪੈਰ ਨਾ ਲੱਗਣ ਦੇਣ, ਮੇਰਾ ਮਕਸਦ ਛਿੰਦਰ ਨੂੰ ਮਿਲਣਾ-ਗਿਲਣਾ ਸੀ, ਇਕ ਦਿਨ ਉਹ ਦੋਵੇਂ ਮੈਨੂੰ ਕੁੱਟਣ ਪੈ ਗਏ, ਮੈਂ ਮਸਾਂ ਜਾਨ ਬਚਾਈ, ਦੂਜੇ ਦਿਨ ਪੰਚਾਇਤ ਹੋਈ ਤਾਂ ਉਨ੍ਹਾਂ ਦੋਹਾਂ ਨੂੰ ਸੰਤਾਂ ਤੇ ਪੰਚਾਇਤ ਨੇ ਨੇੜੇ ਦੇ ਪਿੰਡ ਦੇ ਡੇਰੇ ਭੇਜ ਦਿੱਤਾ, ਮੈਨੂੰ ਸੰਤਾਂ ਦੀ ਸੇਵਾ ਤੇ ਲਾ ਦਿੱਤਾ, ਮਹੰਤ ਨੇ ਸਰਪੰਚ ਤੇ ਪੰਚਾਇਤ ਨੂੰ ਵਿਸ਼ਵਾਸ ਵਿਚ ਲੈ ਕੇ ਮੇਰਾ ਵਿਆਹ ਕਰਨ ਦੀ ਗੱਲ ਤੋਰ ਦਿੱਤੀ, ਮਹੰਤ ਚਾਹੁੰਦਾ ਸੀ ਕਿ ਮੈਂ ਕਬੀਲਦਾਰ ਹੋ ਕੇ ਡੇਰਾ ਸੰਭਾਲਾਂ, ਪਿੰਡ ਸਾਰਾ ਇਸ ਗੱਲ ਤੇ ਰਾਜ਼ੀ ਹੋ ਗਿਆ, ਕਈਆਂ ਨੇ ਸਾਕ ਕਰਾਉਣ ਦੀ ਸੋਚੀ ਪਰ ਛਿੰਦਰ ਨੇ ਆਪਣੀ ਮਾਸੀ ਦੀ ਛੱਡੀ ਹੋਈ ਕੁੜੀ ਦਾ ਸਾਕ ਲੈ ਆਂਦਾ, ਮੈਨੂੰ ਮਹੰਤੀ ਮਿਲਣ ਦਾ ਰਾਹ ਵੀ ਪੱਧਰਾ ਹੋ ਗਿਆ, ਪੰਚਾਇਤ ਮੰਨ ਗਈ ਕਿ ਜਵਾਨ ਸਾਧ ਐ, ਵਿਆਹ ਤੋਂ ਮਗਰੋਂ ਦਿਲ ਲਾ ਕੇ ਡੇਰੇ ਨੂੰ ਸੰਭਾਲੂਗਾ, ਸਾਲ ਵਿਚ ਇਕ ਬੇਟੇ ਨੇ ਜਨਮ ਲਿਆ, ਪੰਦਰਾਂ ਸਾਲ ਵਧੀਆ ਲੰਘ ਗਏ, ਸੰਤ ਸੁਰਗਵਾਸ ਹੋ ਗਏ, ਪੁਰਾਣੇ ਚੇਲਿਆਂ ਨੇ ਆ ਮਹੰਤੀ ਦਾ ਰੌਲਾ ਪਾਇਆ, ਦੋ ਸਾਲ ਰੌਲੇ ਵਿਚ ਟੱਪ ਗਏ, ਆਖਰ ਮੈਂ ਜਵਾਕ ਤੇ ਤੇਰੀ ਤਾਈ ਛਿੰਦਰ ਕੋਲ ਛੱਡਕੇ ਘਰੇ ਵਾਪਿਸ ਆ ਗਿਆ, ਅੱਗੇ ਤੈਨੂੰ ਪਤਾ ਈ ਐ।"

ਤਾਏ ਨੇ ਪੂਰੀ ਕਹਾਣੀ ਸੁਣਾ ਕੇ ਠੰਡਾ ਸਾਹ ਲਿਆ। ਮੈਨੂੰ ਤਾਇਆ ਲੰਡਾ ਪੁਰਾਣੇ ਜ਼ਮਾਨੇ ਦਾ ਕੋਈ ਕੌਤਕੀ ਬੰਦਾ ਲੱਗਿਆ। ਕਿੰਨਾ ਚਿਰ ਅਸੀਂ ਹੱਸਦੇ ਰਹੇ ਤੇ ਗੱਲਾਂ ਕਰਦੇ ਰਹੇ। ਅਸੀਂ ਦੀਵਾਲੀ ਮਨਾ ਕੇ ਵਾਪਿਸ ਆ ਗਏ।

...ਛੇ ਮਹੀਨਿਆਂ ਬਾਅਦ ਤਾਏ ਦਾ ਫੋਨ ਆਇਆ ਸੀ। ਮੈਂ ਸ਼ਨੀਵਾਰ ਸ਼ਾਮ ਨੂੰ ਪਿੰਡ ਚਲਾ ਗਿਆ। ਘਰੋਂ ਚਾਹ ਪਾਣੀ ਪੀ ਕੇ ਮੈਂ ਤਾਏ ਦੀ ਦੁਕਾਨ ਵੱਲ ਚਲਾ ਗਿਆ। ਮੈਨੂੰ ਵੇਖ ਕੇ ਤਾਇਆ ਖਿੜ ਗਿਆ ਤੇ ਕਲਾਵੇ ਵਿਚ ਘੁੱਟ ਲਿਆ। ਇਕ ਪੰਦਰਾਂ ਸਤਾਰਾਂ ਸਾਲ ਦੇ ਮੁੱਛ-ਫੁੱਟ ਮੁੰਡੇ ਨੂੰ ਤਾਏ ਨੇ ਘਰੇ ਚਾਹ ਲੈਣ ਭੇਜ ਦਿੱਤਾ। ਮੁੰਡਾ ਚਾਹ ਲੈਣ ਚਲਾ ਗਿਆ। ਮੈਂ ਤੇ ਤਾਇਆ ਦੁੱਖ ਸੁੱਖ ਦੀਆਂ ਗੱਲਾਂ ਕਰੀ ਗਏ। ਕੁਝ ਸਮੇਂ ਮਗਰੋਂ ਮੁੰਡਾ ਚਾਹ ਦੀ ਗੜਵੀ ਤੇ ਦੋ ਗਲਾਸ ਲੈ ਆਇਆ, ਮੈਂ ਮੁੰਡੇ ਨੂੰ ਸਿਰ ਤੋਂ ਪੈਰ੍ਹਾਂ ਤੱਕ ਦੇਖਿਆ, ਗੋਰਾ-ਚਿੱਟਾ ਗੱਭਰੂ, ਖੁੱਲ੍ਹੇ ਹੱਡ ਪੈਰ।

- "ਤਾਇਆ ਇਹ ਕਾਕਾ ਜੀ ?" ਮੈਂ ਉਤਸੁਕਤਾ ਨਾਲ ਤਾਏ ਨੂੰ ਪੁੱਛਿਆ।

- "ਇਹ ਤੇਰਾ ਭਾਈ ਐ ਗਿਆਰਵੀਂ ਵਿਚ ਪੜ੍ਹਦਾ।"

- "ਕਾਕਾ ਪੜ੍ਹਾਈ ਠੀਕ ਚਲਦੀ ਐ, ਕਿਹੜੇ ਵਿਸ਼ੇ ਲਏ ਐ ?" ਮੈਨੂੰ ਮੁੰਡੇ ਨੂੰ ਮਿਲ ਕੇ ਅਸਲੀ ਖੁਸ਼ੀ ਹੋਈ।

- "ਮੈਥ, ਇਕਨਾਮਿਕਸ ਤੇ ਪੋਲ ਸਾਇੰਸ ਐ ਬਾਈ ਜੀ, ਦੋ ਵਿਸ਼ੇ ਪੰਜਾਬੀ ਤੇ ਅੰਗਰੇਜ਼ੀ ਤਾਂ ਲਾਜ਼ਮੀ ਐ।" ਉਸਨੇ ਬੜੀ ਸਹਿਜਤਾ ਨਾਲ ਉੱਤਰ ਦਿੱਤਾ।

- "ਵਾਹ ਤੂੰ ਤਾਂ ਹੀਰਾ ਯਾਰ, ਦੱਬ ਕੇ ਪੜ੍ਹ, ਬੱਲੇ ! ਤਾਇਆ ਇਹ ਤੇਰਾ ਤੇ ਆਪਣੇ



ਖਾਨਦਾਨ ਦਾ ਨਾਂ ਉੱਚਾ ਕਰੂ।" ਮੈਂ ਮੁੰਡੇ ਦੇ ਵਿਸ਼ੇ ਸੁਣ ਕੇ ਖੁਸ਼ੀ ਵਿਚ ਝੂਮ ਉਠਿਆ।

- "ਆਪਾਂ ਤਾਂ ਸ਼ੇਰਾ ਖਰਚਾ ਦੇਣਾ, ਪੜ੍ਹਨਾ ਤਾਂ ਏਹਨੇ ਐ।" ਤਾਏ ਨੇ ਮੇਰੀ ਖੁਸ਼ੀ ਨੂੰ ਮਹਿਸੂਸ ਕਰਦਿਆਂ ਕਿਹਾ।

- "ਤੂੰ ਘਰੇ ਜਾ ਕੇ ਦਾਲ-ਸਬਜ਼ੀ ਬਨਵਾ ਅਸੀਂ ਆਏ।" ਤਾਏ ਨੇ ਮੁੰਡੇ ਨੂੰ ਘਰੇ ਘੱਲ ਦਿੱਤਾ। ਗਾਹਕ ਆਈ ਗਏ, ਤਾਇਆ ਰੀਚਾਰਜ ਤੇ ਹੋਰ ਸਾਮਾਨ ਦੇ ਕੇ ਸਭ ਨੂੰ ਤੋਰੀ ਵੀ ਗਿਆ ਤੇ ਮੈਨੂੰ ਗੱਲਾਂ ਵੀ ਸੁਣਾਈ ਗਿਆ।

ਦੁਕਾਨ ਵਧਾਅ ਕੇ ਮੈਂ ਤੇ ਤਾਇਆ ਘਰ ਨੂੰ ਤੁਰ ਪਏ। ਬੈਠਕ ਵਿਚ ਬੈਠ ਕੇ ਅਸੀਂ ਅੰਬ ਦੇ ਆਚਾਰ ਤੇ ਗੰਢੇ ਨਾਲ ਦੋ-ਦੋ ਹਾੜੇ ਲਾ ਕੇ ਚੌਂਤਰੇ ਤੇ ਰੋਟੀ ਖਾਣ ਚਲੇ ਗਏ। ਤਾਏ ਨੇ ਚੌਂਤਰੇ ਚੜ੍ਹਦੇ ਨੇ ਈ ਹੌਕਰਾ ਮਾਰਿਆ, "ਭਾਗਾ ਆਲੀਏ, ਸਾਡਾ ਸ਼ੇਰ ਬੱਗਾ ਆਇਆ, ਸ਼ਹਿਰੀ ਮਾਸਟਰ।" ਤਾਏ ਦੀ ਆਵਾਜ਼ ਸੁਣ ਕੇ ਚੌਂਕੇ ਵਿਚੋਂ ਇਕ ਅਧਖੜ ਉਮਰ ਦੀ ਤਿਖੇ ਨੈਣ ਨਕਸ਼ ਦੀ ਜਨਾਨੀ ਮੇਰੇ ਵੰਨੀ ਆਈ ਤਾਂ ਮੈਂ ਹੱਥ ਜੋੜ ਕੇ ਫਤਿਹ ਬੁਲਾਈ। ਉਸ ਨੇ ਮੇਰਾ ਮੋਢਾ ਪਲੂਸ ਦਿੱਤਾ। ਉਸ ਦੇ ਮਗਰੇ ਇਕ ਹੋਰ ਅਧਖੜ ਉਮਰ ਦੀ ਗੁੰਦਵੇਂ ਸਰੀਰ ਦੀ ਬਣਦੀ ਫੱਬਦੀ ਜਨਾਨੀ ਆ ਕੇ ਮੇਰਾ ਮੋਢਾ ਪਲੂਸ ਗਈ। ਤਾਇਆ ਹੱਸ ਕੇ ਬੋਲਿਆ, "ਭਾਈ ਇਹ ਤੇਰੀ ਤਾਈ ਤੇ ਤੇਰੀ ਮਾਸੀ ਛਿੰਦਰ ਐ, ਹੈ ਦੋਵੇਂ ਸੁਭਾਅ ਦੀਆਂ ਨਿੱਘੀਆਂ।"

ਮੈਂ ਤਾਏ ਦੀ ਰਮਜ਼ ਸਮਝ ਗਿਆ। ਉਸ ਨੂੰ ਗੱਲਾਂ ਨਾਲ ਵਢਿਆਈਆਂ ਕਰਨ ਦੀ ਆਦਤ ਬਚਪਨ ਤੋਂ ਹੀ ਹੈ। ਅਸੀਂ ਰੋਟੀ ਖਾ ਕੇ ਬਾਹਰ ਨੂੰ ਤੁਰ ਪਏ। ਹਨੇਰਾ ਕਾਫੀ ਹੋ ਗਿਆ ਸੀ। ਤਾਇਆ ਮੈਨੂੰ ਘਰ ਤੱਕ ਛੱਡਣ ਤੁਰ ਪਿਆ। ਰਾਹ ਵਿਚ ਤਾਏ ਨੇ ਡੂੰਘੀ ਗੱਲ ਦੱਸੀ, "ਸਾਊ ਮੈਂ ਸੱਚਾ ਇਸ਼ਕ ਕੀਤਾ, ਰੱਬ ਨੇ ਸਾਥ ਦਿੱਤਾ, ਰੰਗ ਭਾਗ ਲੱਗ ਗਏ, ਛਿੰਦਰ ਦਾ ਸਾਰਿਆਂ ਤੋਂ ਛੋਟਾ ਜਵਾਕ ਸਾਡੇ ਪਿਆਰ ਦੀ ਨਿਸ਼ਾਨੀ ਐ-ਬਾਕੀ....।" ਤਾਇਆ ਗੱਲ ਸੁਣਾਉਂਦਾ ਇਕਦਮ ਰੁੱਕ ਗਿਆ। ਕੁਝ ਚਿਰ ਬਾਅਦ ਉਹ ਫੇਰ ਬੋਲ ਪਿਆ, "ਸ਼ੇਰਾ ਮੁੰਡੇ ਦੇ ਨਾਂ ਤੇ ਦੋ ਪਲਾਟ ਸ਼ਹਿਰ ਬਣਾ ਦਿੱਤੇ ਐ, ਦੁਕਾਨ ਚੰਗੀ ਚਲਦੀ ਐ, ਜ਼ਮੀਨ ਦਾ ਠੇਕਾ ਵੀ ਪੂਰਾ ਆ ਜਾਂਦਾ, ਪਿੰਡ ਸੌਖਾ ਵੱਸਦਾ, ਛਿੰਦਰ ਤੇ ਮੈਨੂੰ ਮਿਲਣ ਤੋਂ ਕੋਈ ਨ੍ਹੀਂ ਰੋਕ ਸਕਦੈ, ਸਾਲੀ ਵੀ ਐ ਤੇ ਮਸ਼ੂਕਾ ਵੀ, ਤੇਰਾ ਤਾਇਆ ਹੁਣ ਲੰਡਾ ਨਹੀਂ ਪੂਛ ਵਾਲਾ ਬਣ ਗਿਆ।" ਮੇਰੇ ਮੋਢੇ ਤੇ ਹੱਥ ਮਾਰਦਾ ਤਾਇਆ ਵਾਪਿਸ ਮੁੜ ਪਿਆ। ਮੈਨੂੰ ਪਤਾ ਤਾਇਆ ਸਾਡੇ ਘਰ ਤੱਕ ਨਹੀਂ ਆਵੇਗਾ, ਮੇਰਾ ਬਾਪ ਉਹਨੂੰ ਗਾਲ੍ਹਾਂ ਦੇਣ ਲੱਗ ਪਵੇਗਾ।

---

## ਸੂਫ਼ੀ ਤੇ ਮੁਲਾਂ/ਫਰਾਂਸਿਸ ਤਨਵੀਰ

ਸੂਫ਼ੀ ਦਾ ਏ ਦੀਨ-ਮੁਹੱਬਤ,
ਮੂਲਾਂ ਦਾ ਇਸਲਾਮ।
ਸੂਫ਼ੀ ਪਿਆਰ ਨੂੰ ਹਰ ਥਾਂ ਵੰਡੇ,
ਮੂਲਾਂ ਨਫ਼ਰਤ ਆਮ।
ਮੂਲਾਂ ਮੁਸਲਮਾਨਾਂ ਲਈ ਏ,
ਸੂਫ਼ੀ ਕੁਲ ਜਹਾਨ।
ਮੂਲਾਂ ਦੀਨ ਮਜ਼ਹਬ ਦਾ ਬੰਦਾ,
ਸੂਫੀ ਏ ਇਨਸਾਨ।
ਮੂਲਾਂ ਪੰਜ ਨਿਮਾਜ਼ਾਂ ਪੜ੍ਹਦਾ,
ਸੂਫ਼ੀ ਵਿਰਦ ਖ਼ੁਦਾ।
ਮੂਲਾਂ ਭਰ ਭਰ ਫਤਵੇ ਲਾਂਦਾ,
ਸੂਫੀ ਭਰਮ ਭਰਾ।

**ਲਿਪੀ ਅੰਤਰ-ਰਾਣੀ ਨਗਿੰਦਰ**

## ਚੱਟਾਨ ਤੇ ਛੱਲਾਂ/ਦਰਸ਼ਨ ਬੁਲੰਦਵੀ

ਸੋਮਵਾਰ ਦਾ ਦਿਨ ਹੋਣ ਕਰਕੇ ਰੈਸਟੋਰੈਂਟ ਵਿਚ ਸੁੰਨ ਮਸਾਨ ਹੀ ਸੀ। ਕਿਸੇ ਗਾਹਕ ਦੇ ਆਉਣ ਦੀ ਬਹੁਤੀ ਉਡੀਕ ਨਹੀਂ ਸੀ। ਜ਼ਿਆਦਾਤਰ ਗਰੀਕ ਲੋਕ ਆਪਣੇ ਮੌਜ ਮੇਲੇ ਲਈ ਵਧੇਰੇ ਕਰਕੇ ਸ਼ਨੀਚਰ ਐਤਵਾਰ ਨੂੰ ਹੀ ਚੁਣਦੇ ਹਨ। ਬਾਕੀ ਦੇ ਦਿਨਾਂ ਤਾਂ ਘਰ ਤੋਂ ਕੰਮ ਅਤੇ ਕੰਮ ਤੋਂ ਘਰ ਦੇ ਚੱਕਰ ਵਿਚ ਹੀ ਬਿਤਾਉਂਦੇ ਹਨ। ਸ਼ਾਇਦ ਏਸੇ ਕਰਕੇ ਰੈਸਟੋਰੈਂਟ ਦੇ ਮਾਲਕ 'ਸੰਪੀਰੋ' ਅਤੇ ਉਸਦੀ ਪਤਨੀ 'ਵਾਸੋ' ਨੇ 'ਏਥਨਜ਼' ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ। ਕੋਈ ਜ਼ਰੂਰੀ ਕੰਮ ਹੋਣ ਕਰਕੇ ਇਹ ਰਾਤ ਉਸ ਨੇ ਉਥੇ ਆਪਣੀ ਸੱਸ ਕੋਲ ਕੱਟਣੀ ਸੀ। ਸਵੇਰੇ ਆਉਂਦਿਆਂ ਹੋਇਆਂ ਮਾਰਕਿਟ 'ਚੋਂ ਮੱਛੀ ਲੈ ਕੇ ਵਾਪਸ ਆਉਣਾ ਸੀ। ਇਸ ਕਰਕੇ ਅੱਜ ਦੀ ਰਾਤ ਮੈਂ ਅਤੇ ਉਨ੍ਹਾਂ ਦੀ ਧੀ ਵੀਉਲੇਤਾ ਹੀ ਪਿਛੇ ਰਹਿ ਗਏ ਸਾਂ। 'ਸਪੀਰੋ' ਜਾਂਦਾ ਹੋਇਆ ਮੈਨੂੰ ਘਰ ਸੌਣ ਲਈ ਕਹਿ ਕੇ ਗਿਆ ਸੀ।

ਸ਼ਾਮ ਦੇ ਨੌਂ ਕੁ ਵਜੇ ਦਾ ਵਕਤ ਹੋ ਗਿਆ ਸੀ। ਹੁਣ ਕਿਸੇ ਗਾਹਕ ਦੇ ਆਉਣ ਦੀ ਉਡੀਕ ਮੁੱਕ ਗਈ ਸੀ। ਅਸੀਂ ਵਿਹਲੇ ਸਮੇਂ ਨੂੰ ਪੂਰਨ ਲਈ ਐਵੇਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਰੁਝ ਗਏ ਸਾਂ। ਵੀਉਲੇਤਾ ਆਖ ਰਹੀ ਸੀ, ਹੁਣ ਦੂਸਰੇ ਦੇਸ਼ਾਂ ਤੋਂ ਵਿਜ਼ਟਰ ਲੋਕ ਬਹੁਤ ਘੱਟ ਆਉਣ ਲੱਗ ਪਏ ਹਨ। ਇਸ ਕਾਰਨ ਰੈਸਟੋਰੈਂਟ ਚਲਾਉਣ ਵਿਚ ਕੋਈ ਬਹੁਤਾ ਮੁਨਾਫਾ ਨਹੀਂ ਹੋ ਰਿਹਾ। ਸ਼ਾਇਦ ਦਿਨ-ਬ-ਦਿਨ ਯੂਰਪ ਵਿਚ ਪਰਿਵਾਰਕ ਖਰਚੇ ਵੱਧਣ ਕਾਰਨ ਲੋਕ ਬਾਹਰ ਜਾਣ ਤੋਂ ਸਕੋਚ ਕਰਨ ਲੱਗ ਪਏ ਹਨ। ਗੱਲਾਂ ਕਰਦੀ ਹੋਈ ਉਹ ਸਲਾਦ ਕੱਟ ਰਹੀ ਸੀ। ਡਿਨਰ ਖਾਣ ਲਈ ਮੈਂ ਮੇਜ਼ ਤੇ ਗਲਾਸ ਅਤੇ ਪਲੇਟਾਂ ਟਿਕਾ ਰਿਹਾ ਉਸਦਾ ਹੁੰਗਾਰਾ ਭਰ ਰਿਹਾ ਸੀ। ਏਨੇ ਨੂੰ ਉਸਨੇ ਤਿਆਰ ਕੀਤਾ ਸਲਾਦ ਅਤੇ ਭੁੰਨਿਆਂ ਹੋਇਆ ਤੰਦੂਆ ਅਤੇ ਇਕ ਵਾਈਨ ਦੀ ਬੋਤਲ ਮੇਜ਼ ਤੇ ਆ ਟਿਕਾਈ। ਰੈਸਟੋਰੈਂਟ ਦੀਆਂ ਜਗਦੀਆਂ ਤੇਜ਼ ਬੱਤੀਆਂ ਬੁਝਾ ਕੇ ਉਸ ਨੇ ਹੁਣ ਮੋਮਬੱਤੀ ਜਗਾ ਲਈ ਸੀ। ਉਸ ਦੀ ਮਿੰਨੀ ਮਿੰਨੀ ਰੋਸ਼ਨੀ ਵਿਚ ਅਸੀਂ ਮੇਜ਼ ਤੇ ਲੱਗੀਆਂ ਦੋ ਕੁਰਸੀਆਂ ਤੇ ਆਹਮੋ ਸਾਹਮਣੇ ਬੈਠ ਗਏ ਸਾਂ। ਲੋੜ ਅਨੁਸਾਰ ਵਾਈਨ ਆਪੋ ਆਪਣੇ ਗਲਾਸਾਂ ਵਿਚ ਪਾ ਕੇ ਹੌਲੀ ਹੌਲੀ ਪੀਣ ਲੱਗ ਪਏ ਸਾਂ। ਅੱਜ ਉਹ ਮੇਰੇ ਮੂਹਰੇ ਖੁੱਲ੍ਹੀ ਕਿਤਾਬ ਵਾਂਗ ਸੀ ਕਿ ਜਿਸ ਨੂੰ ਮੈਂ ਪੜ੍ਹ ਸਕਾਂ। ਪਰ ਮੇਰੇ 'ਚੋਂ ਹਿੰਮਤ ਗਾਇਬ ਸੀ। ਮੇਰੀਆਂ ਅੱਖਾਂ ਮੂਹਰੇ ਮੇਰੀ ਮਹਿਬੂਬ ਕੁੜੀ ਦਾ ਚਿਹਰਾ ਘੁੰਮ ਰਿਹਾ ਸੀ। ਉਹਦੀ ਵਫਾ ਆਪਣੇ ਕਲਾਵੇ ਵਿੱਚ ਲੈ ਕੇ ਮੈਨੂੰ ਸੰਭਲ ਜਾਣ ਦਾ ਵਾਸਤਾ ਪਾ ਰਹੀ ਸੀ। ਆਪਣੇ ਦਿਲ 'ਚੋਂ ਉਠ ਰਹੀਆਂ ਕਾਮ ਤਰੰਗਾਂ ਨੂੰ ਰੋਕਣ ਲਈ ਆਪਣੇ ਇਖਲਾਕੀ ਦ੍ਰਿੜਤਾ ਦੇ ਕੰਢਿਆਂ ਨੂੰ ਹੋਰ ਪੱਕਾ ਕਰ ਰਿਹਾ ਸੀ। ਆਪਣੇ ਨਿੱਕੇ ਨਿੱਕੇ ਭੈਣ ਭਰਾਵਾਂ ਅਤੇ ਮਾਂ ਬਾਪ ਨੂੰ ਯਾਦ ਕਰਦਿਆਂ, ਜਿਨ੍ਹਾਂ ਦੀਆਂ ਢੇਰ ਉਮੀਦਾਂ ਮੇਰੇ ਉਪਰ ਸੀ, ਆਪਣੀ ਜ਼ਿੰਮੇਵਾਰੀ ਪ੍ਰਤੀ ਸੁਚੇਤ ਹੋ ਰਿਹਾ ਸਾਂ। ਮੈਂ ਤਾਂ ਉਨ੍ਹਾਂ ਦੇ ਸੁਪਨਿਆਂ ਦਾ ਸੱਚ ਸਾਂ। ਇਸ ਸੱਚ ਤੋਂ ਪਰ੍ਹੇ ਹੋ ਕੇ ਜਿਉਣ ਵਿਚ ਮੈਨੂੰ ਕੋਈ ਤਸੱਲੀ ਨਹੀਂ ਸੀ। ਮੈਂ ਤਾਂ ਇਥੇ ਰੋਜ਼ੀ ਕਮਾਉਣ ਆਇਆ ਸਾਂ। ਇਹਦੀਆਂ ਸੁਨਹਿਰੀ ਜ਼ੁਲਫਾਂ ਦੀ ਛਾਂ ਹੇਠ ਤਾਂ ਫਰਜ਼ ਰਹਿਤ ਮੈਂ ਹੋਰ ਵੀ ਤਪ ਉਠਾਂਗਾ। ਜ਼ਿੰਦਗੀ ਦੇ ਅਸਲ ਮਕਸਦ ਤੋਂ ਕੋਹਾਂ ਦੂਰ ਚਲਾ ਜਾਵਾਂਗਾ। ਅਜੇ ਮੈਂ ਇਨ੍ਹਾਂ ਖਿਆਲਾਂ ਵਿਚ ਮਸ਼ਰੂਫ ਹੀ ਸਾਂ ਕਿ ਉਹ ਕਹਿਣ ਲੱਗੀ, "ਦਰਸ਼ਨ ਮੈਂ ਬਹੁਤ ਉਦਾਸ ਹਾਂ।" ਮੈਂ ਕਿਹਾ, "ਵੇਖਣ ਨੂੰ ਤਾਂ ਤੂੰ ਖੁਸ਼ ਨਜ਼ਰ ਆ ਰਹੀ ਆਂ।"

"ਉਹ ਤਾਂ ਸ਼ਾਇਦ ਤੇਰਾ ਕਰ ਕੇ," ਉਹ ਸਹਿਜ ਸੁਭਾਅ ਆਖ ਗਈ।

"ਮੇਰਾ ਕਰ ਕੇ ਕਿਉਂ ?" ਮੈਂ ਜਾਣਦਾ ਵੀ ਅਣਜਾਣ ਬਣ ਰਿਹਾ ਸੀ।

ਫੇਰ ਉਹ ਕਹਿਣ ਲੱਗੀ, "ਤੂੰ ਜਾਣਦਾਂ, ਮੈਂ ਹੁਣ ਉਨੀਂਵੇਂ ਸਾਲ ਵਿਚ ਏਂ ਤੇ ਮੇਰਾ ਕੋਈ



ਮਿੱਤਰ ਨਹੀਂ ਏ।"

ਮੈਂ ਕਿਹਾ, "ਹਾਂ, ਤੂੰ ਭਰ ਜਵਾਨ ਏਂ। ਸੁਹਣੀ ਏਂ। ਤੈਨੂੰ ਕੋਈ ਦੋਸਤ ਲੱਭ ਲੈਣਾ ਚਾਹੀਦਾ।"

ਇਹ ਲਫਜ਼ ਉਸਨੇ ਪਹਿਲੀ ਵਾਰ ਨਹੀਂ ਸਗੋਂ ਕਈ ਵਾਰ ਦੁਹਰਾਏ ਸਨ। ਮੈਂ ਇਸ ਨੂੰ ਕਦੀ ਵੀ ਗੰਭੀਰਤਾ ਨਾਲ ਨਹੀਂ ਸੀ ਲਿਆ। ਮੈਂ ਸਮਝ ਛੱਡਦਾ ਸਾਂ ਕਿ ਇਹ ਤਾਂ ਐਵੇਂ 'ਕੱਲੀ ਏ। ਇਹ ਨਾ ਹੋਵੇ ਕਿ ਮੇਰੀ ਨੌਕਰੀ ਤੋਂ ਛੁੱਟੀ ਕਰਾ ਦੇਵੇ। ਮੈਂ ਚਾਹੁੰਦਾ ਸੀ ਕਿ ਮੇਰੇ ਵਲੋਂ ਕੋਈ ਅਜਿਹੀ ਗਲਤੀ ਨਾ ਹੋਵੇ ਕਿ ਜਿਸ ਨਾਲ ਇਹਦੇ ਮਾਂ ਬਾਪ ਦੀ ਨਰਾਜ਼ਗੀ ਸਹੇੜਨੀ ਪਵੇ।

ਦੂਸਰਾ ਉਂਜ ਵੀ ਮੈਂ ਉਹਦੇ ਦੇਸ਼ ਵਿਚ ਗੈਰ-ਕਾਨੂੰਨੀ ਕੰਮ ਕਰਦਾ ਸਾਂ। ਬੇਸ਼ੱਕ ਉਹਦੇ ਨਾਲ ਵਿਆਹ ਰਚਾ ਕੇ ਮੈਨੂੰ ਉਥੇ ਪੱਕੇ ਰਹਿਣ ਦੀ ਇਜਾਜ਼ਤ ਮਿਲ ਸਕਦੀ ਸੀ ਪਰ ਮੈਨੂੰ ਇਹ ਕਿਸੇ ਵੀ ਕੀਮਤ ਤੇ ਮਨਜ਼ੂਰ ਨਹੀਂ ਸੀ। ਮੈਂ ਤਾਂ ਕੁਝ ਪੈਸੇ ਕਮਾ ਕੇ ਆਪਣੇ ਵਤਨ ਪਰਤਣਾ ਚਾਹੁੰਦਾ ਸੀ।

ਉਹ ਕੁਝ ਰੁਕੀ ਤੇ ਫੇਰ ਕਹਿਣ ਲਗੀ, "ਦਰਸ਼ਨ, ਕੋਈ ਦੋਸਤ ਬਨਾਉਣ ਦਾ ਮੇਰੇ ਕੋਲ ਵਕਤ ਹੀ ਕਿਥੇ ? ਤੂੰ ਜਾਣਦਾ ਈ ਏਂ।" ਮੈਂ ਕਿਹਾ, "ਤੂੰ ਲੱਭ ਸਕਦੀ ਏ। ਏਥੇ ਕਿਤੇ ਥੋੜ੍ਹੇ ਮੁੰਡੇ ਨੇ। ਰੋਜ਼ ਕਿੰਨੇ ਹੀ ਬੀਚ ਤੇ ਖਰਮਸਤੀਆਂ ਕਰਦੇ, ਸੀਟੀਆਂ ਵਜਾਉਂਦੇ ਉਠਦੇ ਬਹਿੰਦੇ ਨੇ।"

"ਉਹ ਤਾਂ ਸਭ ਆਵਾਰਾ ਉਜਡ ਕਿਸਮ ਦੇ ਨੇ। ਉਨ੍ਹਾਂ ਤੇ ਇਕ ਦਮ ਯਕੀਨ ਕਿਵੇਂ ਕੀਤਾ ਜਾ ਸਕਦਾ। ਨਾਲੇ ਸਾਰਾ ਦਿਨ ਮੈਨੂੰ ਸਬਜ਼ੀ ਦੀ ਦੁਕਾਨ ਉਪਰ ਕੰਮ ਕਰਨਾ ਪੈਂਦਾ। ਸ਼ਾਮ ਨੂੰ ਇਥੇ ਰੈਸਟੋਰੈਂਟ ਵਿੱਚ ਆ ਕੇ ਮੰਮੀ ਡੈਡੀ ਦੀ ਮਦਦ ਕਰਨੀ ਪੈਂਦੀ। ਕਦੀਂ ਇਕ ਮਿੰਟ ਸਾਈਕਲ ਵੀ ਚਲਾਉਣ ਲਈ ਜਾਂਦੀ ਤਾਂ ਡੈਡੀ ਦੀ ਨਜ਼ਰ ਮੇਰੇ ਉਪਰ ਹੀ ਰਹਿੰਦੀ ਏ। ਕੁਝ ਮਿੰਟ ਲੇਟ ਹੋ ਜਾਵਾਂ ਤਾਂ ਚੀਕ ਉਠਦਾ ਏ। ਤੂੰ ਆਪ ਹੀ ਦੱਸ ਬਿਨਾਂ ਜਾਣ ਪਛਾਣ ਤੋਂ ਕਿਸ ਨੂੰ ਦੋਸਤ ਬਣਾ ਲਵਾਂ।"

ਉਹ ਆਪਣੇ ਡੈਡੀ ਬਾਰੇ ਅਕਸਰ ਹੀ ਸ਼ਿਕਾਇਤ ਕਰਦੀ ਰਹਿੰਦੀ ਸੀ। ਉਸਦਾ ਡੈਡੀ ਮਤਰੇਆ ਬਾਪ ਸੀ। ਸ਼ਾਇਦ ਉਸ ਨੂੰ ਅਸਲ ਡੈਡੀ ਜਿਹਾ ਪਿਆਰ ਨਹੀਂ ਸੀ ਮਿਲਿਆ।

ਮੈਂ ਉਸਨੂੰ ਬੜੀ ਹਮਦਰਦੀ ਨਾਲ ਹੁੰਗਾਰਾ ਦਿੱਤਾ ਤਾਂ ਜੋ ਉਸ ਨੂੰ ਅਹਿਸਾਸ ਹੋਵੇ ਕਿ ਮੈਂ ਉਸ ਦੀ ਮੁਸ਼ਕਿਲ ਨੂੰ ਭਲੀ ਪ੍ਰਕਾਰ ਸਮਝਦਾ ਹਾਂ।

ਹੁਣ ਅਸੀਂ ਦੋਵੇਂ ਵਾਈਨ ਦੀ ਮਿੰਨੀ ਮਿੰਨੀ ਲੋਰ ਵਿਚ ਸਾਂ। ਇਕ ਬੋਤਲ ਖਾਲੀ ਹੋ ਗਈ ਸੀ। ਮੈਂ ਉਸ ਦੇ ਚਿਹਰੇ ਨੂੰ ਪਹਿਲੀ ਵਾਰ ਨਜ਼ਰ ਭਰ ਕੇ ਤੱਕਿਆ। ਉਸ ਦੀਆਂ ਅੱਖਾਂ ਦੇ ਗੁਲਾਬੀ ਡੋਰੇ ਬਿਜਲੀ ਵਾਂਗ ਲਿਸ਼ਕ ਰਹੇ ਸਨ। ਨੀਲੀਆਂ ਅੱਖਾਂ ਸਮੁੰਦਰ ਵਾਂਗ ਹੋਰ ਨੀਲੀਆਂ ਹੋ ਗਈਆਂ ਸਨ। ਗੋਰੇ ਨਿਛੋਹ ਮੁੱਖੜੇ ਦੀ ਝੱਲਕ ਮੇਰੀਆਂ ਅੱਖਾਂ ਨੂੰ ਚੁੰਧਿਆ ਰਹੀ ਸੀ। ਬੜ੍ਹੇ ਸਬਰ ਨਾਲ ਆਪਣੇ ਆਪ ਨੂੰ ਸੰਜਮ ਵਿਚ ਰੱਖਣ ਲਈ ਆਪਣੇ ਆਪ ਨਾਲ ਇਕਸਾਰ ਯੁੱਧ ਕਰ ਰਿਹਾ ਸੀ। ਉਹ ਵਾਰ ਵਾਰ ਲੰਬੇ ਸੁਨਹਿਰੀ ਵਾਲਾਂ ਨੂੰ ਆਪਣੇ ਚਿਹਰੇ ਤੋਂ ਪਿਛੇ ਹਟਾਉਂਦੀ ਹੋਈ ਮੇਰੇ ਤੇ ਕਹਿਰਾਨਾ ਹਮਲਾ ਕਰ ਜਾਂਦੀ ਤੇ ਮੈਂ ਘਾਇਲ ਪੰਛੀ ਵਾਂਗ ਕਿਸੇ ਜਾਲ 'ਚ ਫਸਿਆ ਤੜਫਦਾ। ਇਸ ਜਾਲ 'ਚੋਂ ਨਿਕਲਣ ਲਈ ਮੈਂ ਆਪਣੀ ਮਹਿਬੂਬ ਕੁੜੀ ਨੂੰ ਕੂਕਦਾ-ਮੈਨੂੰ ਯਕੀਨ ਜਿਹਾ ਹੁੰਦਾ ਕਿ ਮੇਰੀ ਇਹ ਕੂਕ ਜ਼ਰੂਰ ਸਮੁੰਦਰੋਂ ਪਾਰ ਜਾਂਦੀ ਏ। ਜ਼ਰੂਰ ਉਸ ਨੂੰ ਕਿਤੇ ਸੁਣਦੀ ਏ। ਜਦ ਵੀ ਕਦੇ ਉਸ ਨੂੰ ਮਿਲਿਆ ਤਾਂ ਦੱਸਾਂਗਾ ਤੇਰੇ ਹੁੰਗਾਰੇ ਵਿਚ ਕਿੰਨਾ ਬਲ ਸੀ, ਕਿੰਨੀ ਤਾਕਤ ਸੀ ਕਿ ਮੈਂ ਬੱਲਦੀ ਅੱਗ 'ਚੋਂ ਸਹੀ ਸਲਾਮਤ ਬਾਹਰ ਆ ਗਿਆ ਸਾਂ। ਭੂਚਾਲ ਆਣ ਤੇ ਮੇਰੇ ਪੈਰ ਧਰਤੀ ਤੇ ਅਡੋਲ ਰਹੇ ਸਨ।

ਮੈਨੂੰ ਗਰੀਕੀ ਅਤੇ ਉਸ ਨੂੰ ਇੰਗਲਿਸ਼ ਘੱਟ ਆਉਣ ਕਰਕੇ ਸਾਡੀਆਂ ਗੱਲਾਂ ਬੜੀਆਂ ਸੀਮਿਤ ਜਿਹੀਆਂ ਸਨ। ਖਾਲੀ ਸਮੇਂ ਨੂੰ ਭਰਨ ਲਈ ਉਹ ਸਿਗਰਟ ਸੁਲਗਾ ਲੈਂਦੀ। ਧੂੰਏਂ ਦੇ ਨਿੱਕੇ

ਨਿੱਕੇ ਬੱਦਲ ਉਹਦੇ ਕੰਵਾਰੇ ਹੋਠਾਂ ਨੂੰ ਛੂਹ ਛੂਹ ਮਦਹੋਸ਼ ਹੋ ਕੇ ਉਪਰ ਨੂੰ ਵਲ ਵਲੇਵੇਂ ਖਾ ਕੇ ਉਠਦੇ। ਇਸ ਪਾਰਦਰਸ਼ੀ ਧੂੰਏਂ 'ਚੋਂ ਮੇਰੇ ਵੱਲ ਝਾਕਦੀਆਂ ਉਹਦੀਆਂ ਅੱਖਾਂ ਆਪਣੇ ਸਵਾਲਾਂ ਦਾ ਜਵਾਬ ਮੰਗਦੀਆਂ। ਉਹਦੀ ਖਾਮੋਸ਼ੀ ਵੀ ਮੈਨੂੰ ਬੋਲਦੀ ਸੁਣ ਰਹੀ ਸੀ ਜੋ ਕਹਿ ਰਹੀ ਸੀ, "ਬੇਰਹਿਮ ਮੇਰੇ ਜੋਬਨ ਦੀ ਪਵਿੱਤਰ ਝੀਲ ਤੇ ਅਜੇ ਕਿਸੇ ਪੈਰ ਨਹੀਂ ਪਾਇਆ। ਮੇਰੇ ਜਵਾਨੀ ਦੇ ਭਰੇ ਗਲਾਸ ਨਾਲ ਅਜੇ ਕਿਸੇ ਪਿਆਸ ਨਹੀਂ ਬੁਝਾਈ। ਇਨ੍ਹਾਂ ਨਿਰਛਲ, ਨਿਰਮਲ ਅੱਖੀਆਂ 'ਚ ਅਜੇ ਕਿਸੇ ਘਰ ਨਹੀਂ ਕੀਤਾ।" ਉਹਦੀ ਜਵਾਨੀ ਦਾ ਤਰਲਾ ਉਹਦੀ ਖਾਮੋਸ਼ੀ 'ਚੋਂ ਫੁੱਟ ਫੁੱਟ ਬਾਹਰ ਆ ਰਿਹਾ ਸੀ ਪਰ ਮੈਂ ਤਾਂ ਪ੍ਰਦੇਸ਼ੀ ਸਾਂ ਸਿਰਫ਼ ਰੋਜ਼ੀ ਦੀ ਤਲਾਸ਼ ਵਿਚ ਭਟਕਦਾ। ਮੈਨੂੰ ਕਲ੍ਹ ਦਾ ਵੀ ਪਤਾ ਨਹੀਂ ਸੀ ਕਿ ਮੇਰਾ ਕਲ੍ਹ-ਕਿਸ ਦੇਸ਼ ਜਾਂ ਕਿਸ ਜਗ੍ਹਾ ਚਲ੍ਹੇਗਾ।

ਉਸ ਨੇ ਹੁਣ ਵਾਈਨ ਦੀ ਦੂਸਰੀ ਬੋਤਲ ਵੀ ਖੋਲ੍ਹ ਲਈ ਸੀ। ਖਾਣ ਨੂੰ ਹੋਰ ਭੁੰਨੀ ਮੱਛੀ ਮੇਜ਼ ਤੇ ਲੈ ਆਂਦੀ ਸੀ। ਗੱਲਾਂ ਕਰਦਿਆਂ ਕਈ ਵਾਰ ਉਹਦੇ ਰੂੰ ਜਿਹੇ ਹੱਥ ਮੇਰੇ ਹੱਥਾਂ ਨੂੰ ਛੂਹਣ ਛੂਹਣ ਕਰਦੇ। ਉਹਦੀਆਂ ਮੁਲਾਇਮ ਕੋਮਲ ਗੁਲਾਬੀ ਲੰਬੀਆਂ ਉਂਗਲਾਂ ਮੋਮਬੱਤੀ ਵਾਂਗ ਜਗਦੀਆਂ ਲੱਗਦੀਆਂ ਜੋ ਮੇਰੇ ਠੰਢੇ ਜਿਸਮ ਵਿਚ ਇਕ ਸੇਕ ਦੀ ਝਰਨਾਹਟ ਜਿਹੀ ਛੇੜ ਜਾਂਦੀਆਂ। ਮੈਨੂੰ ਮਹਿਸੂਸ ਜਿਹਾ ਹੁੰਦਾ ਕਿ ਹੁਣੇ ਕੋਈ ਜਿਸਮ 'ਚੋਂ ਅੱਗ ਦੀ ਲਾਟ ਉਠੇਗੀ ਜੋ ਇਸ ਸਮੁੰਦਰ ਕੋਲੋਂ ਵੀ ਨਹੀਂ ਬੁਝੇਗੀ। ਮੈਂ ਤੌਬਾ ਜਿਹੀ ਕਰਦਾ ਕਿ ਇਸ ਅੱਗ ਵਿਚ ਤਾਂ ਮੇਰੀ ਮਹਿਬੂਬ ਕੁੜੀ ਦੇ ਖ਼ਤ ਬਲ ਉਠਣਗੇ। ਤੇ ਉਨ੍ਹਾਂ ਖ਼ਤਾਂ ਦੀ ਸਵਾਹ ਲੈ ਕੇ ਮੈਂ ਕਿੰਜ, ਕਿਹੜੇ ਮੂੰਹ ਆਪਣੇ ਵਤਨ ਪਰਤਾਂਗਾ। ਕਿਸ ਝਨਾਂ ਦੇ ਪਾਣੀ 'ਚ ਜਲ ਪ੍ਰਵਾਹ ਕਰਾਂਗਾ। ਕਿਸੇ ਵੀ ਸੱਚੇ ਪਾਣੀ ਨੂੰ ਇਹ ਪ੍ਰਵਾਨ ਨਹੀਂ ਹੋਣਾ। ਜਿਵੇਂ ਕਹਿੰਦੇ ਨੇ ਕਿ ਅੱਗ ਕੋਲ ਘਿਉ ਪਿਘਲ ਜਾਂਦਾ ਹੈ, ਮੈਂ ਤਾਂ ਆਪਣੇ ਆਪ ਨੂੰ ਉਸ ਚੱਟਾਨੀ ਪੱਥਰ ਜਿਹਾ ਬਣਾ ਲਿਆ ਸੀ ਜੋ ਕਿਸੇ ਲਾਵੇ ਵਿਚ ਵੀ ਨਹੀਂ ਪਿਘਲਦਾ।

ਹੁਣ ਗਿਆਰਾਂ ਵਜੇ ਦਾ ਵਕਤ ਹੋ ਗਿਆ ਸੀ। ਵਾਈਨ ਦਾ ਚੰਗਾ ਨਸ਼ਾ ਸੀ। ਉਹ ਮੋਹ ਪ੍ਰੇਮ ਦੀਆਂ ਗੱਲਾਂ ਛੇੜਦੀ। ਮੈਂ ਕਿਸੇ ਹੋਰ ਪਾਸੇ ਲੈ ਜਾਂਦਾ। ਉਹ ਆਪਣੀ ਬੇਵੱਸੀ ਫੇਰ ਪਹਿਲਾਂ ਵਾਂਗ ਦੁਹਰਾਣ ਲੱਗਦੀ-ਕਿ "ਮੈਂ ਉਦਾਸ ਹਾਂ...ਮੇਰਾ ਕੋਈ ਮਿੱਤਰ ਨਹੀਂ.........।" ਮੈਂ ਸਮਝਦਾ ਹੋਇਆ ਵੀ ਬੇਸਮਝ ਬਣ ਕੇ ਅਡੋਲ ਬੈਠਾ ਸਾਂ। ਮੈਂ ਉਸ ਨੂੰ ਮਿੱਤਰ ਲੱਭਣ ਬਾਰੇ ਸੁਝਾਅ ਦਿੰਦਾ। ਉਸ ਦੀ ਮਜ਼ਬੂਰੀ ਉਹਦੀ ਮਾਸੂਮੀਅਤ 'ਚੋਂ ਬਾਹਰ ਡੁੱਲ ਡੁੱਲ ਪੈਂਦੀ। ਫੇਰ ਉਹ ਅਚਾਨਕ ਉਠੀ। ਇਕ ਗੀਤ ਜੋ ਉਨ੍ਹਾਂ ਦਿਨੀਂ ਬੜਾ ਮਸ਼ਹੂਰ ਸੀ, ਟੇਪ ਰਿਕਾਰਡ ਤੇ ਲਾ ਦਿੱਤਾ (ਦੇਹ ਕਤਾਲਾ ਵੇ, ਤੀ ਪੋਤਾ ਤੀ ਪੋਤਾ) ਜਿਸ ਦਾ ਮਤਲਬ ਸੀ ਕਿ ਤੂੰ ਕੁਝ ਨਹੀਂ ਸਮਝਦਾ, ਬਿਲਕੁਲ ਨਹੀਂ ਬਿਲਕੁਲ ਨਹੀਂ।

ਮੈਂ ਸੋਚ ਰਿਹਾ ਸਾਂ ਕਿ ਮੈਂ ਆਪਣੀ ਮਹਿਸੂਸ ਕੁੜੀ ਬਾਰੇ ਦੱਸਾਂ ਜਾਂ ਨਾ। ਆਖਰ ਉਹਦੀ ਜ਼ਿੱਦ ਵੇਖ ਕੇ ਮੈਥੋਂ ਰਿਹਾ ਨਾ ਗਿਆ ਕਿ ਮੈਂ ਇਕ ਹਮਵਤਨ ਕੁੜੀ ਨੂੰ ਬਹੁਤ ਪਿਆਰ ਕਰਦਾਂ। ਅਸੀਂ ਇਕ ਦੂਸਰੇ ਨੂੰ ਖ਼ਤ ਲਿਖਦੇ ਹਾਂ। ਇਕ ਦਿਨ ਸਾਡਾ ਵਿਆਹ ਹੋਵੇਗਾ। ਮੈਂ ਉਸ ਨੂੰ ਉਹਦੀ ਫੋਟੋ ਵਿਖਾਈ। ਉਹ ਫੋਟੋ ਵੇਖ ਕੇ ਰਤਾ ਕੁ ਗਹਿਰ ਗੰਭੀਰ ਹੋਈ ਤੇ ਫੇਰ ਉਹ ਲੰਬਾ ਜਿਹਾ ਸਾਹ ਭਰਦਿਆਂ ਮੇਰੇ ਤੇ ਇਸ ਤਰ੍ਹਾਂ ਮੁਸਕਰਾਈ ਜਿਵੇਂ ਅਸਲ ਭੇਦ ਖੁੱਲ੍ਹ ਜਾਣ ਤੇ ਕੋਈ ਮੁਸਕਰਾਉਂਦਾ ਹੈ। ਫੇਰ ਉਹ ਬੋਲੀ, "ਇਹ ਵੀ ਕੋਈ ਪਿਆਰ ਏ। ਤੂੰ ਇਥੇ, ਉਹ ਉਥੇ, ਖ਼ਤ ਲਿਖੀ ਜਾਉ, ਫੋਟੋ ਦੇਖੀ ਜਾਉ, ਝੁਰ ਝੁਰ ਮਰੀ ਜਾਉ, ਭਲਾ ਇੰਜ ਵੀ ਦਿਲ ਪਰਚ ਜਾਂਦੇ, ਭਲਾ ਇੰਜ ਵੀ ਅੱਗ ਬੁਝ ਜਾਂਦੀ। ਨਿਰਾ ਝੂਠ, ਨੰਬਰ ਵੰਨ ਪਾਖੰਡੀ ਏਂ ਤੂੰ।" ਉਹ ਬੱਚੇ ਨੂੰ ਸਮਝਾਣ ਵਾਂਗ ਕਿੰਨਾ ਕੁਝ ਇਕਸਾਰ ਬੋਲਦੀ ਗਈ।

ਮੈਂ ਉਸ ਨੂੰ ਯਕੀਨ ਦਵਾਇਆ। ਦੱਸਿਆ ਕਿ ਸਾਡੇ ਦਿਲ ਦਿਮਾਗ ਭਾਰਤੀ ਕਲਚਰ



ਮੁਤਾਹਿਤ ਕੁਝ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਅਸੀਂ ਵਰ੍ਹਿਆਂ ਤਾਈਂ ਇਕ ਦੂਜੇ ਦੀ ਉਡੀਕ ਕਰ ਸਕਦੇ ਹਾਂ।

ਉਹ ਆਮ ਵਾਂਗ ਮੁਸਕਰਾਈ ਤੇ ਬੋਲੀ, "ਇਹ ਮੇਰੇ ਵਿਸ਼ਵਾਸ ਤੋਂ ਪਰ੍ਹੇ ਦੀ ਗੱਲ ਹੈ। ਇਹ ਕੈਸਾ ਕਲਚਰ ਹੈ ਕਿ ਰੋਟੀ ਕੋਲ ਹੋਵੇ ਤਾਂ ਤੁਸੀਂ ਭੁੱਖ ਕੱਟੀ ਜਾਉ।"

"ਪਰ ਪਿਆਰ ਵੀ ਤਾਂ ਕੋਈ ਚੀਜ਼ ਏ ਨਾ।" ਮੈਂ ਕਿਹਾ। ਉਸ ਨੇ ਚੁੱਪ ਚੁਪੀਤੀ ਨੇ ਮੂੰਹ ਜਿਹਾ ਚੜ੍ਹਾਇਆ। ਫੇਰ ਬੋਲੀ, "ਤੈਨੂੰ ਕਿਵੇਂ ਪਤਾ ਕਿ ਉਥੇ ਉਸਦਾ ਕੋਈ ਦੋਸਤ ਨਹੀਂ ?"

"ਹੈ, ਬੱਸ ! ਇਕ ਵਿਸ਼ਵਾਸ ਹੀ ਤਾਂ ਹੈ। ਵਿਸ਼ਵਾਸ ਹੀ ਪਿਆਰ ਦਾ ਅਧਾਰ ਹੁੰਦਾ। ਮੈਨੂੰ ਉਸ ਤੇ ਪੱਕਾ ਯਕੀਨ ਹੈ ਕਿ ਮੇਰੇ ਤੋਂ ਬਿਨਾਂ ਉਹ ਕਿਸੇ ਨੂੰ ਪਿਆਰ ਨਹੀਂ ਕਰ ਸਕਦੀ।"

"ਨਿਰਾ ਝੂਠ," ਉਸ ਨੇ ਇਕ ਤੁਕ ਜਵਾਬ ਦਿੱਤਾ। ਮੈਂ ਕਿਹਾ, "ਤੂੰ ਵਿਸ਼ਵਾਸ ਕਰ ਜਾਂ ਨਾ ਕਰ, ਯਾਦ ਕਰਦਿਆਂ, ਫੋਟੋ ਵੇਖਦਿਆਂ, ਖ਼ਤ ਲਿਖਦਿਆਂ, ਮੇਰੇ ਮਨ ਨੂੰ ਤਾਂ ਬਹੁਤ ਸਕੂਨ ਏ। ਇਕ ਰੂਹਾਨੀ ਆਨੰਦ।"

"ਬਕਵਾਸ ਆਨੰਦ," ਉਹ ਕੁਝ ਖਿਝ ਕੇ ਬੋਲੀ।

ਏਨੇ ਨੂੰ ਬਾਹਰ ਦੋ ਪੁਲੀਸਮੈਨ ਪੈਦਲ ਹੀ ਦੋ ਤਿੰਨ ਵਾਰ ਰੈਸਟੋਰੈਂਟ ਦੇ ਮੋਹਰ ਦੀ ਲੰਘ ਕੇ ਗਏ ਤਾਂ ਮੇਰਾ ਦਿਲ ਦਹਿਲ ਗਿਆ। ਉਹ ਲੰਘਦੇ ਹੋਏ ਸਾਨੂੰ ਘੋਖਵੀਂ ਨਜ਼ਰੇ ਜਾਂਚ ਰਹੇ ਸਨ ਜਿਵੇਂ ਉਹ ਭੂਰੇ ਰੰਗ ਦੇ ਮੁੰਡੇ ਨੂੰ ਆਪਣੇ ਦੇਸ਼ ਦੀ ਕੁੜੀ ਨਾਲ ਡਰਿੰਕ ਪੀਣ ਤੋਂ ਵਰਜ ਰਹੇ ਹੋਣ। ਇਹ ਤਾਂ ਰੱਬ ਹੀ ਜਾਣੇ ਪਰ ਮੈਂ ਗੈਰ-ਕਾਨੂੰਨੀ ਹੋਣ ਕਰਕੇ ਅੰਦਰੋਂ ਜ਼ਰੂਰ ਡਰਦਾ ਸਾਂ। ਮੇਰੇ ਕੋਲੋਂ ਖੁੱਲ੍ਹ ਕੇ ਗੱਲ ਵੀ ਹੁਣ ਨਹੀਂ ਸੀ ਹੋ ਰਹੀ। ਇਸ ਅੰਦਰਲੇ ਡਰ ਬਾਰੇ ਜਦ ਮੈਂ ਵੀਉਲੇਤਾ ਨੂੰ ਦੱਸਿਆ ਤਾਂ ਉਹ ਹੱਥ ਫੜ ਕੇ ਕਹਿਣ ਲੱਗੀ, "ਡਰਪੋਕ ਕਿਤੋਂ ਦਾ, ਇਹ ਤਾਂ ਮੇਰੇ ਡੈਡੀ ਦੇ ਦੋਸਤ ਹੀ ਨੇ।"

ਹੁਣ ਬਾਰਾਂ ਤੋਂ ਉਪਰ ਵਕਤ ਹੋ ਗਿਆ ਸੀ। ਦੋਵੇਂ ਕਿਤੇ ਕਿਤੇ ਉਬਾਸੀਆਂ ਵੀ ਲੈ ਰਹੇ ਸਾਂ। ਮੋਮਬੱਤੀ ਢਲ ਕੇ ਬੁੱਝਣ ਹੀ ਵਾਲੀ ਸੀ। ਹਾਰੇ ਹੋਏ ਜਵਾਰੀਏ ਵਾਂਗ ਉਸ ਨੇ ਹੁਣ ਨਰਦਾਂ ਸੁੱਟ ਦਿੱਤੀਆਂ ਲੱਗਦੀਆਂ ਸਨ। ਸੌਣ ਲਈ ਆਪਣੇ ਆਪਣੇ ਕਮਰੇ ਵਿਚ ਜਾਣ ਤੋਂ ਪਹਿਲਾਂ ਰੈਸਟੋਰੈਂਟ ਦੇ ਜਿੰਦਰੇ ਵਗੈਰਾ ਚੈਕ ਕਰਨ ਲੱਗ ਪਏ ਸਾਂ।

ਬੀਚ ਦੇ ਕੰਢੇ ਇਸ ਰੈਸਟੋਰੈਂਟ ਦਾ ਮੋਹਰਲਾ ਹਿੱਸਾ ਵੱਡੇ ਵੱਡੇ ਸ਼ੀਸ਼ਿਆਂ ਦੇ ਫਰੇਮ ਦਾ ਬਣਿਆ ਹੋਇਆ ਸੀ। ਇਨ੍ਹਾਂ ਸ਼ੀਸ਼ਿਆਂ ਵਿਚੋਂ ਤੱਕਿਆਂ ਬਾਹਰ ਸ੍ਰਿਸ਼ਟੀ ਦੀ ਕਲਾ ਦਾ ਅਦਭੁੱਤ ਨਜ਼ਾਰਾ ਸਾਫ ਦਿਸ ਰਿਹਾ ਸੀ। ਬੀਚ ਦੇ ਪਰਲੇ ਪਾਸੇ ਉੱਚੇ ਉੱਚੇ ਪਹਾੜ ਨਜ਼ਰ ਆ ਰਹੇ ਸਨ। ਇਨ੍ਹਾਂ ਪਹਾੜਾਂ ਦੇ ਪੈਰਾਂ 'ਚ ਸਮੁੰਦਰ ਇਕਸਾਰ ਛੱਲਕ ਰਿਹਾ ਸੀ। ਛੱਲਾਂ ਉਠਦੀਆਂ ਸਨ। ਆਪਣੇ ਚੱਟਾਨੀ ਕੰਢੇ ਨਾਲ ਟੱਕਰਾ ਕੇ ਦਮ ਤੋੜ ਜਾਂਦੀਆਂ ਸਨ।

---

## ਤਲਵਾਰ ਤੇ ਫਾਖ਼ਤਾ/ਫਰਾਂਸਿਸ ਤਨਵੀਰ

ਤਲਵਾਰ ਨੂੰ ਫਾਖ਼ਤਾ ਕਹਿੰਦੇ ਹੋ,
ਤਲਵਾਰ ਨਹੀਂ ਫਾਖ਼ਤਾ ਹੋ ਸਕਦੀ।
ਤਲਵਾਰ ਤੇ ਕਤਲੋਂ ਗ਼ਾਰਤ ਏ,
ਤਲਵਾਰ ਤੇ ਖ਼ੌਫੋ ਦਹਿਸ਼ਤ ਏ।
ਤਲਵਾਰ ਨੂੰ ਫਾਖ਼ਤਾ ਕਹਿੰਦੇ ਹੋ ?
ਤਲਵਾਰ ਨਹੀਂ ਫਾਖ਼ਤਾ ਹੋ ਸਕਦੀ।
ਤਲਵਾਰ ਨਹੀਂ ਫਾਖ਼ਤਾ ਹੋ ਸਕਦੀ।

**ਲਿਪੀ ਅੰਤਰ-ਰਾਣੀ ਨਗਿੰਦਰ**

# ਫ਼ੰਜਰ/ਗੁਰਪ੍ਰੀਤ ਸਹਿਜੀ

ਜੇਕਰ ਮੈਂ ਆਪਣੇ ਕਮੀਨੇ ਹੋਣ ਦੇ ਵਰ ਨੂੰ ਗਲ ਘੁੱਟ ਕੇ ਮਾਰ ਦਿੱਤਾ ਤਾਂ ਸਮਾਜ ਦੀ ਕਮੀਨਗੀ ਮੇਰੀ ਸ਼ਰਾਫਤ ਨਾਲ ਮਿਲਕੇ ਮੇਰੇ ਜ਼ਮੀਰ ਨੂੰ ਖਾ ਜਾਵੇਗੀ।

ਦੀਪਕ ਦੀ ਕਾਮ-ਤ੍ਰੇਹ ਐਨੀ ਵਧ ਗਈ, ਉਹਦੀ ਹਰ ਹਰਕਤ ਵਿੱਚ ਹੀ ਕੋਈ ਔਰਤ ਪ੍ਰਵੇਸ਼ ਕਰ ਗਈ। ਤੁਰਨ ਤੇ ਬੋਲਣ ਦਾ ਲਹਿਜ਼ਾ ਵੀ। ਲੋਕਾਂ ਵਿੱਚ ਅਫਵਾ ਫੈਲ ਗਈ ਕਿ ਉਹਦੇ ਸਰੀਰ ਵਿੱਚ ਮਾਤਾ ਨੇ ਸਮਾਧੀ ਲਗਾ ਲਈ ਹੈ ਜਿਸ ਮਾਤਾ ਦੀ ਪੂਜਾ ਕਰਦਾ।

ਉਹਦੇ ਕੋਲ ਅੱਜ ਉਸੇ ਮਾਤਾ ਦੀ ਗੱਦੀ ਹੈ।

'ਮੈਂ ਇਹਨਾਂ ਨੂੰ ਹਰੇਕ ਸ਼ੈਅ ਦੇ ਸਕਦਾਂ, ਜੁ ਵੀ ਮੇਰੇ ਕੋਲ ਹੈ, ਸਿਵਾਏ ਇੱਜ਼ਤ ਤੋਂ, ਉਹ ਤਾਂ ਆਪਣੇ ਆਸ਼ਕਾਂ ਨੂੰ ਕਦੋਂ ਦੀ ਲੁਟਵਾ ਦਿੱਤੀ ਐ..... ?'

ਉਹਦੇ ਚਰਨਾਂ ਨੂੰ ਛੂਹ ਕੇ ਅੱਜ ਹਰੇਕ ਆਦਮੀ ਆਪਣੇ ਪਾਪਾਂ ਤੋਂ ਮੁਕਤੀ ਭਾਲ ਰਿਹਾ।

'ਆਪਣੇ ਲਈਂ ਤੂੰ ਕੁਝ ਵੀ ਨਹੀਂ ਸਾਂਭ ਕੇ ਰੱਖਣਾ, ਸਭ ਤਿਆਗ ਦੇਣਾ ਹੈ.....।''

ਮੇਰੀ ਖੁਸ਼ੀ ਦਾ ਕੋਈ ਵੀ ਟਿਕਾਣਾ ਨਹੀਂ, ਜਦ ਸਮਾਜ ਅਜਿਹੇ ਸਮਲਿੰਗੀ ਪੁਜਾਰੀ ਨੂੰ ਈਸ਼ਵਰ ਪ੍ਰਵਾਨ ਕਰਦੇ ਹਨ, ਪੂਰੀ ਸ਼ਰਧਾ ਨਾਲ।

'ਨਹੀਂ, ਸਹਿਜੀ ਕੀ ਕਰਾਂ, ਹਰ ਸ਼ੈਅ ਦੀ ਰਾਖੀ ਕਰਕੇ ਜੁ ਕੁਝ ਮੈਨੂੰ ਖੁਦਾ ਨੇ ਦਿੱਤਾ, ਸਿਰਫ ਮੇਰੇ ਲਈ ਤਾਂ ਨਹੀਂ, ਰੱਬ ਕੋਲ ਵੀ ਜੁ ਹੁੰਦਾ, ਉਹਦੇ ਲਈ ਨਹੀਂ ਹੁੰਦਾ, ਬੱਸ ਉਹਦੇ ਪੁੱਤਰਾਂ ਲਈ ਹੀ ਹੁੰਦਾ....।'

ਦੀਪਕ ਨੇ ਮੰਤਰਾਂ ਦੀ ਸਟੀਕ ਬੰਦ ਕਰਕੇ, ਕਮਰੇ ਵਿੱਚ ਬਣੀ ਸੈਲਫ 'ਤੇ ਰੱਖ ਦਿੱਤੀ।

ਨੰਗੇ ਪੈਰਾਂ ਨਾਲ ਫਰਸ਼ 'ਤੇ ਟਹਿਲ ਰਿਹਾ ਸੀ। ਆਵਾਜ਼ ਤੋਂ ਬਗੈਰ।

'ਖੁਦਾ ਨੇ ਆਪਣੇ ਸੰਸਾਰ ਵਿਚੋਂ ਧੱਕਾ ਮਾਰ ਕੇ ਕੱਢਣ ਲਈ ਦੋਵਾਂ ਲਿੰਗਾਂ ਵਿਚਕਾਰ ਵੰਡ ਦਿੱਤਾ, ਨਾ ਮੈਂ ਤੀਵੀਂ ਹਾਂ, ਨਾ ਮਰਦ.....ਮੇਰਾ ਕਦੇ ਘਰ ਬਣੂੰ ਕਿ ਨਹੀਂ...।'

ਉਹਦੀ ਜੂਠੀ ਕੀਤੀ ਹਰੇਕ ਸ਼ੈਅ ਹੁਣ ਸੰਗਤ ਲਈ ਪ੍ਰਸ਼ਾਦ ਬਣ ਜਾਂਦੀ ਹੈ। ਪ੍ਰਸ਼ਾਦ ਨੂੰ ਸੰਗਤ ਆਪਣਾ ਸਿਰ ਰੁਮਾਲ ਨਾਲ ਕੱਜ ਕੇ ਖਾਂਦੀ ਹੈ।

'ਤੇਰੇ ਜਿਹੇ ਬਹੁਤ ਆਦਮੀ ਨੇ, ਕੋਈ ਚੰਗਾ ਜਿਹਾ ਗਿਰੀਆ ਰੱਖ, ਪਰ ਰੱਖੀਂ ਉਸ ਨੂੰ ਜੁ ਤੇਰੇ ਨਾਲ ਇੱਜ਼ਤ ਦਾ ਵਟਾਂਦਰਾ ਕਰ ਸਕੇ....।'

'ਮੇਰੇ ਤਾਂ ਕੁਸ਼ ਖਾਨੇ ਨੀ ਪਈ....।'

ਨਾ ਸਮਝੀਂ ਵਿੱਚ ਸੇਲ੍ਹੀਆਂ ਸਕੋੜ ਕੇ ਮੇਰੇ ਵੱਲ ਦੇਖਣ ਲੱਗ ਪਿਆ।

'ਐਸਾ ਮਰਦ ਜੁ ਔਰਤ ਵੀ ਬਣ ਸਕੇ ਉਸੇ ਸ਼ੌਕ ਨਾਲ, ਜਿਸ ਮਾਣ ਨਾਲ ਤੇਰੇ ਲਈ ਮਰਦ ਬਣ ਕੇ ਰਹਿ ਸਕਦਾ, ਨਹੀਂ ਤਾਂ ਤੈਨੂੰ ਗੁੰਮਰਾਹ ਕਰਕੇ, ਤੇਰੀ ਪਤਨੀ ਦਾ ਵੀ ਸਰੀਰ ਸ਼ੋਸ਼ਣ ਕਰੂੰ....।'

'ਸਹਿਜੀ, ਮੇਰੇ ਅਰਗੇ ਆਦਮੀ ਦੀ ਪਤਨੀ ਦਾ ਸ਼ੋਸ਼ਣ ਤਾਂ ਬਹੁਤ ਸਮੇਂ ਤੋਂ ਸਮਾਜ ਕਰਦਾ ਰਿਹਾ, ਇਕ ਲੌਂਡੇ ਦੀ ਪਤਨੀ ਦੀ ਹਾਲਤ ਵੇਸਵਾ ਤੋਂ ਕੋਈ ਬਹੁਤ ਚੰਗੀ ਨ੍ਹੀਂ ਹੁੰਦੀ...।'

ਹਰਮਨ ਨੇ ਬੜੇ ਸਮੇਂ ਬਾਅਦ ਆਪਣੀ ਚੁੱਪ ਤੋੜੀ।

'ਕਿਉਂ ?' ਜਾਣ-ਬੁਝ ਕੇ ਮੈਂ ਰਸਮੀ ਜਿਹੀ ਹੈਰਾਨੀ ਦਿਖਾ ਦਿੱਤੀ।

'ਇੱਕ ਉਮਰ ਤੋਂ ਬਾਅਦ ਲੌਂਡੇ ਨਾਲ ਸੌਣ ਦੀ ਕਿਸੇ ਵਿੱਚ ਵੀ ਰੁਚੀ ਨ੍ਹੀਂ ਹੁੰਦੀ, ਕੱਚੀ ਉਮਰ 'ਚ ਰੱਬ ਚੋਦ ਘਰ ਵੀ ਸੱਦਦੇ ਨੇ, ਚੰਗਾ ਦਿੰਦੇ ਨੇ ਖਾਣ-ਪੀਣ ਨੂੰ...ਫਿਰ ਤਾਂ ਸਮੇਂ ਨਾਲ ਸਭ



ਬਦਲ ਜਾਂਦਾ..।'

ਉਹਨਾਂ ਦੇ ਸਾਰੇ ਮਾਨਸਿਕ ਰਿਸ਼ਤੇ ਉਮਰ ਕਬਾੜ ਕਰਕੇ ਰੱਖ ਦਿੰਦੀ ਹੈ। ਜਵਾਨੀ ਢਲ ਜਾਣ ਤੋਂ ਬਾਅਦ ਮਰਦ 'ਚੋਂ ਮਰਦ ਦੀ ਹਵਾੜ੍ਹੰ ਮਾਰੀ ਜਾਂਦੀ ਹੈ। ਭਾਵੁਕ ਸਾਂਝ ਵੀ ਨਸ਼ਟ ਹੋ ਜਾਂਦੀ ਹੈ।

ਗਿਰੀਆ ਵੱਲੋਂ ਧੋਖਾ ਦੇਣ ਕਰਕੇ ਮਣੀ ਅੱਜ ਬਹੁਤ ਹੀ ਦੁਖੀ ਸੀ।

ਦੀਪਕ ਮੇਰੇ ਲਈ ਰਸੋਈ ਵਿੱਚ ਚਲਾ ਗਿਆ, ਚਾਹ ਬਣਾਉਣ।

ਅੱਖ ਦਾ ਇਸ਼ਾਰਾ ਕੀਤਾ ਤਾਂ ਕਿਸੇ ਔਰਤ ਦੀ ਤਰ੍ਹਾਂ ਮਣੀ ਵੀ ਸ਼ਰਮਾ ਗਿਆ।

'ਆਜਾ ਐਨੀ ਦੂਰ ਕਿਉਂ ਬੈਠਾਂ। ਕੋਲ ਬਹਿਜਾ ਆ ਕੇ। ਸਰੀਰ 'ਚੋਂ ਕੋਈ ਸੇਕ ਨਿਕਲੇ। ਇਨ੍ਹਾਂ ਨੂੰ ਸਾਫ ਕਿਉਂ ਨਹੀਂ ਕਰ ਲੈਂਦਾ....।'

ਉਹਦੀ ਛਾਤੀ 'ਤੇ ਉੱਗੇ ਵੱਡੇ-ਵੱਡੇ ਵਾਲ ਦੇਖ ਕੇ ਮੇਰੇ ਦਿਲ ਵਿੱਚ ਖਿਝ ਪੈਦਾ ਹੋ ਗਈ। ਠੁਮਕੇ ਮਾਰਦਾ, ਕਾਨਿਆਂ ਦੀ ਬਣੀ ਕੁਰਸੀ ਖਿੱਚ ਕੇ ਮੇਰੇ ਨਜ਼ਦੀਕ ਆ ਕੇ ਬੈਠ ਗਿਆ।

'ਇਹ ਤਾਂ ਮਰਦ ਦੀ ਨਿਸ਼ਾਨੀ ਨੇ, ਔਰਤਾਂ ਨੂੰ ਬਹੁਤ ਚੰਗੇ ਲੱਗਦੇ ਨੇ, ਮੇਰੀ ਵਾਈਫ ਨੂੰ ਵੀ..।'

ਵਾਲਾਂ ਦੀ ਚੂੰਡੀ ਭਰ ਕੇ ਵਟਾ ਚਾੜ ਕੇ ਤਾਅ ਦਿੱਤੀ। ਮੂੰਹ ਵਿੱਚ ਤੂੰਬਾਕੂ ਦੀ ਗੰਦੀ ਮੁਸ਼ਕ ਆ ਰਹੀ ਸੀ। ਜਿਸ ਵਜ੍ਹਾ ਕਰਕੇ ਚੁੰਮਣ ਕਰਨ ਲਈ ਮੈਂ ਬੁਲ੍ਹ ਨਹੀਂ ਖੋਲ੍ਹ ਸਕਿਆ।

'ਮਣੀ ਮੈਂ ਕਿਸੇ ਮਰਦ ਨਾਲ ਖੇਹ ਨਹੀਂ ਖਾ ਸਕਦਾ, ਔਰਤ ਬਣ ਜੇਂ ਤਾਂ ਚੰਗਾ ਰਹੂ...।'

ਉਹ ਕੁਰਸੀ ਨੂੰ ਮਗਰ ਸਰਕਾ ਕੇ ਬਹਿ ਗਿਆ।

'ਕੋਈ ਵੀ ਆਤਮਾ ਨੂੰ ਪਿਆਰ ਕਰਦਾ ਨ੍ਹੀਂ, ਕਿਉਂ ਸਿਰਫ਼ ਸਰੀਰ ਨੂੰ ਹੀ ਢੰਗ ਮਾਰ ਕੇ ਲਿੰਗ ਦਾ, ਵਿਊ ਚਾੜ੍ਹੀ ਜਾਂਦੇ ਨੇ ਸਭ......।'

'ਮਣੀ ਪਿਆਰ ਦੇ ਰਿਸ਼ਤੇ ਲਈ ਤਾਂ ਪਹਿਲੀ ਸ਼ਰਤ ਸਰੀਰ ਹੈ ਕਾਮ ਲਈ, ਬਾਕੀ ਤਾਂ ਬਕਵਾਸ ਹੈ..ਨਿਰਾ ਪਾਖੰਡ....।'

'ਸਮਾਂ ਸੀ, ਸ਼ਹਿਰ ਦੇ ਕਿੰਨੇ ਚਿਕਨੇ ਮੁੰਡੇ ਲੱਟੂ ਸੀ ਮੇਰੇ ਤੇ, ਖੁਦ ਨੂੰ ਪਿਆਰ ਕਰਨ ਦਾ ਸਮਾਂ ਹੀ ਨਹੀਂ ਸੀ ਹੁੰਦਾ.....ਅੱਜ ਦੇਖ ਮੇਰੇ ਸਮੇਂ ਤੋਂ ਬਗੈਰ ਕੁਝ ਨਹੀਂ...।'

ਆਪਣੇ ਖਾਲੀ ਹੱਥ ਨਜ਼ਰਾਂ ਸਾਹਮਣੇ ਫੈਲਾ ਕੇ ਦੇਖਣ ਲੱਗ ਪਿਆ।

'ਤੇਰੀ ਵਾਈਫ ਨੂੰ ਪਤਾ, ਤੂੰ ਕਿਸੇ ਇੱਕ ਔਰਤ ਦਾ ਪਤੀ ਹੋਣ ਦੇ ਬਾਵਜੂਦ ਕਈ ਮਰਦਾਂ ਦੀ ਵਾਈਫ ਵੀ ਏਂ...।'

ਮੈਂ ਉਹਦੇ ਨਿੱਜੀ ਰਿਸ਼ਤੇ ਦੀਆਂ ਆਂਦਰਾਂ ਦਾ ਖਰੂੰਢ ਭਰ ਲਿਆ।

'ਹੂੰ......,' ਹੁੰਗਾਰੇ ਵਿਚ ਸਿਰ ਵੀ ਝਟਕ ਦਿੱਤਾ।

'ਅਜੇ ਵੀ ਤੇਰੇ ਨਾਲ ਐ.....!'

ਯਕੀਨ ਨਾ ਕਰ ਸਕਿਆ।

'ਵਾਈਫ ਹੁੰਦਾ ਤਾਂ ਘਾਟੇ ਹੀ ਕਿਸ ਗੱਲ ਦੇ ਸੀ, ਪਰ ਕੀ ਕਰਾਂ, ਮੈਂ ਰਖੇਲ ਸਾਂ ਤੇ ਹਾਂ ਵੀ, ਉਹ ਵੀ ਸਿਰਫ ਉਨਾ ਸਮਾਂ ਜਦ ਤੀਕ ਕੋਈ ਖਲਾਸ ਨ੍ਹੀਂ ਹੁੰਦਾ, ਮਰਦ ਖਲਾਸ ਤਾਂ ਇਹ ਰਿਸ਼ਤਾ ਵੀ ਖਲਾਸ, ਖਤਮ...ਜਦ ਤੀਕ ਫਿਰ ਨਹੀਂ ਉਹਨੂੰ ਮੇਰੀ ਲੋੜ ਪੈਂਦੀ।'

'ਹੁਣ ਤਾਂ ਕਾਨੂੰਨ ਨੇ ਆਪਣੀ ਨਜ਼ਰ ਵਿੱਚ ਹੱਕ ਵੀ ਦੇ ਦਿੱਤਾ, ਸਮਲਿੰਗੀ ਮੈਰਿਜ਼ ਨੂੰ....।'

ਖੁਸ਼ੀ ਨਾਲ ਭਰੀ ਖ਼ਬਰ ਦੱਸ ਕੇ, ਉਹਦੇ ਦੁੱਖ ਨੂੰ ਘੱਟ ਕਰਨ ਦੀ ਫੋਕੀ ਜਿਹੀ ਕੋਸ਼ਿਸ਼

ਕੀਤੀ।

'ਫੇਰ ਵੀ ਕੋਈ ਫਰਕ ਨਹੀਂ ਪਿਆ, ਨਫਰਤ ਤਾਂ ਨਹੀਂ ਮਿਟ ਸਕੀ ਸਮਾਜ ਵਿੱਚ, ਜੁਰਮ ਨਹੀਂ ਮੰਨਦਾ ਕਾਨੂੰਨ ਪਰ ਸਾਡੀ ਇੱਜ਼ਤ ਵੀ ਕੌਣ ਕਰਦਾ, ਮੇਰੇ ਜਿਹੀ ਔਰਤ ਦੀ..।'

ਮਣੀ ਦੀ ਨਜ਼ਰ ਨਮ ਹੋ ਗਈ, ਪਰ ਹੰਝੂ ਬਣਕੇ ਨਹੀਂ ਡੁੱਲੀ। ਉਹਨੇ ਜੇਬ ਵਿਚੋਂ ਸਿਲਵਰ ਦੇ ਕਾਗਜ਼ ਦੀਆਂ ਪਰਤਾਂ ਖੋਲ੍ਹ ਕੇ ਪਾਨ ਨੂੰ ਕੱਢਕੇ ਖਾਣਾ ਸ਼ੁਰੂ ਕੀਤਾ।

'ਨਹੀਂ, ਮੈਂ ਨਹੀਂ ਖਾ ਸਕਦਾ, ਅਜੇ ਮਨ ਨਹੀਂ ਕਰਦਾ, ਫਿਰ ਕਦੇ ਸਹੀਂ.....।'

ਅੱਧਾ ਪਾਨ ਦੰਦਾਂ ਨਾਲ ਕੱਟ ਕੇ ਮੈਨੂੰ ਖਾਣ ਲਈ ਪੇਸ਼ ਕੀਤਾ।

'ਕਿਸੇ ਧਰਮ ਵਿੱਚ ਤਾਂ ਭਰੋਸਾ ਕਰਦੇ ਹਨ ਜੁ ਇਨਸਾਨੀ ਤਬਕੇ ਵਿੱਚ ਵੰਡੇ ਹੋਣ।'

'ਹਾਂ, ਮੈਂ ਰੱਬ ਵਿਚ ਵਿਸ਼ਵਾਸ ਰੱਖਦਾ ਹਾਂ...ਕੋਈ ਐਤਰਾਜ਼.... ?'

'ਤਾਂ ਹੀ ਮੈਂ ਸਮਝਾਂ, ਚੱਕਰ ਕੀ ਹੈ, ਧਰਮ ਨੇ ਲੋਕਾਂ ਨੂੰ ਤੋੜ ਦਿੱਤਾ, ਮੈਂ ਹਿੰਦੂ, ਮੈਂ ਯੇ, ਮੈਂ ਸਾਲਾ ਵੋ, ਜੇ ਧਰਮ 'ਚ ਭਰੋਸਾ ਨਾ ਕਰਦਾ, ਤਾਂ ਮੇਰਾ ਜੂਠਾ ਪਾਨ ਜ਼ਰੂਰ ਖਾਂਦਾ...।'

'ਕਿਉਂ ਧਰਮ ਕੋਈ ਗੁਨਾਹ ਹੈ.... ?'

ਆਪਣੀ ਹਿੱਕ ਤੇ ਜੰਮੀ ਮੈਲ੍ਹ ਦੀ ਪਰਤ ਮਸਲ ਕੇ ਉਤਾਰ ਦਿੱਤੀ।

'ਧਰਮਾਂ ਨੇ ਜਾਤਾਂ ਬਣਾ ਦਿੱਤੀਆਂ। ਸਭ ਤੋਂ ਵੱਡਾ ਲੰਗਰ ਦਾ ਇੱਕ ਦੂਸਰੇ ਦਾ ਜੂਠਾ ਖਾਣਾ ਤੇ ਧਰਮ ਵੀ, ਜੁ ਹਰੇਕ ਧਰਮ ਨੇ ਮਨਾਹੀਂ ਕੀਤੀ, ਅਛੂਤ ਸਮਝ ਕੇ...।'

ਥੁੱਕ ਦੀ ਮਿੱਠੀ ਘੁੱਟ ਸੰਘ ਵਿਚੋਂ ਅੰਦਰ ਸਰੀਰ ਵਿਚ ਨਿਘਾਰ ਲਈ। ਉਹਦੀ ਗਲ੍ਹ ਇੱਕ ਪਾਸੇ ਨੂੰ ਉਭਰੀ ਹੋਈ ਸੀ।

'ਪੂਰਾ ਨਹੀਂ, ਪਰ ਕਾਫੀ ਹੱਦ ਤੀਕ ਠੀਕ ਏ..।'

'ਗਲ ਤਾਂ ਮਣੀ ਕਦੇ ਵੀ ਨਹੀਂ ਹੋ ਸਕਦਾ....,' ਅੱਖ ਮਾਰ ਕੇ ਔਰਤ ਵਾਂਗ ਹੱਸ ਪਿਆ, ਮੇਰਾ ਹੱਥ ਆਪਣੇ ਹੱਥਾਂ ਵਿੱਚ ਫੜ੍ਹਕੇ।

'ਹਰ ਧਰਮ ਕੁਝ ਲੋਕਾਂ ਦੀ ਝੂਠੀ ਤਾਰੀਫ ਕਰਕੇ ਹੋਰਾਂ ਨਾਲੋਂ ਉੱਚਾ ਹੋਣ ਦਾ ਭਰਮ ਬਣਾ ਦਿੰਦਾ....ਤੇ ਫਿਰ ਕੋਈ ਉੱਚਾ ਜਾਂ ਖੁਦ ਨੂੰ ਸ਼੍ਰੇਸ਼ਠ ਸਮਝ ਲਏ, ਨੀਵੇਂ ਨੂੰ ਨਫ਼ਰਤ ਤਾਂ ਕਰੇਗਾ, ਕੁਦਰਤ ਦਾ ਅਸੂਲ ਐ, ਜੇ ਝੁਕ ਕੇ ਗਲ ਲਾਵੇ ਨੀਵੇਂ ਨੂੰ, ਤਾਂ ਆਪ ਹੀ ਖੜੀ ਮੀਨਾਰ ਤੋਂ ਹੇਠਾਂ ਡਿੱਗ ਪਊ...।'

ਉਹਨੇ ਪਾਨ ਵਾਲੇ ਸਿਲਵਰ ਦੇ ਕਾਗਜ਼ ਨੂੰ ਮਰੋੜ ਕੇ ਕਮਰੇ 'ਚੋਂ ਬਾਹਰ ਸੁੱਟ ਦਿੱਤਾ।

'ਸਾਰੇ ਲੋਕ ਮੰਦਰਾਂ, ਮਸਜਿਦਾਂ ਦੀਆਂ ਦੀਵਾਰਾਂ ਤੇ ਖੜ੍ਹੇ ਨੇ। ਕਰਨ ਵੀ ਕੀ ? ਹੋਰ ਨੂੰ ਗਲੇ ਮਿਲਣ ਜਾਂਦੇ ਨੇ ਤਾਂ ਆਪ ਡਿੱਗ ਕੇ ਮਰਨ ਤੋਂ ਡਰਦੇ ਨੇ ਵਿਚਾਰੇ, ਜੁ ਚੀਜ਼ ਨਹੀਂ ਮਿਲ ਸਕਦੀ, ਉਸ ਨੂੰ ਫਿਰ ਨਫ਼ਰਤ ਕਰਨ ਤੋਂ ਬਿਨਾਂ ਕਰਨ ਵੀ ਕੀ.....।'

ਕਾਫੀ ਸਮਾਂ ਬੋਲ ਕੇ ਖਾਮੋਸ਼ ਬੈਠ ਗਿਆ। ਆਪਣੇ ਨਹੁੰਆਂ ਤੇ ਪਾਲਸ਼ ਲਾਉਣ ਲੱਗ ਪਿਆ।

'ਮਣੀ ਇਨ੍ਹਾਂ ਬੰਦਸ਼ਾਂ ਨੂੰ ਸੈਕਸ, ਕਾਮ ਅਤੇ ਸਮਲਿੰਗੀ ਤੋੜ੍ਹ ਦੇਣਗੇ ਦੇਖੀਂ....।'

ਮੂੰਹ ਵਿੱਚ ਆਈ ਹੱਲਾਸ਼ੇਰੀ ਨਾਲ ਉਹਦਾ ਹੌਸਲਾ ਵਧਾ ਦਿੱਤਾ। ਮੇਰੇ ਨਾਲ ਉਹਦਾ ਹਰੇਕ ਪਰਦਾ ਸਾਂਝਾ ਹੋ ਸਕੇ।

'ਸਹਿਜੀ, ਸਾਨੂੰ ਤਾਂ ਸਿਰਫ਼ ਅਗਲੇ ਦੇ ਲਿੰਗ ਨਾਲ ਹੀ ਮਤਲਬ ਹੈ। ਸਰੀਰ ਦੀ ਸਤੁੰਸ਼ਟੀ ਨਾਲ। ਕਿਸੇ ਦੇ ਧਰਮ ਜਾਂ ਜਾਤ ਨਾਲ ਨਹੀਂ। ਮੈਂ ਰਿਕਸ਼ੇ ਵਾਲੇ ਨਾਲ ਵੀ ਸੌਂ ਸਕਦਾਂ ਤੇ ਕਿਸੇ ਭਿਖਾਰੀ ਨਾਲ ਵੀ। ਹਿੰਦੂ, ਸਿੱਖ ਤੇ ਮੁਸਲਮਾਨ ਨਾਲ ਵੀ। ਸਮਲਿੰਗੀ ਤਾਂ ਜਾਤਾਂ-ਪਾਤਾਂ ਦੀ



ਪਰਵਾਹ ਨਹੀਂ ਕਰਦੇ। ਤੁਸੀਂ ਲੋਕ ਇੱਕ ਦੂਜੇ ਦਾ ਜੂਠਾ ਵੀ ਨਹੀਂ ਖਾ ਸਕਦੇ....ਪਰ ਮੋਟੇ ਕਰੋੜਪਤੀ ਸੇਠ ਨਾਲ ਨਹੀਂ ਸੈਕਸ ਕਰ ਸਕਦਾ...ਜੁ ਸੋਹਣਾ ਨਹੀਂ।'

ਮਣੀ ਨੇ ਆਪਣੀ ਸ਼ਰਟ ਦੇ ਕਾਲਰ ਖੜ੍ਹੇ ਕਰਕੇ ਬੜੇ ਫਖਰ ਨਾਲ, ਮੇਰੇ ਵੱਲ ਈਰਖਾ ਵਿੱਚ ਝਾਕਿਆ।

ਮੈਂ ਤਾਂ ਅਜੇ ਵੀ ਸੁਆਂਦਾਂ ਵਿੱਚ ਉਲਝੀ ਜਾਂਦਾ ਸਾਂ।

ਸਹਿਜੀ ਪੰਜਾਬੀ ਦਾ ਭਾਰਤ ਵਿੱਚ ਅਜਿਹਾ ਪਹਿਲਾ ਲੇਖਕ ਹੈ, ਜਿਸ ਤੇ ਸਮਲਿੰਗੀ ਮਰਦਾਂ ਨੇ ਆਪਣਾ ਵਿਸ਼ਵਾਸ ਜਿਤਾਕੇ ਰੱਜ ਕੇ ਮੁਹੱਬਤ ਕੀਤੀ। ਆਪਣੀ ਪ੍ਰੇਮਿਕਾ ਦੀ ਹਰੇਕ ਨੇ ਕੁਰਬਾਨੀ ਦਿੱਤੀ, ਮੇਰੀ ਖਿਦਮਤ ਵਿੱਚ ਹਾਜ਼ਰ ਵੀ ਕੀਤੀ। ਕਾਫੀ ਕੁੜੀਆਂ ਨੇ ਰਿਸ਼ਤੇ ਭੰਨ ਕੇ ਖੁਦ ਨੂੰ ਤਬਾਹ ਕੀਤਾ।

'ਚਾਹ ਨਹੀਂ ਆਈ ਅਜੇ.....।'

ਇਸ ਬਹਾਨੇ ਨਾਲ ਕਮਰੇ ਵਿਚੋਂ ਬਾਹਰ ਜਾਕੇ, ਉਹਦੀ ਚੀਰਵੀਂ ਅੱਖ ਤੋਂ ਖੁਦ ਨੂੰ ਬਚਾ ਲਿਆ। ਵਿਹੜੇ ਖੜ੍ਹਕੇ ਆਕਾਸ਼ ਵੱਲ ਐਵੇਂ ਹੀ ਤਾਰਿਆਂ ਦੀ ਰੌਸ਼ਨੀ ਵਿੱਚ ਬੱਦਲ ਤਲਾਸ਼ ਕਰਨ ਲੱਗਾ।

ਰਸੋਈ ਵਿੱਚ ਪਾਣੀ ਉਬਲ ਰਿਹਾ ਸੀ ਗੈਸ ਚੁੱਲੇ 'ਤੇ।

ਦੀਪਕ ਕਿਥੇ ਗਿਆ ਹਰਾਮੀ... ?

ਫਿਰ ਆਪਣੇ ਸੁਆਦ ਅਨੁਸਾਰ ਚਾਹ-ਪੱਤੀ ਅਤੇ ਖੰਡ ਪਾ ਕੇ ਵਾਪਸ ਕਮਰੇ ਵਿੱਚ ਆ ਗਿਆ।

ਸੈਨਤ ਮਾਰ ਕੇ ਮਣੀ ਤੋਂ ਕੋਈ ਸੁਆਲ ਪੁੱਛ ਲਿਆ। ਸਵਾਲ ਕੀ ਸੀ, ਪਤਾ ਨਹੀਂ ?

'ਮੈਂ ਸੁਣਿਆਂ ਹੁਣ ਤੂੰ ਆਪਣੀ ਜੀਵਨੀ ਲਿਖ ਰਿਹਾਂ ਏਂ.... ?'

ਫਿਰ ਉਹ ਬਗੈਰ ਆਵਾਜ਼ ਤੋਂ ਖਿੜ੍ਹ ਕੇ ਹੱਸ ਪਿਆ।

'ਐਨਾ ਮਸ਼ਹੂਰ ਤਾਂ ਨਹੀਂ ਮੈਂ, ਲੋਕਾਂ ਵਿਚ ਮੇਰੀ ਲਿਖੀ ਜਾਣ ਵਾਲੀ ਕਿਤਾਬ ਦਾ ਪਹਿਲਾਂ ਹੀ ਜ਼ਿਕਰ ਹੋਣ ਲੱਗੇ....।'

ਮੈਂ ਹੁਣ ਕਾਫੀ ਰਾਹਤ ਮਹਿਸੂਸ ਕੀਤੀ ਤੇ ਖੁਸ਼ ਵੀ ਹੋ ਗਿਆ।

'ਤੇਰਾ ਫਰੈਂਡ ਐਂ ਨਾ ਜੱਸੀ, ਥੋੜ੍ਹਾ ਚਿਰ ਮੈਂ ਵੀ ਉਹਦਾ ਗਿਰੀਆ ਰਿਹਾਂ, ਕਾਫੀ ਗਰਮ ਸੀ..ਕੀ ਲਿਖੇਗਾਂ ਫਿਰ.... ?'

'ਆਪਣੀ ਮਾਂ ਦੀ ਲਵ-ਸਟੋਰੀ, ਪਿਤਾ ਦੇ ਨਜੈਜ ਸਬੰਧ, ਕੁਝ ਕੁ ਸਮਲਿੰਗੀ ਸਬੰਧ...ਜੁ ਲੋਕਾਂ ਨਾਲ ਮੈਂ ਧੋਖੇ ਕੀਤੇ.....ਦੇਖੋ ਕੀ ਬਣ ਸਕਦਾ ਏ...।'

ਮੈਂ ਬੇ-ਫਿਕਰ ਹੋਣ ਦਾ ਸੁਆਂਗ ਰਚਾ ਲਿਆ।

'ਬਣਨਾ ਕੀ ਏ, ਬੜ੍ਹੀ ਕੁੱਤੀ ਸ਼ੈਅ ਏਂ। ਹੁਣ ਹੋਰ ਕੋਈ ਚਾਰਾ ਨਹੀਂ ਤਾਂ ਆਪਣੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ.....ਲਿਖੀਂ ਸਪੱਸ਼ਟ ਹੀ, ਸਿੱਧਾ ਸਪਾਟ, ਕਿਤੇ ਕਲਾ-ਸਾਹਿਤ ਵਿੱਚ ਉਲਝ ਕੇ ਸੱਚ ਨਾ ਲਕੋਵੀਂ। ਕਿਤੇ ਕਲਾ ਹੀ ਰਹਿ ਜਾਵੇ ਪੱਲੇ....।'

ਪਤਾ ਨਹੀਂ, ਉਹ ਮੇਰੀ ਕਿਹੜੀ ਰਗ ਦਾ ਵਾਕਫ ਸੀ।

'ਨੰਗਾ ਮੈਂ ਨਹੀਂ ਹੋਰ ਲੋਕ ਹੋਣਗੇ........।'

'ਅੱਛਾ ਜਿਹੜੇ ਤੇਰੇ ਨਾਲ ਅੱਜ ਤੀਕ ਖੇਹ-ਖਾਂਦੇ ਰਹੇ ਨੇ ਅਜੇ ਵੀ ਲੋਕ ਨੇ, ਉਪਰੇ ਨੇ, ਤੇਰੇ ਨਹੀਂ ਹੋਏ, ਮੱਕਾਰ ਨੇ ਜਰ, ਨਾਮ ਕੀ ਏ ਜੀਵਨ ਦਾ ਕਤੀੜਖਾਨਾ.... ?'

ਇਸ ਮਜ਼ਾਕ ਨਾਲ ਕਮਰੇ ਵਿੱਚ ਮੇਰੀ ਇੱਜ਼ਤ ਦੇ ਚੀਥੜੇ ਉਡਾਕੇ ਰੱਖ ਦਿੱਤੇ।

‘ਕੁੱਤੇ-ਝਾਕ, ਮਰਦ ’ਚ ਕੈਦ ਇੱਕ ਔਰਤ’ ਜੀਭ ਅਤੇ ਲਿੰਗ ਵਿੱਚ ਸਖਤ ਹੱਡੀ ਨਹੀਂ ਹੁੰਦੀ, ਇਹਨਾਂ ਨੂੰ ਵਸ ਵਿੱਚ ਰੱਖਣਾ ਕਿਸੇ ਰਿਸ਼ੀ ਦੀ ਤਪੱਸਿਆ ਤੋਂ ਘੱਟ ਨਹੀਂ.....।’

ਮੇਰੇ ਵਿਚੋਂ ਕਿਸੇ ਲੇਖਕ ਦੇ ਹੰਕਾਰ ਨੇ ਚੀਕ ਮਾਰੀ।

‘ਸਹਿਜੀ ਦਾ ਕੁੱਤਪੋਹ, ਬੜ੍ਹੇ ਲੋਕ ਬਦਨਾਮ ਕਰੇਂਗਾ, ਲੋਕ ਗਾਲ੍ਹਾਂ ਕੱਢਣਗੇ, ਕਿਸੇ ਹਕੀਕਤ ਤੋਂ ਦੂਰ ਰਹਿਣ ਦੀ ਆਦਤ ਐ ਲੋਕਾਂ ਨੂੰ, ਵੈਸੇ ਖੁਸ਼ੀ ਐ ਸਾਡੇ ਹੱਕ ਵਿੱਚ ਲਿਖਦਾ ਏਂ....।’

ਚਿਹਰੇ ’ਤੇ ਮੁਸਕਾਨ ਦੇ ਭਾਵ ਸਪੱਸ਼ਟ ਕੀਤੇ, ਕਨੱਖੀ ਨਜ਼ਰ ਨਾਲ ਮੇਰੇ ਵੱਲ ਕੋਈ ਔਰਤ ਉਹਦੇ ਸਰੀਰ ਵਿੱਚ ਝਾਕੀ ਜਾਂਦੀ ਸੀ।

‘ਮਣੀ ਮੈਂ ਹੱਕ ਵਿੱਚ ਨਹੀਂ, ਜੋ ਸੱਚ ਹੈ ਉਹ ਲਿਖਦਾ ਹਾਂ, ਕਿਸੇ ਦੇ ਹੱਕ ਉਹ ਲਿਖਦੇ ਨੇ ਜੁ ਕਿਸੇ ਦੇ ਵਿਰੋਧ ਵਿਚ ਲਿਖਦੇ ਨੇ, ਵਿਰੋਧ ਤਾਂ ਉਹ ਹੀ ਕਰਦੇ ਨੇ ਜੁ ਆਪਣਾ ਹੱਕ ਮੰਗਦੇ ਨੇ......।’

‘ਮਾਈਂਡ ਨਾ ਕਰ, ਮੈਂ ਆਪਣੀ ਵਾਈਫ ਨਾਲ ਕਦੀ ਵੀ ਝੂਠ ਨਹੀਂ ਬੋਲ ਸਕਿਆ, ਅੱਜ ਕੋਈ ਵੀ ਚੀਜ਼ ਸੁੱਚੀ ਨਹੀਂ। ਸਾਨੂੰ ਕਿਸੇ ਨਾ ਕਿਸੇ ਦੀ ਜੂਠੀ ਚੀਜ਼ ਤਾਂ ਸਵੀਕਾਰ ਹੀ ਕਰਨੀ ਪਵੇਗੀ, ਮੈਂ ਸੁਹਾਗ ਰਾਤ ਵਾਲੇ ਦਿਨ ਕਹਿ ਦਿੱਤਾ ਸੀ।’

‘ਕੀ....?’

‘....ਮੈਂ ਤਾਂ ਆਪ ਇਕ ਔਰਤ ਹਾਂ...ਐਸੀ ਔਰਤ ਜੁ ਆਪਣੇ-ਆਪ ਨਾਲ ਹੀ ਖੇਹ ਖਾਂਦੀ ਹੈ...ਜਿਹੜੀ ਲੋਕਾਂ ਨਾਲ ਸਬੰਧ ਪੈਦਾ ਕਰਦੀ ਹੈ, ਕਿਸੇ ਬੱਚੇ ਦੇ ਜਨਮ ਲਈ, ਕਿੰਨੇ ਹੀ ਮਰਦ ਮੈਂ ਵੇਖੇ ਪਰਖ ਕੇ, ਸਭ ਨਾ-ਮਰਦ ਨੇ, ਜਿਵੇਂ... ਕਿਸੇ ਵਿੱਚ ਵੀ ਸਹਿਜੀ ਐਨੀ ਵੀ ਸ਼ਕਤੀ ਨਹੀਂ...।’

‘ਕਿੰਨੀ ਸ਼ਕਤੀ.....,’ ਉਹ ਬੋਲਦਾ ਰਹੇ, ਮੈਂ ਸੁਣਾਂ।

‘ਐਨੀ ਕੁ ਸ਼ਕਤੀ ਜੁ ਮੈਨੂੰ ਮਾਂ ਬਣਾ ਸਕੇ, ਪੂਰੀ ਔਰਤ ਬਣਾ ਸਕੇ...ਨਾ ਰੱਬ ਨੇ ਕੁਝ ਕੀਤਾ, ਨਾ ਹੀ ਕੋਈ ਰੱਬ ਦਾ ਬੰਦਾ ਕਰ ਸਕਦਾ। ਕੁਦਰਤ ਦੀ ਸੁੰਦਰ ਰਚਨਾ ਇਹ ਸ੍ਰਿਸਟੀ, ਜੀਵ, ਰੱਖ, ਸੱਪ, ਪੰਛੀ, ਸਭ ਕੁਝ ਪਰ ਅਸੀਂ ਕਿਹੜੀ ਥਾਂ ਵਿਚ ਹਾਂ, ਨਾ ਆਰ ਨਾ ਹੀ ਪਾਰ.....ਹਿਜੜੇ ਵੀ ਤਾਂ ਤਾੜੀ ਮਾਰਕੇ ਨੱਚਦੇ...ਆਹ ਨਿੱਕੀ ਜਿਹੀ ਲੁੱਲੀ ਲਗਾ ਕੇ ਇਸ ਜੋਗਾ, ਕਿਸੇ ਵੀ ਥਾਂ ਜੋਗਾ ਨਹੀਂ ਛੱਡਿਆ....ਤਾੜ੍ਹੀ ਮਾਰਕੇ ਆਪਣਾ ਮਜ਼ਾਕ ਹੀ ਉਡਾ ਸਕੀਏ.....।’

ਰੁਮਾਲ ਨਾਲ ਅੱਥਰੂ ਸਾਫ ਕੀਤੇ।

ਇੰਨੇ ਸਮੇਂ ਵਿੱਚ ਦੀਪਕ ਵੀ ਚਾਹ ਵਾਲੀ ਟਰੇਅ ਲੈ ਕੇ ਕਮਰੇ ਵਿਚ ਆ ਗਿਆ।

ਪੈਰਾਂ ਵਿੱਚ ਚਾਂਦੀ ਦੀਆਂ ਝਾਂਜਰਾਂ ਸੀ। ਜਾਣ-ਜਾਣ ਕੇ ਛਣਕਾ ਰਿਹਾ ਸੀ, ਸਰੀਰ ਨੂੰ ਇੱਕ ਸਫੈਦ ਬੇਦਾਗ ਚਾਦਰ ਵਿੱਚ ਪਾਕ-ਮੂਰਤੀ ਵਾਂਗ ਲਪੇਟਿਆ ਹੋਇਆ ਸੀ।

ਕਾਮ-ਮੱਤੀ ਨਜ਼ਰ ਵਿੱਚ ਐਸੀ ਸ਼ਰਧਾ ਦੇਖੀ ਮੈਂ ਜਿਸ ਚੀਜ਼ ਜਾਂ ਮਰਦ ਨੂੰ ਵੀ ਦੇਖਦਾ ਉਹਨੂੰ ਮੋਕਸ਼ ਦੀ ਪ੍ਰਾਪਤੀ ਹੋ ਜਾਂਦੀ। ਕਾਸ਼ ਬੁੱਧ ਹੁੰਦਾ ਉਹਨੂੰ ਐਨੇ ਕਸ਼ਟ ਨਾ ਝੱਲਣੇ ਪੈਂਦੇ।

‘ਕਿਤੇ ਬੇਵਫਾ ਤਾਂ ਨਹੀਂ ਹੋ ਗਿਆ ਇਸ ਕੁੱਤੀ ਨਾਲ...?’

ਦੀਪਕ ਨੇ ਮਣੀ ’ਤੇ ਝੂਠੀ ਜਿਹੀ ਤੋਹਮਤ ਦੀ ਟਕੋਰ ਕੀਤੀ। ਮੇਰੀ ਗੱਲ੍ਹ ’ਤੇ ਪਿਆਰ ਨਾਲ ਚੂੰਡੀ ਵੱਢੀ।

‘ਬੇਵਫਾ ਹੋਣਾ ਤਾਂ ਸਿਰਫ ਔਰਤ ਦੇ ਮੁਕੱਦਰ ਵਿਚ ਹੀ ਰੱਬ ਨੇ ਲਿਖਿਆ ਹੁੰਦਾ। ਮਰਦ ਤਾਂ ਕਿਸੇ ਨਾਲ ਵਫਾ ਹੀ ਨਹੀਂ ਕਰਦਾ....।’



ਮੈਂ ਆਪਣੇ ਮਰਦ ਹੋਣ ਦੇ ਕਿੰਨੇ ਹੀ ਗੁਨਾਹ ਸਵੀਕਾਰ ਕੀਤੇ।

‘ਮੈਂ ਨਹੀਂ ਮੰਨਦਾਂ ਕਿ ਕੋਈ ਬੇਵਫਾਈ ਕਰਦਾ। ਸਮੇਂ ’ਤੇ ਹਲਾਤ ਨਿਰਭਰ ਕਰਦੇ ਨੇ। ਆਦਮੀ ਕਿਸ ਵੇਗ ਨਾਲ ਜੀਂਦਾ, ਜਾਂ ਤਾਂ ਕੋਈ ਆਪਣੇ ਪੁਰਾਣੇ ਰਿਸ਼ਤੇ ਨਾਲ ਹੀ ਬੱਜ ਕੇ ਰਹੇ ਜਾਂ ਕੋਈ ਕਿਸੇ ਹੋਰ ਨਾਲ ਆਪਣਾ ਨਵਾਂ ਜੀਣਾ ਜੀਵੇ....।’

ਮਣੀ ਨੇ ਕਾਫੀ ਸ਼ੱਕ ਦੂਰ ਕਰ ਦਿੱਤੇ ਦੀਪਕ ਦੇ।

‘ਫਿਰ ਤਾਂ ਜੀਣਾ ਜ਼ਰੂਰੀ ਹੈ...ਰਿਸ਼ਤੇ ਵੀ ਬਦਲ ਜਾਂਦੇ ਨੇ। ਰਿਸ਼ਤੇ ਨਾਲ ਆਦਮੀ ਵੀ ਤੇ ਆਦਮੀ ਨਾਲ ਵਫਾ ਵੀ ਬਦਲ ਜਾਂਦੀ ਐ....।’

ਮੈਂ ਕੀਤੇ ਜਾਣ ਵਾਲੇ ਗੁਨਾਹਾਂ ਤੋਂ ਖੁਦ ਨੂੰ ਮੁਕਤ ਕਰ ਲਿਆ।

‘ਵਫਾ ਤਾਂ ਸਿਰਫ਼ ਉਹੀ ਹੁੰਦੀ ਹੈ, ਕਦੇ ਕਿਸੇ ਨਾਲ ਕਰੀ ਜਾਂਦੀ ਐ, ਕਦੇ ਕਿਸੇ ਨਾਲ। ਮੈਂ ਕਿੰਨੇ ਹੀ ਮਰਦਾਂ ਨਾਲ ਹਮਬਿਸਤਰੀ ਕੀਤੀ ਐ। ਪਰ ਕਦੇ ਕਿਸੇ ਨਾਲ ਬੇਵਫਾਈ ਨਹੀਂ ਕੀਤੀ। ਆਦਮੀ ਬਦਲ ਜਾਣ ਨਾਲ ਵਫ਼ਾ ਤਾਂ ਨਹੀਂ ਬਦਲ ਜਾਂਦੀ ਓ ਕੇ....।’

‘ਦੀਪਕ ਮੇਰੇ ਕੁਝ ਰਿਸ਼ਤੇ ਐਸੇ ਜਿਹਨਾਂ ਨਾਲ ਵਫ਼ਾ ਕਰਦਾਂ। ਇਨਸਾਨ ਬਣਕੇ ਰਹਿਣ ਲਈ.....ਕੁਝ ਕੁ ਐਸੇ ਰਿਸ਼ਤੇ ਵੀ ਨੇ ਜਿਹਨਾਂ ਲਈ ਗੁਨਾਹ ਵੀ ਕਰਦਾਂ, ਜ਼ਰੂਰੀ ਹੈ, ਬੈਂਲਸ ਜ਼ਰੂਰੀ ਕਰਨ ਲਈ, ਮੇਰੀ ਪਸ਼ੂ ਬਿਰਤੀ ਨੂੰ ਨਿਕਾਸ ਕਰਨ ਲਈ, ਕਮੀਨਾ ਹੋਣਾ ਜ਼ਰੂਰੀ ਹੈ......।’

ਫਿਰ ਤਾਂ ਅਸੀਂ ਐਵੇਂ ਹੀ ਬੇਵਜ੍ਹਾ ਗੱਲਾਂ ਕਰਦੇ ਰਹੇ।

ਚਾਹ ਪੀ ਕੇ ਮਣੀ ਤਾਂ ਕੁਰਸੀ ’ਤੇ ਬਹਿਕੇ ਕੋਈ ਰਸਾਲਾ ਪੜ੍ਹਨ ਲੱਗ ਪਿਆ ਤੇ ਮੈਂ ਦੀਪਕ ਨਾਲ ਉਹਦੇ ਜਿਸਮ ਦਾ ਕੋਈ ਵਫ਼ਾਦਾਰ ਅੰਗ ਬਣਕੇ ਉਹਦੀ ਮੁਦਰਾ ਵਿੱਚ ਹਰਕਤ ਕਰਨੀ ਸ਼ੁਰੂ ਕਰ ਦਿੱਤੀ।

ਮਣੀ ਉਠਕੇ ਬਾਹਰ ਚਲਾ ਲਿਆ। ਮੰਦਰ ਦੀ ਸੋਹਣੀ ਮੂਰਤੀ, ਸਡੌਲ ਛਾਤੀਆਂ ਵਲ ਦੇਖੀ ਜਾਂਦੀ ਸੀ।

‘ਮੈਂ ਅੱਜ ਤੀਕਰ ਬਹੁਤ ਔਰਤਾਂ ਸਾਹਮਣੇ ਨੰਗਾ ਹੋਇਆਂ, ਪਰ ਅੱਜ ਐਸ ਮੂਰਤੀ, ਸਾਹਮਣੇ ਨੰਗਾ ਹੋਣ ਦੀ ਹਿੰਮਤ ਨਹੀਂ......ਡਰ ਲੱਗਦਾ..।’

ਸਕਿੰਗ ਕਰ ਰਹੇ ਉਹਦੇ ਚਿਹਰੇ ਨੂੰ ਹੱਥਾਂ ਵਿੱਚ ਫੜ੍ਹ ਲਿਆ। ਉਹਨੇ ਖਿੱਝ ਕੇ ਆਪਣਾ ਚਿਹਰਾ ਛੁਡਾ ਲਿਆ।

‘ਜਰ ਓਸ ਮੂਰਤੀ ’ਤੇ ਪਰਦਾ ਤਾਂ ਕਰਲਾ, ਪਲੀਜ਼, ਇਸ ਮੰਦਰ ਵਿੱਚ ਡਰ ਲੱਗ ਰਿਹਾ....ਮਾਤਾ ਕੀ ਸੋਚੇਗੀ.......।’

‘ਮਾਤਾ ਦਾ ਕੀ ਐ ਜਰ, ਦੋ ਹੱਥ ਤੇਰੇ ਦੋ ਹੱਥ ਮੇਰੇ ਦੇਖ ਮੈਂ ਵੀ ਮੂਰਤੀ ਬਣ ਗਿਆਂ...।’

ਉਹਨੇ ਆਦਮ ਕੱਦ ਸ਼ੀਸ਼ੇ ਵਿੱਚ ਦਿਖਾਈ ਦੇ ਰਹੇ ਇੱਕ ਦੂਸਰੇ ਨਾਲ ਜੁੜੇ ਨੰਗੇ ਜਿਸਮ ਦਿਖਾਏ, ਮੇਰਾ ਸਿਰ ਉਹਦੀ ਗਰਦਨ ਦੇ ਪਿਛੋਂ ਤੋਂ ਝਾਕ ਰਿਹਾ ਸੀ।

‘ਨਹੀਂ ਜਰ ਦੀਪਕ ਫੇਰ ਵੀ..।’

‘ਜਿਹੜੀ ਔਰਤ ਮੇਰੇ ਜਿਹੀ ਜੂਨ ਵਿੱਚ ਕਿਸੇ ਨੂੰ ਪਾ ਦੇਵੇ ਉਹ ਮਾਂ ਨਹੀਂ ਹੋ ਸਕਦੀ...ਨਾਲੇ ਸਾਰਾ ਪਤਾ ਉਹਨੂੰ....ਕੀ ਫਾਇਦਾ ਪਰਦਾ ਕਰਨ ਦਾ....।’

‘ਨਹੀਂ.....,’ ਮੈਂ ਅਜੇ ਵੀ ਕਿਸੇ ਭੈਅ ਕਰਕੇ ਇਨਕਾਰੀ ਸਾਂ। ਚੰਦ ਦੀ ਰੌਸ਼ਨੀ ਕਮਰੇ ਵਿੱਚ ਝਾਕੀ ਜਾ ਰਹੀ ਸੀ।

‘‘ਬੇਵਕੂਫ ਐਂ ਤੂੰ, ਉਹ ਦੇਖ ਕਿੰਨੀ ਸੋਹਣੀ ਛਾਤੀ ਐ....ਅੱਖਾਂ ਦੇਖ ਕਿੰਨੀਆਂ ਸੈਕਸੀ ਨੇ, ਚਲ ਛੇਤੀ ਕਰ ਮੇਰਾ ਸਬਰ ਨਹੀਂ...।’

ਉਹਨੇ ਖਿੜਕੀ ਖੋਲ੍ਹ ਦਿੱਤੀ ਤਾਂ ਬਿਸਤਰ 'ਤੇ ਵੀ ਦੁਧੀਆ ਰੌਸ਼ਨੀ ਵਿਛ ਗਈ।

ਉਹ ਮੂਰਤੀ ਦੀਪਕ ਦਾ ਸਰੀਰ ਹੀ ਬਣ ਗਈ। ਉਹਦੇ ਨੰਗੇ ਅੰਗਾਂ ਨੂੰ ਮੈਂ ਆਪਣੀ ਚਮੜੀ ਨਾਲ ਢੱਕ ਦਿੱਤਾ। ਮੂਰਤੀ ਦੀਆਂ ਹੁਸੀਨ ਬਾਹਵਾਂ ਮੇਰੇ ਗਲ ਪੈ ਗਈਆਂ।

ਕੁਝ ਛਣ ਲਈ ਸਰੀਰ ਵਿਚ ਹਰ ਸ਼ੈਅ ਨੇ ਹਰਕਤ ਕਰਨਾ ਬੰਦ ਕਰ ਦਿੱਤਾ।

ਮੈਂ ਆਪਣੇ ਸਰੀਰ ਵਿੱਚ ਨਹੀਂ ਸਾਂ, ਕਿਤੇ ਦੂਰ ਆਕਾਸ਼ ਵਿੱਚ.......ਕਿਸੇ ਪਿਛਲੇ ਜਨਮ ਦੀ ਯਾਤਰਾ ਕਰ ਗਈ।

ਮੈਂ ਉਠਕੇ ਦੇਖਿਆ ਤਾਂ ਉਹ ਪਤਾ ਨਹੀਂ ਕਦੋਂ ਦਾ ਸਾਡੇ ਕੋਲ ਖੜਾ ਸੀ।

ਹੁਣ ਮਣੀ ਦੀ ਹਿੱਕ ਉਤੇ ਵਾਲ ਨਹੀਂ ਸੀ। ਆਪਣੀ ਮਰਦਾਨਗੀ ਵੱਢਕੇ ਸੁੱਟ ਦਿੱਤੀ। ਵਾਲਾਂ ਨੂੰ ਮਾਤਾ ਦੇ ਸਾਹਮਣੇ ਲੱਗੀ ਜੋਤ ਵਿੱਚ ਸਾੜ੍ਹ ਦਿੱਤਾ।

'ਹੁਣ ਮੈਨੂੰ ਵੀ ਪਿਆਰ ਕਰ ਸਕਦਾਂ ਏ ਕਿ ਨਹੀਂ..... ?"

ਬਲੇਡ ਦੀ ਵੱਜੀ ਚੁੰਜ ਨਾਲ ਲਹੂ ਦੀ ਤਾਜ਼ਾ ਸਿੰਮੀ ਬੂੰਦ ਦੇਖੀ।

ਚੁੰਮਣ ਕਰਨ ਲਈ ਉਹਨੇ ਆਪਣੀਆਂ ਪਲਕਾਂ ਬੰਦ ਕਰ ਲਈਆਂ। ਦਿਲ ਤਾਂ ਕੀਤਾ, ਪਰ ਤੰਬਾਕੂ ਦੇ ਮੁਸ਼ਕ ਨੇ ਰੋਕ ਲਿਆ।

ਇਕ ਪਲਕ ਖੁੱਲ੍ਹੀ ਤਾਂ ਉਹਦੇ ਲਹੂ ਦੀ ਸੁਆਂਤੀ ਬੂੰਦ ਨਾਲ ਮੈਂ ਦੀਪਕ ਦੀ ਮਾਂਗ ਭਰ ਦਿੱਤੀ।

'ਲਹੂ ਮੇਰੀ ਛਾਤੀ ਦਾ ਤੇ ਮਾਂਗ ਕਿਸੇ ਹੋਰ ਦੀ ਭਰੀ....।'

ਆਪਣੇ ਗੁੱਸੇ ਨੂੰ ਸ਼ਾਂਤ ਕਰਨ ਲਈ ਮਣੀ ਮੂਰਤੀ ਨੂੰ ਅਗਰਬੱਤੀ ਕਰਨ ਲੱਗ ਪਿਆ। ਮੈਂ ਬਾਥਰੂਮ ਵਿੱਚ ਚਲਾ ਗਿਆ ਫਰੈਸ਼ ਹੋਣ ਲਈ।

ਕਿਸੇ ਪਾਪ ਦੀ ਹਵਾੜ੍ਹ ਮੇਰੇ ਸਰੀਰ ਵਿਚੋਂ ਸੇਕ ਬਣਕੇ ਸਿੰਮੀ ਗਈ, ਜਿਸ ਤੋਂ ਬਚਨ ਲਈ ਨੱਕ ਘੁੱਟਦਾ ਤਾਂ ਸਾਹ ਬੰਦ ਹੁੰਦਾ ਸੀ।

ਮੈਨੂੰ ਅਨੁਭਵ ਹੋ ਰਿਹਾ ਸੀ....ਜਿਵੇਂ ਮੇਰੇ ਆਪਣੀ ਹੀ ਪਤਨੀ ਨਾਲ ਨਜਾਇਜ਼ ਸਬੰਧ ਹੋਣ....।

---

**ਸਫ਼ਾ 50 ਦਾ ਬਾਕੀ**

ਦਰਵਾਜ਼ੇ ਵਿੱਚ ਖੜੇ ਰਾਜ ਨੂੰ ਮੁਖਾਬਤ ਹੋਇਆ।

"ਔਹ ਅੰਦਰ ਬੈਠੀ ਐ। ਲਾ ਲਉ ਗਲ ਨਾਲ ਜਾਕੇ।"

"ਹੈਂ! ਥਿਆ ਗਈ ਲੜਕੀ ?"

ਇੰਨੇ ਨੂੰ ਰਾਜ ਦੇ ਪਰਿਵਾਰ ਵਾਲੇ ਵੀ ਜਾਗ ਪਏ। ਸਾਰਿਆਂ ਨੂੰ ਜਦੋਂ ਪੂਰੀ ਗੱਲ ਦਾ ਪਤਾ ਲੱਗਿਆ ਤਾਂ ਸਹੁਰੇ ਪਰਿਵਾਰ ਵਾਲੇ ਵੀ ਹੱਸ ਹੱਸ ਦੂਹਰੇ ਹੋ ਗਏ। ਘਰਵਾਲੇ ਆਏ ਗਇਆਂ ਨੂੰ ਚਾਹ ਪਾਣੀ ਪਿਆਉਣ ਵਿੱਚ ਰੁੱਝ ਗਏ ਤੇ ਇੰਨੇ ਨੂੰ ਦਿਨ ਚੜ ਗਿਆ। ਰਾਜ ਤਿਆਰ ਹੋ ਕੇ ਮੇਰੇ ਨਾਲ ਹੀ ਅੱਡੇ ਵੱਲ ਨੂੰ ਤੁਰ ਪਿਆ।

"ਕਿਉਂ ਹੁਣ ਤਾਂ ਪੈ ਗਈ ਤੇਰੇ ਕਾਲਜੇ 'ਚ ਠੰਡ।" ਉਸਨੇ ਰਾਤ ਨੂੰ ਭਰਜਾਈ ਨੂੰ ਨਾ ਮਿਲ ਸਕਣ ਦਾ ਗੁੱਸਾ ਮੇਰੇ ਤੇ ਕੱਢਿਆ।

"ਕਮਾਲ ਐ ਯਾਰ! ਅਖੇ ਡਿੱਗੀ ਖੋਤੇ ਤੋਂ ਤੇ ਗੁੱਸਾ ਘੁਮਿਆਰ 'ਤੇ।" ਇੰਨਾ ਕਹਿੰਦਿਆਂ ਤੇ ਕਲ੍ਹ ਦਾ ਸਾਰਾ ਘਟਨਾਕਰਮ ਯਾਦ ਕਰਦਿਆਂ ਮੈਨੂੰ ਇੰਨੀ ਜ਼ੋਰ ਦੀ ਹਾਸੀ ਆਈ ਕਿ ਰਹੇ ਰੱਬ ਦਾ ਨਾ। ਉਸਤੋਂ ਬਾਅਦ ਮੈਂ ਅੱਡੇ ਤੱਕ ਹੱਸਦਾ ਹੀ ਤੁਰਿਆ ਗਿਆ।



# ਪਰ ਹੈ ਇਹ ਸੱਚ/ਬਲਜੀਤ ਕੌਰ ਬਲੀ

ਕਈ ਵਾਰ ਮੈਂ ਸੋਚਦੀ ਹਾਂ...

ਸੋਚਦੀ ਹਾਂ ਤੇ ਉਦਾਸ ਹੋ ਜਾਂਦੀ ਹਾਂ।

ਕਿ ਔਰਤ ਆਪਣੇ ਆਪ ਨੂੰ ਖੁੱਲ੍ਹਕੇ ਪ੍ਰਗਟ ਕਿਉਂ ਨਹੀਂ ਕਰ ਸਕਦੀ ? ਉਹ ਆਪਣੇ ਅੰਦਰਲੇ ਬੂਹੇ ਭੀੜ ਕਿਉਂ ਲੈਂਦੀ ਹੈ। ਖ਼ਾਸ ਕਰ ਇਹ ਸੋਚਕੇ ਹੋਰ ਵੀ ਦੁੱਖੀ ਹੁੰਦੀ ਹਾਂ ਜਦੋਂ ਮੈਂ ਪੜ੍ਹੀਆਂ ਲਿਖੀਆਂ, ਆਰਥਕ ਤੌਰ ਤੇ ਅਜ਼ਾਦ, ਲੇਖਕ ਤੇ ਕਲਾਕਾਰ ਕਿਸਮ ਦੀਆਂ ਔਰਤਾਂ ਨੂੰ ਵੀ ਇਸ ਦਾ ਸ਼ਿਕਾਰ ਹੋ ਗਈਆਂ ਵੇਖਦੀ ਹਾਂ। ਆਖਰ ਕਿਉਂ ? ਕੀ ਇਸ ਵਿਚ ਔਰਤ ਜਾਤੀ ਦਾ ਸੁਭਾਅ ਸ਼ਾਮਲ ਹੈ ? ਜਾਂ ਉਸਦਾ ਸਦੀਆਂ ਦਾ ਹੰਢਾਇਆ ਸੰਤਾਪ ? ਜਾਂ ਸਾਡਾ ਸਮਾਜਕ ਢਾਂਚਾ ?

ਅੰਮ੍ਰਿਤਾ ਪ੍ਰੀਤਮ ਨੇ ਤਾਂ ਇਕ ਥਾਂ ਲਿਖਿਆ ਸੀ, "ਮੈਂ ਜਨਮਾਂ ਵਿਚ ਕੀਤੇ ਗੁਨਾਹਾਂ ਦੀ ਗੱਲ ਨਹੀਂ ਕਰਦੀ ਪਰ ਇਸ ਜਨਮ ਵਿਚ ਕਈ ਵਾਰ ਜਾਪਿਆ ਹੈ ਕਿ ਔਰਤ ਹੋਣਾ ਗੁਨਾਹ ਹੈ, ਪਰ ਜੇ ਕੋਈ ਦੂਸਰਾ ਜਨਮ ਹੁੰਦਾ ਹੋਵੇ ਤਾਂ ਮੈਂ ਇਹੀ ਗੁਨਾਹ ਫਿਰ ਕਰਨਾ ਚਾਹਾਂਗੀ। ਪਰ ਰੱਬ ਨਾਲ ਇਹ ਸ਼ਰਤ ਬੰਨ੍ਹਕੇ ਕਿ ਉਹਨੂੰ ਅਗਲੇ ਜਨਮ ਵਿਚ ਵੀ ਮੇਰੇ ਹੱਥ ਕਲਮ ਦੇਣੀ ਹੋਏਗੀ।"

ਇਹ ਸਤਰਾਂ ਸੱਚ ਤਾਂ ਹਨ ਪਰ ਪੂਰਨ ਸੱਚ ਨਹੀਂ। ਸ਼ਾਇਦ ਇਹ ਇਕੱਲੀ ਅੰਮ੍ਰਿਤਾ ਪ੍ਰੀਤਮ ਦਾ ਸੱਚ ਹੈ। ਮੈਂ ਸੋਚਦੀ ਹਾਂ ਕਿੰਨੀਆਂ ਕੁ ਔਰਤਾਂ ਕਲਮਾਂ ਵਾਲੀਆਂ ਨੇ ? ਜਾਂ ਕਿੰਨੀਆਂ ਕੁ ਕਲਮਾਂ ਵਾਲੀਆਂ ਔਰਤਾਂ ਇਸ ਗੁਨਾਹ ਤੋਂ ਪਾਰ ਜਾ ਸਕਦੀਆਂ ਨੇ ਤੇ ਆਪਣੇ ਅੰਦਰਲੇ ਸੱਚ ਨੂੰ ਪ੍ਰਗਟਾ ਸਕੀਆਂ ਨੇ ? ਫਿਰ ਸੋਚਦੀ ਹਾਂ ਪਤਾ ਨਹੀਂ ਉਹ ਕਿੰਨੇ ਕੁ ਆਰਥਕ, ਸਮਾਜਕ, ਮਾਨਸਿਕ ਤੇ ਵਿਅਕਤੀਗਤ ਦਬਾਵਾਂ ਹੇਠ ਵਿਚਰਦੀਆਂ ਰਹੀਆਂ ਹੋਣਗੀਆਂ ਜਿਨ੍ਹਾਂ ਕਰਕੇ ਉਹ ਆਪਣੇ ਅੰਦਰਲੇ ਬੂਹੇ ਭੀੜ ਲੈਂਦੀਆਂ ਨੇ। ਕਈਆਂ ਨੂੰ ਤਾਂ ਉਹ ਹਵਾ ਵੀ ਨਹੀਂ ਦਵਾਉਂਦੀਆਂ ਤੇ ਕਈਆਂ ਨੂੰ ਆਪਣੇ ਆਪ ਤੋਂ ਹੀ ਚੋਰੀ ਰੱਖਦੀਆਂ ਨੇ। ਇਸ ਤੋਂ ਇਉਂ ਲਗਦਾ ਹੈ ਜਿਵੇਂ ਔਰਤ ਇਕ ਗੁੰਝਲਦਾਰ ਬੁਝਾਰਤ ਹੋਵੇ ਜਾਂ ਕੁਦਰਤ ਨੇ ਉਸਨੂੰ ਮਰਦ ਨਾਲੋਂ ਡੂੰਘੇ ਦਿਲ ਦਰਿਆ ਦਾ ਮਾਣ ਬਖਸ਼ਿਆ ਹੋਵੇ ਪਰ ਹੈ ਇਹ ਸੱਚ।

ਇਸ ਸਬੰਧ ਵਿਚ ਜਦੋਂ ਮੈਂ ਆਪਣੇ ਆਪ ਬਾਰੇ ਸੋਚਦੀ ਹਾਂ ਤਾਂ ਇਕ ਗੱਲ ਨਿਸਚੇ ਨਾਲ ਕਹਿ ਸਕਦੀ ਹਾਂ ਕਿ ਮੈਂ ਆਪਣੇ ਅੰਦਰਲੇ ਬਹੁਤੇ ਬੂਹੇ ਭੀੜੇ ਨਹੀਂ। ਜਿਹੜੇ ਭੀੜੇ ਵੀ ਹਨ ਉਹ ਵੀ ਅਰਧ ਖੁੱਲ੍ਹੇ ਨੇ ਜਾਂ ਖੁੱਲ੍ਹਿਆਂ ਵਰਗੇ ਜਾਂ ਖੁੱਲ੍ਹ ਸਕਣ ਵਾਲੇ ਨੇ। ਕਿਉਂਕਿ ਮੇਰਾ ਬਚਪਨ ਖੁੱਲ੍ਹੇ ਡੁੱਲ੍ਹੇ ਮਹੌਲ ਵਿਚ ਬੀਤਿਆ ਹੈ। ਸ਼ਾਇਦ ਇਸੇ ਕਰਕੇ ਮੈਂ ਭਾਵੇਂ ਪੂਰਨ ਸੱਚ ਨਾ ਵੀ ਪੇਸ਼ ਕਰ ਸਕੀ ਹੋਵਾਂ ਪਰ ਸੱਚ ਦੇ ਨੇੜੇ ਤੇੜੇ ਜ਼ਰੂਰ ਰਹੀ ਹਾਂ। 'ਬੰਦ ਬੂਹੇ' ਬਾਰੇ ਕੁਝ ਸਤਰਾਂ ਲਿਖਦਿਆਂ ਅੱਜ ਮੈਨੂੰ ਆਪਣੇ ਜੀਵਨ ਦੀ ਇਕ ਘਟਨਾ ਯਾਦ ਆ ਰਹੀ ਹੈ ਜਿਸ ਬਾਰੇ ਮੈਂ ਜ਼ਿਕਰ ਕਰਨਾ ਚਾਹਾਂਗੀ। ਮੈਂ ਇਸ ਘਟਨਾ ਦਾ ਜ਼ਿਕਰ ਇਸ ਕਰਕੇ ਵੀ ਕਰਨਾ ਚਾਹਾਂਗੀ ਕਿ ਸਮੇਂ ਦੇ ਨਾਲ ਨਾਲ ਬਹੁਤ ਸਾਰੀਆਂ ਗੱਲਾਂ ਦੇ ਅਰਥ ਕਿੰਜ ਬਦਲ ਜਾਂਦੇ ਨੇ। ਦੂਜਾ ਇਸ ਕਰਕੇ ਵੀ ਕਰਨਾ ਚਾਹਾਂਗੀ ਕਿ ਇਨਸਾਨ ਦੀ ਜ਼ਿੰਦਗੀ ਵਿਚ ਬਚਪਨ ਦਾ ਕਿੰਨਾ ਦਖਲ ਰਹਿੰਦਾ ਹੈ ਤੇ ਜਿਸ ਬਾਰੇ ਉਸਨੂੰ ਪਤਾ ਵੀ ਨਹੀਂ ਹੁੰਦਾ ਕਿ ਉਸਦਾ ਬਚਪਨ ਕਿੰਜ ਆਪਣਾ ਰੋਲ ਨਿਭਾ ਰਿਹਾ ਹੁੰਦਾ ਹੈ। ਅੱਜ ਮੈਂ ਜੋ ਦੱਸਣ ਜਾ ਰਹੀ ਹਾਂ ਸ਼ਾਇਦ ਉਹ ਮੇਰੀ ਸਭ ਤੋਂ ਵੱਡੀ ਚੋਰੀ ਸੀ ਜਾਂ ਝੂਠ, ਇਸ ਬਾਰੇ ਨਿਰਣਾ ਤੁਸੀਂ ਕਰਨਾ ਹੈ। ਪਰ ਮੈਂ ਤੁਹਾਨੂੰ ਦੱਸਦਿਆਂ ਕਿ ਮੈਨੂੰ ਇਸ ਚੋਰੀ ਜਾਂ ਝੂਠ ਕਰਕੇ ਕਾਫੀ ਵੱਡੀ ਸਜ਼ਾ ਭੁਗਤਣੀ ਪਈ ਸੀ ਤੇ ਉਸ ਸਜ਼ਾ ਦੀ ਪੀੜ ਅੱਜ ਤੱਕ ਵੀ ਮੈਂ ਹੱਡੀਂ ਹਢਾਈ ਹੈ। ਇਹ ਪੀੜ ਮੇਰੇ ਆਪਣੇ ਅੱਗੇ ਪੜ੍ਹਨ ਦੇ ਜਨੂਨ ਵਿਚੋਂ ਪੁੰਗਰੀ ਹੋਈ ਹੈ।

ਬਾਪੂ ਜੀ ਨੇ ਦਸਵੀਂ ਤੋਂ ਬਾਦ ਜੇ. ਬੀ. ਟੀ. ਕਰਾਕੇ ਅੱਗੇ ਪੜ੍ਹਾਉਣ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ ਤੇ ਕਹਿ ਦਿੱਤਾ ਸੀ ਕਿ, 'ਮੈਂ ਤੈਨੂੰ ਜੋ ਪੜ੍ਹਾਉਣਾ ਸੀ ਪੜ੍ਹਾ ਦਿੱਤਾ। ਬਾਰੁਜ਼ਗਾਰ ਕਰ ਦਿੱਤਾ। ਹੁਣ ਅੱਗੇ ਜੋ ਪੜ੍ਹਨਾ ਹੈ ਤੂੰ ਆਪਣੇ ਆਪ ਪੜ੍ਹੀਂ। ਇਸ ਤੋਂ ਅੱਗੇ ਤੈਨੂੰ ਪੜ੍ਹਾਉਣ ਦੀ ਨਾ ਮੇਰੀ ਸਮਰੱਥਾ ਹੈ ਤੇ ਨਾ ਹੀ ਮੈਂ ਲੋੜ ਸਮਝਦਾਂ।' ਪਰ ਫੇਰ ਵੀ ਮੈਂ ਜ਼ਿੱਦ ਕਰਕੇ ਗਿਆਨੀ ਕਰ ਲਈ ਸੀ। ਤਿੰਨ ਮਹੀਨੇ ਮੈਨੂੰ ਰਾਮਪੁਰੇ ਰਹਿਣ ਦੀ ਆਗਿਆ ਮਿਲ ਗਈ ਸੀ। ਕਿਉਂਕਿ, ਉਨ੍ਹਾਂ ਦਿਨਾਂ ਵਿਚ ਮੈਨੂੰ ਪਤਾ ਲੱਗ ਗਿਆ ਹੋਇਆ ਸੀ ਕਿ ਗਿਆਨੀ ਕਰਨ ਤੋਂ ਬਾਦ ਇੰਗਲਿਸ਼ ਓਨਲੀ ਕਰਕੇ ਬਾਇਆ ਬਠਿੰਡਾ ਬੀ. ਏ. ਕੀਤੀ ਜਾ ਸਕਦੀ ਹੈ।ਗਿਆਨੀ 'ਚੋਂ ਮੈਂ ਕਲਾਸ 'ਚੋਂ ਪਹਿਲੇ ਨੰਬਰ ਉੱਤੇ ਤੇ ਜ਼ਿਲ੍ਹੇ 'ਚੋਂ ਚੌਥੇ ਪੰਜਵੇਂ ਨੰਬਰ ਤੇ ਰਹੀ ਸਾਂ। ਇਹ ਖੁਸ਼ਖਬਰੀ ਜੀ. ਐਸ. ਤਾਂਘੀ ਘਰ ਆਕੇ ਦੇ ਗਏ ਸਨ ਤੇ ਨਾਲ ਐਫ. ਏ. ਇੰਗਲਿਸ਼ ਕਰਨ ਦਾ ਸੁਝਾਅ ਵੀ ਦੇ ਗਏ ਸਨ। ਸੋ ਕਿਸੇ ਤਰ੍ਹਾਂ ਮੈਂ ਐਫ. ਏ. ਇੰਗਲਿਸ਼ ਦਾ ਦਾਖਲਾ ਭਰਨ ਵਿਚ ਵੀ ਕਾਮਯਾਬ ਹੋ ਗਈ ਸਾਂ। ਪਰ ਉਨ੍ਹੀਂ ਦਿਨੀਂ ਪਿੰਡ ਦੇ ਸਕੂਲ ਵਿਚ ਮੇਰੀ ਨੌਕਰੀ ਲੱਗ ਗਈ ਸੀ। ਇੰਗਲਿਸ਼ ਪੜ੍ਹਾਉਣ ਵਾਲਾ ਵੀ ਕੋਈ ਨਹੀਂ ਸੀ ਮਿਲਿਆ ਜਿਸ ਕਰਕੇ ਮੈਂ ਕਾਮਯਾਬ ਨਾ ਹੋ ਸਕੀ ਪਰ ਅੱਗੇ ਪੜ੍ਹਨ ਦੀ ਲਾਲਸਾ ਮੇਰੇ ਅੰਦਰ ਸੁਲਗਦੀ ਹੀ ਰਹੀ।

ਇਸ ਅਸਫਲਤਾ ਨਾਲ ਮਾਂ ਹੋਰ ਕਾਇਮ ਹੋ ਗਈ। ਉਸਦਾ ਨਿੱਤ ਦਿਹਾੜੀ ਪੜ੍ਹਦੀ ਨੂੰ ਟੋਕਣਾ ਤੇ ਕਹਿਣਾ, 'ਹੁਣ ਤੂੰ ਸਾਰੀ ਉਮਰ ਪੜ੍ਹੀਓ ਜਾਏਂਗੀ? ਪੜ੍ਹਨ ਦੀ ਵੀ ਕੋਈ ਉਮਰ ਹੁੰਦੀ ਹੈ। ਬਥੇਰਾ ਪੜ੍ਹ ਲਿਆ, ਹੁਣ ਕੋਈ ਕੱਢਣ ਕੱਤਣ ਦਾ ਕੰਮ ਕਰਿਆ ਕਰ। ਕੁੜੀਆਂ ਬਾਂਗੂੰ ਦਾਜ ਦੀ ਤਿਆਰੀ ਕਰ।' ਸੁਣਦੀ ਰਹੀ ਸਾਂ। ਕੁਝ ਸਮਾਂ ਤਾਂ ਮੈਂ ਪੈਰ ਅੜਾਉਂਦੀ ਰਹੀ। ਨਾਨਕ ਸਿੰਘ ਦੇ ਨਾਵਲ ਪੜ੍ਹਦੀ ਰਹਿੰਦੀ ਸਾਂ। ਅਖੀਰ ਇਕ ਦਿਨ ਮਾਂ ਨੇ ਲੋਕਾਂ ਦੇ ਕੱਢਣੇ ਕੱਤਣੇ ਦਖਾ ਦਖਾ ਮੈਨੂੰ ਭਰਮਾ ਲਿਆ। ਬੱਸ ਫੇਰ ਕੀ ਸੀ ਮੈਂ ਮਾਂ ਦੀ ਦਿੱਤੀ ਮੱਤ ਉੱਤੇ ਚੱਲ ਪਈ। ਦਰੀਆਂ ਬੁਣੀਆਂ, ਚਾਦਰਾਂ ਕੱਢੀਆਂ, ਹੋਰ ਪਤਾ ਨਹੀਂ ਕਿੰਨੀ ਤਰ੍ਹਾਂ ਦੇ ਕੱਢਣ ਕੱਢੇ ਤੇ ਬੁਣੇ। ਪੜ੍ਹਾਈ ਵਾਲੀ ਗੱਲ ਜਿਵੇਂ ਦੋ ਸਾਲਾਂ 'ਚ ਵਿਸਰ ਹੀ ਗਈ। ਕਿਧਰੇ ਡੂੰਘੀ ਲਹਿ ਗਈ। ਪਰ ਕਦੇ ਕਦੇ ਇਕ ਪੀੜ ਜਿਹੀ ਉਠਦੀ ਤਾਂ ਮੈਂ ਉਸਨੂੰ ਦਵਾ ਲੈਂਦੀ, ਗੱਲ ਨੂੰ ਅੱਗੇ ਪਾ ਦਿੰਦੀ।

ਉਨੀਂ ਸੌ ਇਕਾਹਠ ਜਨਵਰੀ ਵਿਚ ਮੇਰਾ ਵਿਆਹ ਕਰ ਦਿੱਤਾ ਗਿਆ। ਜਨਾਬ ਉਨ੍ਹੀਂ ਦਿਨੀਂ ਚੰਡੀਗੜ੍ਹ ਨੌਕਰੀ ਕਰਦੇ ਸਨ ਤੇ ਉਨੀਂ ਸੈਕਟਰ ਵਿਚ ਸਰਕਾਰੀ ਡੀ ਟਾਈਪ ਕੁਆਟਰ ਵਿਚ ਰਹਿ ਰਹੇ ਸਨ। ਉਨ੍ਹਾਂ ਦੇ ਪਰਿਵਾਰ ਵਿਚੋਂ ਦੋ ਭੈਣਾਂ ਤੇ ਇਕ ਭਰਾ ਵੀ ਤੇ ਕਦੇ ਕਦੇ ਮਾਂ ਵੀ ਨਾਲ ਰਹਿੰਦੇ ਸਨ। ਭੈਣ ਭਰਾ ਪੜ੍ਹਦੇ ਸਨ। ਮੈਂ ਤੇ ਬਾਪੂ ਜੀ ਨੇ ਚੰਡੀਗੜ੍ਹ ਵਿਆਹ ਕਰਾਉਣ ਦਾ ਫੈਸਲਾ ਇਸ ਲਾਲਚ ਵੱਸ ਕੀਤਾ ਸੀ ਕਿ ਉਥੇ ਮੇਰੀ ਪੜ੍ਹਾਈ ਜਾਰੀ ਰਹਿ ਸਕੇਗੀ। ਉਨ੍ਹਾਂ ਮੁੰਡਾ ਦੇਖਦਿਆਂ ਪਹਿਲੀ ਗੱਲ ਜੋ ਮੈਨੂੰ ਘਰ ਆਕੇ ਦੱਸੀ ਉਹ ਇਹ ਸੀ ਕਿ, 'ਲੈ ਕੁੜੇ! ਹੁਣ ਤੂੰ ਚੰਡੀਗੜ੍ਹ ਜਾਕੇ ਅੱਗੇ ਪੜ੍ਹ ਸਕੇਂਗੀ। ਮੁੰਡੇ ਦਾ ਸੁਭਾ ਭਾਵੇਂ ਮੈਨੂੰ ਬਹੁਤਾ ਪਸੰਦ ਨੀਂ ਪਰ ਟਕਾਣਾ ਚੰਗਾ। ਤੂੰ ਕੀ ਲੈਣਾ ਪਿੰਡ ਤੋਂ। ਤੂੰ ਤਾਂ ਚੰਡੀਗੜ੍ਹ ਰਿਹਾ ਕਰੇਂਗੀ।' ਮੈਨੂੰ ਵੀ ਚੰਡੀਗੜ੍ਹ ਦਾ ਲਾਲਚ ਆ ਗਿਆ। ਮੈਂ ਸੋਚਿਆ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਰਹਿੰਦਿਆਂ ਮੈਂ ਆਪਣੀ ਪੜ੍ਹਾਈ ਮੁਕੰਮਲ ਕਰ ਸਕਾਂਗੀ। ਪਰ ਹੋਇਆ ਇਸਦੇ ਬਿਲਕੁਲ ਉਲਟ। ਜਿੱਥੇ ਔਰਤ ਲਈ ਹੀ ਕੋਈ ਜਗ੍ਹਾ ਜਾਂ ਸਪੇਸ ਨਾ ਹੋਵੇ, ਉਥੇ ਉਸਦੀ ਪੜ੍ਹਾਈ ਕੀ ਮਾਇਨੇ ਰੱਖਦੀ ਹੈ। ਵਿਆਹ ਪਿਛੋਂ ਤਿੰਨ ਚਾਰ ਸਾਲ ਮੇਰੀ ਨੌਕਰੀ ਕਰਨ, ਬੱਚਿਆਂ ਦੀ ਸਾਂਭ ਸੰਭਾਲ ਤੇ ਘਰ ਦੇ ਕੰਮ ਕਾਰ ਕਰਨ ਤੇ ਹੋਰ ਜ਼ਿੰਮੇਵਾਰੀਆਂ ਨਿਭਾਉਣ ਵਿਚ ਮੱਤ ਮਾਰੀ ਰਹੀ। ਪਰ ਅਖ਼ੀਰ



ਅੱਗੇ ਪੜ੍ਹਨ ਦੀ ਬੱਝੀ ਗੰਢ ਇਕ ਦਿਨ ਖੁੱਲ੍ਹ ਹੀ ਗਈ।

"ਮੈਂ ਅੱਗੇ ਪੜ੍ਹਨਾ ਚਾਹੁੰਦੀ ਹਾਂ, ਹੁਣ ਬੱਚੇ ਵੱਡੇ ਹੋ ਗਏ ਨੇ।"

"ਮੇਰਾ ਐਫ. ਏ. ਇੰਗਲਿਸ਼ ਓਨਲੀ ਦਾ ਦਾਖਲਾ ਭਰ ਦਿਓ।"

"ਮੇਰੇ ਨਾਲ ਦੀਆਂ ਟੀਚਰਾਂ ਵੀ ਐਫ. ਏ. ਕਰ ਰਹੀਆਂ ਨੇ।"

"ਮੈਨੂੰ ਕਿਸੇ ਦੀ ਰੀਸ ਨੀਂ। ਕੋਈ ਅੱਗੇ-ਉੱਗੇ ਨੀਂ ਪੜ੍ਹਨਾ। ਖਬਰਦਾਰ ਜੇ ਅੱਗੇ ਤੋਂ ਪੜ੍ਹਨ ਦੀ ਗੱਲ ਕਰੀਆ ਤਾਂ। ਤੈਨੂੰ ਮੇਰੇ ਭੈਣ ਭਰਾ ਨੀਂ ਦਿਸਦੇ ਪੜ੍ਹਦੇ। ਉਨ੍ਹਾਂ ਬਾਰੇ ਸੋਚਿਆ ਕਦੇ?"

"ਭੈਣ ਭਰਾ ਆਪਣੀ ਥਾਂ ਮੈਂ ਆਪਣੀ ਥਾਂ।"

"ਪਿਓ ਨੂੰ ਕਹਿੰਦੀ ਕਿਸੇ ਰਾਜੇ ਘਰ ਵਿਆਹੁੰਦਾ।"

ਦਿਲ ਨੂੰ ਬੜਾ ਦੁੱਖ ਹੋਇਆ। ਜੀ ਕਰੇ ਕੇ ਆਖਾਂ, 'ਪਿਉ ਨੇ ਤਾਂ ਰਾਜਾ ਕਰਕੇ ਹੀ ਤੈਨੂੰ ਲੱਭਿਆ ਸੀ। ਪਰ ਕੀ ਪਤਾ ਸੀ ਉਸਨੂੰ ਤੂੰ ਐਨੀ ਕੁ ਅਕਲ ਦਾ ਮਾਲਕ ਹੋਏਂਗਾ?' ਪਰ ਮੈਂ ਅੰਦਰੇ ਪੀ ਗਈ, ਸਮਝ ਨਾ ਲੱਗੇ ਕਿ ਮੈਂ ਕੀ ਕਰਾਂ, ਕੰਧਾਂ ਨਾਲ ਟੱਕਰਾਂ ਮਾਰਾਂ ਜਾਂ ਉਹਦੇ ਢਿੱਡ ਵਿਚ ਟੱਕਰ ਮਾਰਾਂ। ਖ਼ੈਰ, ਮੈਂ ਕਚੂਚ ਜਿਹੀ ਹੋਕੇ ਆਪਾ ਤਾਂ ਭਾਵੇਂ ਸਮੇਟ ਲਿਆ ਪਰ ਭਵਿੱਖ ਬੜਾ ਡਰੌਣਾ ਤੇ ਖਾਲੀ ਖਾਲੀ ਜਿਹਾ ਨਜ਼ਰ ਆਵੇ। ਮੈਂ ਨਿਰਾਸ਼ ਹੋ ਕੇ ਸੋਚਣ ਲੱਗੀ ਕਿ ਇਸਦਾ ਕੀ ਮਤਲਬ ਹੋਇਆ?

"ਇਸਦਾ ਮਤਲਬ ਮੇਰਾ ਕੋਈ ਭਵਿੱਖ ਨਹੀਂ। ਮੇਰਾ ਵਿਕਾਸ ਬਿਲਕੁਲ ਰੁਕ ਗਿਆ ਹੈ। ਮੈਂ ਸਿਰਫ਼ ਰੋਟੀਆਂ ਪਕਾਉਣ ਤੇ ਭਾਂਡੇ ਮਾਂਜਣ ਜੋਗੀ ਰਹਿ ਗਈ ਹਾਂ। ਜਾਂ ਬੱਚੇ ਪਾਲਣ ਲਈ ਰੱਖੀ ਹੋਈ ਹਾਂ।"

ਮਨ ਵਿਚ ਇਹ ਗੱਲ ਆਉਣ ਦੀ ਦੇਰ ਸੀ ਕਿ ਮਨ ਵਿਚ ਵਿਉਂਤ ਬਣਨ ਲੱਗੀ ਕਿ ਕਿਉਂ ਨਾ ਚੋਰੀ ਇਮਤਿਹਾਨ ਦਿੱਤਾ ਜਾਵੇ।

ਉਨ੍ਹੀਂ ਦਿਨੀਂ ਮੈਂ ਉਨੀ ਸੈਕਟਰ ਦੇ ਸਕੂਲ ਵਿਚ ਹੀ ਪੜ੍ਹਾਉਂਦੀ ਸਾਂ। ਅਧਿਆਪਕਾਂ ਵਿਚ ਮੇਰੀ ਕੰਮਾਂ ਕਾਰਾਂ ਕਰਕੇ ਚੰਗੀ ਪਹਿਚਾਣ ਬਣੀ ਹੋਈ ਸੀ। ਉਸ ਸਮੇਂ ਸ਼ਰਨਜੀਤ ਤੇ ਊਸ਼ਾ ਵੀ ਇਸੇ ਲਾਈਨ ਉੱਤੇ ਤੁਰ ਰਹੀਆਂ ਸਨ। ਉਨ੍ਹਾਂ ਮੇਰਾ ਹੌਸਲਾ ਵਧਾਇਆ ਤੇ ਦਾਖਲਾ ਭਰਨ ਵਿਚ ਮੇਰੀ ਮਦਦ ਵੀ ਕੀਤੀ। ਬਾਕੀ ਅਧਿਆਪਕਾਂ ਨੇ ਵੀ ਇਸ ਗੱਲ ਨੂੰ ਗੁਪਤ ਰੱਖਣ ਤੇ ਮੇਰੀ ਹਰ ਪ੍ਰਕਾਰ ਦੀ ਮਦਦ ਕਰਨ ਦਾ ਵਿਸ਼ਵਾਸ ਦਵਾਇਆ। ਵਿਹਲੇ ਸਮੇਂ ਮੈਂ ਸਕੂਲ ਵਿਚ ਬੈਠਕੇ ਪੜ੍ਹਨ ਲੱਗੀ। ਘਰ ਆ ਕੇ ਮੈਂ ਅੱਧੀ ਰਾਤ ਨੂੰ ਚੋਰੀਓਂ ਉੱਠਕੇ ਪੜ੍ਹਦੀ। ਉਨ੍ਹੀਂ ਦਿਨੀਂ ਮੈਂ ਸਟੋਰ ਵਿਚ ਪਿਆ ਕਰਦੀ ਸੀ। ਕਿਉਂਕਿ ਡੀ ਟਾਈਪ ਕੁਆਰਟਰ ਛੋਟਾ ਸੀ। ਅਗਲੇ ਕਮਰੇ ਵਿਚ ਤਾਂ ਕੇਵਲ ਇਕੋ ਮੰਜਾ ਡਹਿੰਦਾ ਸੀ। ਪਰਿਵਾਰ ਦੇ ਬਾਕੀ ਸਾਰੇ ਜੀਅ ਪਿਛਲੇ ਵੱਡੇ ਕਮਰੇ ਵਿਚ ਸੌਂਇਆ ਕਰਦੇ ਸਨ ਜਿਸ ਕਰਕੇ ਮੈਂ ਸਟੋਰ ਨੂੰ ਬੈੱਡਰੂਮ ਬਣਾਇਆ ਹੋਇਆ ਸੀ। ਬਾਕੀ ਘਰਦੇ ਕੰਮ ਕਾਰ ਮੈਂ ਉਸੇ ਤਰ੍ਹਾਂ ਕਰਦੀ ਰਹੀ। ਬਲਕਿ ਉਸ ਤੋਂ ਵੀ ਤੇਜ਼ ਗਤੀ ਨਾਲ ਕਰਨ ਲੱਗੀ ਤਾਂ ਕਿ ਕਿਸੇ ਨੂੰ ਕੋਈ ਮੌਕਾ ਨਾ ਮਿਲੇ ਮੈਨੂੰ ਕੁਝ ਕਹਿਣ ਦਾ। ਜਾਂ ਮੇਰੇ ਉੱਤੇ ਕਿਸੇ ਕਿਸਮ ਦਾ ਸ਼ੱਕ ਕਰਨ ਦਾ। ਇਉਂ ਕਰਕੇ ਭਾਵੇਂ ਮੈਂ ਆਪਣੇ ਆਪ ਨੂੰ ਹਰ ਪੱਖ ਤੋਂ ਬਚਾ ਲਿਆ ਸੀ ਤੇ ਕਿਸੇ ਨੂੰ ਪਤਾ ਤੱਕ ਨਹੀਂ ਸੀ ਲੱਗਣ ਦਿੱਤਾ। ਪਰ ਪਤਾ ਲਗਾਉਣ ਵਾਲਿਆਂ ਨੇ ਸ਼ਾਇਦ ਸ਼ੁਰੂ ਵਿੱਚ ਹੀ ਪਤਾ ਲਗਾ ਲਿਆ ਹੋਏਗਾ ਜਿਸ ਕਰਕੇ ਉਹ ਕਿਸੇ ਅਜਿਹੇ ਮੌਕੇ ਦੀ ਤਲਾਸ਼ ਵਿਚ ਸਨ ਕਿ ਕਦੋਂ ਮੈਨੂੰ ਚੋਰੀ ਪੇਪਰ ਦਿੰਦੀ ਨੂੰ ਸਿਰੋਂ ਪਕੜ ਸਕਣ।

ਮੈਂ ਕਮਲੀ। ਕਮਲੀ ਜੀਤੋ, ਨਹੀਂ ਸੀ ਜਾਣਦੀ ਦੁਨਿਆਵੀ ਅਕਲਾਂ ਕੀ ਹੁੰਦੀਆਂ

ਨੇ। ਨਹੀਂ ਸੀ ਪਤਾ ਕਿ ਇਸ ਚੋਰੀ ਦਾ ਹਸ਼ਰ ਕੀ ਹੋਏਗਾ? ਮੈਂ ਤਾਂ ਕੇਵਲ ਐਨਾ ਜਾਣਦੀ ਸੀ, 'ਮੈਂ ਕਿਹੜਾ ਕੋਈ ਮਾੜਾ ਕੰਮ ਕਰਦੀ ਹਾਂ। ਪੜ੍ਹਨਾ ਕੋਈ ਮਾੜੀ ਗੱਲ ਥੋਹੜਾ ਈ ਐ। ਨਾਲੇ ਮੈਂ ਕਿਹੜਾ ਘਰ ਦੇ ਟੈਮ 'ਚੋਂ ਟੈਮ ਲਿਆ ਹੈ। ਕੋਈ ਕੀ ਕਹਿ ਸਕਦਾ ਹੈ ਮੈਨੂੰ?' ਕਲ੍ਹ ਕੀ ਹੋਏਗਾ ਸੱਚਮੁੱਚ ਨਹੀਂ ਸੀ ਜਾਣਦੀ ਮੈਂ। ਇਸ ਕੰਮ ਵਿਚ ਮੈਨੂੰ ਇਕੋ ਇਕ ਮੁਸ਼ਕਲ ਪੇਸ਼ ਆ ਰਹੀ ਸੀ ਕਿ ਪੇਪਰ ਦੇ ਕੇ ਮੈਂ ਸਵਾ ਪੰਜ ਜਾਂ ਸਾਢੇ ਪੰਜ ਘਰ ਪਹੁੰਚਣਾ ਸੀ ਜਦੋਂ ਕਿ ਸਕੂਲੋਂ ਮੈਂ ਚਾਰ ਵੱਜਕੇ ਪੰਜ ਮਿੰਟ ਤੇ ਘਰ ਪਹੁੰਚ ਜਾਇਆ ਕਰਦੀ ਸੀ। ਫਿਰ ਸੋਚਿਆ ਜਨਾਬ ਤਾਂ ਸਾਢੇ ਪੰਜ ਹੀ ਦਫਤਰੋਂ ਘਰ ਪਹੁੰਚਦੇ ਨੇ। ਬਾਕੀ ਪਰਿਵਾਰ ਦੇ ਜੀਆਂ ਨੂੰ ਮੈਂ ਕੋਈ ਨਾ ਕੋਈ ਬਹਾਨਾ ਲਾ ਦੂੰਗੀ।

ਪਰ ਜਦੋਂ ਪੇਪਰ ਦੇਕੇ ਮੈਂ ਸਵਾ ਪੰਜ ਵਜੇ ਘਰ ਪਹੁੰਚੀ ਤਾਂ ਜਨਾਬ ਮੈਥੋਂ ਪਹਿਲਾਂ ਘਰ ਪਹੁੰਚੇ ਹੋਏ ਸਨ। ਪਿਛਲੇ ਕਮਰੇ ਵਿਚ ਮੈਂ ਮਸਾਂ ਅਜੇ ਪੈਰ ਹੀ ਧਰਿਆ ਸੀ ਕਿ ਬੜਾ ਜ਼ੋਰਦਾਰ ਧਮਾਕਾ ਹੋਇਆ। ਬੰਬ ਦੇ ਫਟਣ ਜਿਹਾ ਧਮਾਕਾ ਸੀ ਉਹ। ਮੇਰੇ ਕੰਨ ਬੁੱਜ ਹੋ ਗਏ ਸਨ ਸੁਣਕੇ,

"ਕਿਥੋਂ ਆਈਏਂ ਮਾਤਰਚੋ...?"

"ਕਿਥੋਂ?...." ਮੈਂ ਹੌਲੀ ਜਿਹੇ ਕਿਹਾ।

ਕੁਝ ਪਲ ਮੈਂ ਚੁੱਪ ਰਹੀ।ਮੈਂ ਸਮਝ ਗਈ ਸਾਂ ਕਿ ਮੇਰੀ ਚੋਰੀ ਤਾਂ ਫੜੀ ਗਈ ਹੈ, ਉਸ ਸਮੇਂ ਮੈਂ ਝੂਠ ਨਹੀਂ ਸਾਂ ਬੋਲ ਸਕਦੀ।ਇਸ ਲਈ ਮੈਂ ਸੋਚਿਆ ਕਿ 'ਬਿਹਤਰ ਹੋਏਗਾ ਕਿ ਮੈਂ ਸੱਚ ਸੱਚ ਦੱਸ ਦਿਆਂ ਕਿਉਂਕਿ ਮੈਂ ਕਿਹੜਾ ਕੋਈ ਮਾੜਾ ਕੰਮ ਕੀਤਾ ਹੈ। ਪੇਪਰ ਹੀ ਦੇ ਕੇ ਆਈ ਹਾਂ।'

"ਪੇਪਰ ਦੇਕੇ ਆਈਆਂ ਹੋਰ ਕਿਥੋਂ ਆਉਣਾ ਸੀ?"

"ਕੀਹਨੂੰ ਪੁੱਛਕੇ ਦਿਤੇਆ ਪੇਪਰ? ਜਦੋਂ ਮੈਂ ਤੈਨੂੰ ਮਨ੍ਹਾਂ ਕੀਤਾ ਸੀ।"

"ਪੁੱਛਿਆ ਤਾਂ ਸੀ ਤੁਸੀਂ ਕਿਹੜਾ ਮੈਨੂੰ ਦੇਣ ਦਿੰਦੇ ਸੀ?"

ਕਾੜ ਕਰਦਾ ਥੱਪੜ ਮੇਰੇ ਮੂੰਹ ਤੇ ਵੱਜਿਆ। ਭੰਬੂ ਤਾਰੇ ਜਿਹੇ ਦਿਖਾਈ ਦਿੱਤੇ। ਮੈਂ ਅਗੋਂ ਪਤਾ ਨਹੀਂ ਕੀ ਬੋਲੀ ਹੋਵਾਂਗੀ? ਬੋਲੀ ਜ਼ਰੂਰ ਸਾਂ ਪਰ ਹੁਣ ਕੁਝ ਯਾਦ ਨਹੀਂ। ਉਨ੍ਹਾਂ ਵੀ ਪਤਾ ਨਹੀਂ ਕਿੰਨੀਆਂ ਕੁ ਗੰਦੀਆਂ ਗਾਲ੍ਹਾਂ ਦਿੱਤੀਆਂ ਸਨ। ਕੇਵਲ ਇਕੋ ਗਾਲ੍ਹ ਯਾਦ ਰਹੀ ਹੈ 'ਮਾਤਰਚੋ...' ਪਰ ਯਾਦ ਰਹਿਣ ਵਾਲੀ ਗੱਲ ਅੱਜ ਤੱਕ ਵੀ ਨਹੀਂ ਭੁੱਲੀ ਅੱਜ ਵੀ ਰੜਕਦੀ ਹੈ, "ਜੇ ਤੂੰ ਚੋਰੀਓਂ ਪੇਪਰ ਦੇ ਸਕਦੀ ਏਂ ਤਾਂ ਤੂੰ ਕੁਸ਼ ਵੀ ਹੋਰ ਕਰ ਸਕਦੀ ਏਂ?"

"ਕੁਸ਼ ਵੀ ਹੋਰ?......." ਸ਼ਾਇਦ 'ਕੁਸ਼ ਵੀ ਹੋਰ' ਕਰਨ ਦਾ ਮੈਂ ਅਰਥ ਪੁੱਛ ਬੈਠੀ ਹੋਵਾਂਗੀ ਜਾਂ ਕੋਈ ਹੋਰ ਪੁੱਠੀ ਸਿੱਧੀ ਗੱਲ ਕਹਿ ਦਿੱਤੀ ਹੋਏਗੀ। ਬੱਸ ਫੇਰ ਕੀ ਸੀ ਇਕ, ਦੋ, ਤਿੰਨ, ਚਾਰ ਕਰਦਾ ਭਾਰੀ ਬੂਟ ਮੇਰੇ ਤੇ ਵਰ੍ਹਦਾ ਰਿਹਾ ਸੀ ਤੇ ਮੈਂ ਆਪਣੇ ਹੱਥਾਂ ਦੀ ਓਟ ਨਾਲ ਆਪਣਾ ਮੂੰਹ ਸਿਰ ਬਚਾਉਂਦੀ ਰਹੀ ਸਾਂ। ਤੇ ਨਾਲ ਪਤਾ ਨੀਂ ਕੀ ਕੀ ਬੋਲੀ ਵੀ ਜਾ ਰਹੀ ਸਾਂ।

ਦੂਜੀ ਸਵੇਰ ਉਠੀ ਤਾਂ ਹੱਥ ਬੁਰੀ ਤਰ੍ਹਾਂ ਸੁੱਜਿਆ ਹੋਇਆ ਸੀ। ਅੰਗੂਠੇ ਦਾ ਮਾਸ ਫਟ ਗਿਆ ਸੀ। ਜਾਂ ਸ਼ਾਇਦ ਹੱਡੀ ਕਰੈਕ ਹੋ ਗਈ ਸੀ। ਪਰ ਬੜੇ ਦਿਨਾਂ ਤੱਕ ਕੀ ਮਹੀਨਿਆਂ ਤੱਕ ਵੀ ਠੀਕ ਨਹੀਂ ਸੀ ਹੋਇਆ।ਬੜੀਆਂ ਪੁਲਟਸਾਂ ਬੰਨ੍ਹਦੀ ਰਹੀ ਸਾਂ। ਦੁਆਈਆਂ ਖਾਂਦੀ ਰਹੀ ਸਾਂ ਪਰ ਉਹ ਪੀੜ ਅੱਜ ਵੀ ਮੇਰੇ ਸੀਨੇ ਵਿਚ ਵੱਧ ਤੇ ਖੱਬੇ ਹੱਥ ਦੇ ਅੰਗੂਠੇ ਵਿਚ ਘੱਟ ਚਸਕਦੀ ਹੈ।



## ਦੋ ਚਪੇੜਾਂ/ਚੰਦਨ ਨੇਗੀ

ਕਦੀ-ਕਦੀ ਯਾਦਾਂ ਦੇ ਬੰਦ ਦਰਵਾਜ਼ਿਆਂ ਦੇ ਭਿਤ ਪਾਤਰਾਂ ਨੂੰ ਚਿੱਤਰਦੇ ਵੀ ਖੁੱਲ੍ਹ ਜਾਂਦੇ ਨੇ।'ਤ੍ਰਿਣ ਕੰਡਾ' ਕਹਾਣੀ ਦਾ ਮੇਰਾ ਪਾਤਰ ਮੇਰੇ ਨਾਲ ਹੀ ਵੱਡਾ ਹੋਇਆ ਸੀ।ਮੇਰੇ ਤੋਂ ਸਾਲ ਕੁ ਵੱਡਾ। ਨਾ ਹੱਸਦਾ, ਨਾ ਮੁਸਕਰਾਉਂਦਾ, ਨਾ ਖੇਡਦਾ, ਨਾ ਸ਼ੈਤਾਨੀਆਂ ਕਰਦਾ। ਉਹ ਵੱਖਰਾ ਵੱਖਰਾ ਇਕੱਲਾ-ਇਕੱਲਾ ਹੀ ਰਹਿੰਦਾ ਸੀ। ਉਸ ਦੀ ਮਤ੍ਰੇਈ ਮਾਂ ਉਸ ਨੂੰ ਲੱਤਾਂ, ਠੁਡਿਆਂ, ਮੁਕਿਆਂ, ਸੋਟੀਆਂ ਨਾਲ ਦਰੜ ਦੇਂਦੀ ਸੀ।ਉਸ ਨੂੰ ਮਾਰ ਪੈਂਦੀ ਵੇਖ ਕੇ ਮੈਂ ਦਹਿਲ ਜਾਂਦੀ ਤੇ ਰੋਣ ਲੱਗ ਪੈਂਦੀ ਸਾਂ, ਲੱਤਾਂ-ਬਾਹਾਂ ਕੰਬਣ ਲੱਗ ਪੈਂਦੀਆਂ।ਉਹ 'ਸੀਅ' ਵੀ ਨਹੀਂ ਕਰਦਾ।ਅੱਖਾਂ ਅੱਡ ਕੇ ਮਤ੍ਰੇਈ ਮਾਂ ਦੇ ਹੱਥਾਂ ਵੱਲ ਵੇਖਦਾ ਰਹਿੰਦਾ ਸੀ ਤੇ ਉਥੋਂ ਇਵੇਂ ਉੱਠ ਜਾਂਦਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ।ਮਤ੍ਰੇਈ ਮਾਂ ਦੀ ਮਾਰ ਦੀ ਬਿਗਾਨੀ ਪੀੜ ਮੈਂ ਸਾਰੀ ਉਮਰ ਸਹਾਰੀ ਏ।

ਮੈਨੂੰ ਮੇਰੀ ਆਪਣੀ ਝਾਈ ਜੀ (ਮਤ੍ਰੇਈ ਮਾਂ) ਨੇ ਕਦੀ ਨਹੀਂ ਸੀ ਮਾਰਿਆ।ਬੱਸ ਇਕੋ ਡਰਾਵਾ ਸੀ, "ਆ ਲੈਣ ਦੇ ਭਾਪਾ ਜੀ ਨੂੰ-ਦਸਾਂ ਜੋ ਤੂੰ ਕੀਤੈ-ਵੱਤ ਕਰਸੇਂ....ਹੈਂ?" ਪਤਾ ਸੀ ਭਾਪਾ ਜੀ ਨੇ ਅੱਖਾਂ ਨਾਲ ਹੀ ਘੂਰਨਾ ਹੈ ਤੇ ਸਾਡੀ ਬੱਚਿਆਂ ਦੀ ਜਾਨ ਨਿਕਲ ਜਾਣੀ ਹੈ। ਮੈਂ ਸ਼ੈਤਾਨੀਆਂ, ਰੁੱਸਣ, ਪੜ੍ਹਾਈ ਤੋਂ ਕਦੀ ਮਾਰ ਨਹੀਂ ਖਾਧੀ ਪਰ ਮੈਨੂੰ ਦੋ ਚਪੇੜਾਂ ਦੀ ਮਾਰ ਯਾਦ ਆਉਂਦੇ ਹੀ ਮੇਰੀ ਸੱਜੀ ਗਲ੍ਹ ਹੁਣ ਵੀ ਜਿਵੇਂ ਸੁੰਨ ਹੋ ਜਾਂਦੀ ਹੈ। ਮੈਡਮ ਮਿਸਿਜ਼ ਜੈਕਬ ਸਾਨੂੰ ਅੰਗਰੇਜ਼ੀ ਪੜ੍ਹਾਉਂਦੀ ਸੀ (ਸਕੂਲ ਵਿਚ ਚਾਰ-ਪੰਜ ਕ੍ਰਿਸਚੀਅਨ ਟੀਚਰਜ਼ ਸਨ।) ਹਫਤੇ ਦੇ ਨਾਂ ਯਾਦ ਕਰਨੇ ਸਨ।ਘਰ ਆ ਕੇ ਰਟਦੀ ਰਹੀ ਸਾਂ।ਜਮਾਤ ਵਿਚ ਜਦੋਂ ਮਿਸਿਜ਼ ਜੈਕਬ ਨੇ ਹਫਤੇ ਦੇ ਨਾਂ ਪੁੱਛੇ ਤਾਂ ਸਭ ਤੋਂ ਉੱਚੀ ਮੈਂ ਬਾਂਹ ਚੁੱਕੀ ਸੀ।ਮੈਡਮ ਨੇ ਮੇਰੇ ਨੇੜੇ ਆ ਕੇ ਕਿਹਾ, "ਸੁਨਾਉ..."

ਮੈਂ ਬੜੀ ਸ਼ਾਨ ਨਾਲ ਖਲੋ ਕੇ ਬੋਲਣ ਲੱਗੀ, "ਅੰਡੇ....ਸੰਡੇ....ਮੰਡੇ...ਟਿਊਜ਼...."

"ਨਹੀਂ, ਫਿਰ ਬੋਲੋ....."

ਸਾਡੀ ਜਮਾਤ ਦੀਆਂ ਅੱਖਾਂ ਮੇਰੇ ਚਿਹਰੇ ਉੱਤੇ ਜੁੜੀਆਂ ਸਨ। ਮੈਂ ਆਲੇ-ਦੁਆਲੇ ਇਕ ਨਜ਼ਰ ਫੇਰੀ, "ਅੰਡੇ....ਸੰਡੇ...ਮੰਡੇ...ਟਿਉ..." ਬੜਾ ਲਮਕਾ ਕੇ ਬੋਲੀ।

ਕੜਾਕ ਕਰਦੀ ਇਕ ਚਪੇੜ ਮੇਰੀ ਗੱਲ੍ਹ ਉੱਤੇ ਵੱਜੀ।"ਯੇ ਅੰਡੇ ਕਹਾਂ ਸੇ ਲਾਈ ਹੈ?" ਮੈਡਮ ਦੇ ਹੱਥ ਦੀਆਂ ਪੰਜੇ ਉਂਗਲਾਂ ਮੇਰੀ ਗਲ੍ਹ ਉੱਤੇ ਛਪ ਗਈਆਂ।ਕੰਨ ਲਾਲ ਸੁਰਖ਼ ਹੋ ਗਿਆ। ਕੰਨ ਵਿਚੋਂ 'ਸਾਂ....ਸਾਂ.....' ਦੀ ਆਵਾਜ਼ ਆਉਣ ਲੱਗੀ।ਪੜ੍ਹਾਈ ਲਈ ਇਹ ਮੇਰੀ ਪਹਿਲੀ ਤੇ ਆਖਰੀ ਚਪੇੜ ਸੀ।ਮੈਂ ਬੜਾ ਰੋਈ ਸਾਂ, ਸਾਰੇ ਸਕੂਲ ਨੂੰ ਮੇਰੀ ਮਾਰ ਦਾ ਪਤਾ ਲੱਗ ਗਿਆ ਸੀ।

ਮਿਸਿਜ਼ ਜੈਕਬ ਤੋਂ ਸਾਰੀਆਂ ਕੁੜੀਆਂ ਬਹੁਤ ਡਰਦੀਆਂ ਸਨ।ਉੱਚੀ-ਲੰਮੀ, ਕਾਲੀ ਸ਼ਾਹ, ਮੋਟੀ-ਭਾਰੀ ਆਵਾਜ਼।ਇਕ ਦਿਨ ਮੈਨੂੰ ਉਹ ਹਾਲ ਵਿਚ ਲੈ ਗਈ।ਸਿਰ ਉੱਤੇ ਸਾੜ੍ਹੀ ਦਾ ਪੱਲਾ ਲਪੇਟ ਲਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਈ।"ਮੁਝੇ ਭੀ ਗੁਰੂ ਗ੍ਰੰਥ ਸਾਹਿਬ ਪੜ੍ਹਨਾ ਸਿਖਾਉ...ਤੂੰ ਬਹੁਤ ਅੱਛਾ ਪਾਠ ਕਰਤੀ ਹੈ।" ਫਿਰ ਮੇਰਾ ਅੱਧੀ ਛੁੱਟੀ ਘਰ ਜਾਣਾ, ਕੁੜੀਆਂ ਨਾਲ ਖੇਡਣਾ, ਨੱਚਣਾ-ਟੱਪਣਾ ਬੰਦ ਹੋ ਗਿਆ।ਰੋਜ਼ ਹੀ ਉਹ ਮੈਨੂੰ ਵੱਡੇ ਹਾਲ ਵਿਚ ਲੈ ਜਾਂਦੀ ਸੀ।ਚੌਂਕੜੀ ਮਾਰ ਕੇ ਮੇਰੇ ਨਾਲ ਮੈਡਮ ਬੈਠ ਜਾਂਦੀ ਤੇ ਉਂਗਲੀ ਰੱਖ-ਰੱਖ ਕੇ ਮੇਰੇ ਪਿੱਛੇ-ਪਿੱਛੇ ਇਕ-ਇਕ ਸ਼ਬਦ ਵਾਕ ਲੈਣ ਦੀ ਸੁਰ ਵਿਚ ਹੀ ਬੋਲਦੀ।ਗੁਰਮੁਖੀ ਪੜ੍ਹਨੀ-ਲਿਖਣੀ ਉਸ ਨੇ ਪਹਿਲਾਂ ਹੀ ਸਿੱਖੀ ਹੋਈ ਸੀ।ਕਿਸੇ ਕੁੜੀ ਦੀ ਅੰਦਰ ਝਾਤੀ ਮਾਰਨ ਦੀ ਹਿੰਮਤ ਨਹੀਂ ਸੀ ਪੈਂਦੀ ਤੇ ਨਾ ਹੀ ਕਦੇ ਹੈਡਮਿਸਟ੍ਰੈਸ ਨੇ ਕੁਝ ਕਿਹਾ ਸੀ।ਉਨ੍ਹਾਂ ਦੇ ਕੰਨਾਂ ਤੱਕ ਗੱਲ ਨਹੀਂ ਸੀ ਪਹੁੰਚੀ ਜਾਂ ਉਨ੍ਹਾਂ ਨਜ਼ਰ-ਅੰਦਾਜ਼ ਕੀਤਾ ਸੀ।ਮੇਰੇ ਤੋਂ ਵੀ ਕਿਸੇ ਨੇ ਕੁਝ ਨਾ ਪੁੱਛਿਆ।

ਮਾਰ ਤੋਂ ਬਾਅਦ ਮੈਂ ਅੱਧੀ ਛੁੱਟੀ ਵੇਲੇ ਲੁਕ ਜਾਂਦੀ ਸਾਂ। ਜਿਥੋਂ ਤੱਕ ਮਿਸਿਜ਼ ਜੈਕਬ ਆਪਣੀ ਕਲਾਸ ਵਿਚੋਂ ਨਿਕਲਦੀ ਮੈਂ ਆਪਣੀ ਗਲੀ ਦੇ ਥੜ੍ਹੇ ਉੱਤੇ ਕੁੜੀਆਂ ਨਾਲ ਖੇਡਦੀ ਜਾਂ ਸਾਹਮਣੇ ਆਪਣੇ ਘਰ ਦੌੜ ਜਾਂਦੀ। ਭਾਈ ਜੋਗਾ ਸਿੰਘ ਗਰਲਜ਼ ਹਾਈ ਸਕੂਲ ਸਾਡੀ ਗਲੀ ਦੀ ਅਖ਼ੀਰਲੀ ਨੁਕਰ ਵਿਚ ਬਹੁਤ ਵੱਡੀ ਨਵੀਂ ਬਿਲਡਿੰਗ ਬਣੀ ਸੀ। ਚਾਰ ਪੰਜ ਦਿਨਾਂ ਬਾਅਦ ਮੈਡਮ ਅੱਧੀ ਛੁੱਟੀ ਦੀ ਘੰਟੀ ਵੱਜਣ ਤੋਂ ਪਹਿਲਾਂ ਕਲਾਸ ਵਿਚ ਆਈ। ਉਸ ਨੇ ਕਲਾਸ ਵਿਚ ਆ ਕੇ ਹੁਕਮ ਜਿਹਾ ਦਿੱਤਾ, "ਆਜ ਚੰਦਨ ਆਧੀ ਛੁੱਟੀ ਕੇ ਸਮੇ ਕਹੀਂ ਨਹੀਂ ਜਾਏਗੀ।'"

ਮੈਨੂੰ ਆਪ ਮੈਡਮ ਬਾਂਹ ਤੋਂ ਫੜ ਕੇ ਹਾਲ ਵਿਚ ਲੈ ਗਈ ਸੀ। ਅਸਾਂ ਦੋਵਾਂ ਮੱਥਾ ਟੇਕਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਦੋਵੇਂ ਪਹਿਲਾਂ ਵਾਂਗ ਚੌਕੜੀਆਂ ਮਾਰ ਕੇ ਬੈਠੀਆਂ। ਰੁਮਾਲਾ ਚੁਕ ਕੇ 'ਡੈਡਉਤ ਬੰਧਨ ਅਤੇ ਗਿਆਨ ਧਿਆਨ ਕਿਛ ਕਰਮ ਨਾ ਜਾਨਾ' ਸਲੋਕ ਲੈਅ ਵਿਚ ਬੋਲੇ। ਵਾਕ ਲੈਂਦੇ ਮੇਰਾ ਗਲਾ ਭਰ ਆਇਆ ਤੇ ਅੱਖਾਂ 'ਚੋਂ ਛਮਾ ਛਮ ਅੱਥਰੂ ਡਿੱਗਣ ਲੱਗੇ। ਮੈਨੂੰ ਮਿਸਿਜ਼ ਜੈਕਬ ਨੇ ਘੁੱਟ ਕੇ ਆਪਣੀ ਛਾਤੀ ਨਾਲ ਲਗਾਇਆ ਤਾਂ ਮੇਰੀਆਂ ਭੁੱਬਾਂ ਨਿਕਲ ਗਈਆਂ ਤੇ ਮੈਂ ਉਂਝ ਹੀ ਗੁਰੂ ਗ੍ਰੰਥ ਸਾਹਿਬ ਖੁੱਲ੍ਹਾ ਹੀ ਛੱਡ ਕੇ ਉੱਚੀ-ਉੱਚੀ ਰੋਂਦੀ ਹਾਲ ਦੇ ਦੂਜੇ ਕੋਨੇ ਵਿੱਚ ਚਲੀ ਗਈ ਸਾਂ। ਮਿਸਿਜ਼ ਜੈਕਬ ਨੇ ਬੜਾ ਪਿਆਰ ਕੀਤਾ ਸੀ।

****

ਇਕ ਚੰਡ ਹੋਰ ਪਈ ਸੀ। ਸਾਡੇ ਘਰ ਭਾਪਾ ਜੀ ਦੇ ਮੁਸਲਮਾਨ ਦੋਸਤ ਅਫ਼ਸਰ ਆਉਂਦੇ ਸਨ। ਨਾ ਕੋਈ ਭਿਟ ਸੀ, ਨਾ ਉਨ੍ਹਾਂ ਲਈ ਭਾਂਡੇ ਵੱਖਰੇ ਰੱਖੇ ਜਾਂਦੇ ਜਾਂ ਖਾਸ ਮੰਜਵਾਏ ਜਾਂਦੇ ਸਨ। ਘਰ ਦੇ ਪਿੱਛੇ ਮਾਂ ਦੀ ਸਹੇਲੀ 'ਬਾਸ਼ੋ ਮਾਸੀ' ਰਹਿੰਦੀ ਸੀ। ਅਸੀਂ ਉਨ੍ਹਾਂ ਦੇ ਘਰ ਆਮ ਜਾਂਦੇ ਸਾਂ। ਰਾਵਲਪਿੰਡੀ ਤਾਇਆ ਜੀ ਦੀ ਗੁਆਂਢਣ ਮੁਸਲਮਾਨੀ ਭਾਪਾ ਜੀ ਦੀ ਭੈਣ ਬਣੀ ਹੋਈ ਸੀ। ਅਸੀਂ ਜਦ ਵੀ ਤਾਇਆ ਜੀ ਵਲ ਜਾਂਦੇ, ਉਹ ਸਾਰੇ ਦਿਨ ਸਾਡੇ ਕੋਲ ਬੈਠੀ ਰਹਿੰਦੀ। ਘਰ, ਵਿਆਹ, ਦੁੱਖ-ਸੁੱਖ, ਆਉਣਾ-ਜਾਣਾ। ਉਹ ਤਾਂ ਭੂਆ ਸੀ, ਜ਼ੈਗਮ ਭੂਆ ਹਿੰਦੂਆਣੀ ਤੇ ਮੁਸਲਮਾਨੀ ਕੀ ਹੁੰਦੀ ਹੈ ?

ਗਲੀ ਤੋਂ ਬਾਹਰ 'ਮੁੰਡੀ ਬੇਰੀ' ਦੇ ਖੁੱਲ੍ਹੇ ਚੌਂਕ ਵਿਚ ਇਕ ਦੁਕਾਨ 'ਤੇ ਸਾਰਾ ਦਿਨ ਤੰਦੂਰ ਵਿਚ ਰੋਟੀਆਂ ਲੱਗਦੀਆਂ ਰਹਿੰਦੀਆਂ। ਚਿੱਟੀਆਂ ਰੋਟੀਆਂ, ਇਕ ਛੁੱਟ ਚੌੜੀ, ਡੇਢ ਕੁ ਫੁੱਟੀ ਲੰਮੀ ਵੱਡੀ ਰੋਟੀ। ਪਤਾ ਨਹੀਂ ਕਿਉਂ ਕੋਈ ਮਹਿਮਾਨ ਆਇਆ ਸੀ ਜਾਂ ਰੋਟੀ ਘਟ ਗਈ ? ਮੈਨੂੰ ਇਕ ਆਨੇ ਦੀ ਰੋਟੀ ਲਿਆਉਣ ਲਈ ਝਾਈ ਜੀ ਨੇ ਕਿਹਾ, "ਜਾ ਤੰਦੂਰ ਤੋਂ ਇਕ ਰੋਟੀ ਲੈ ਆ।" ਮੈਂ ਮਿਸ਼ਰ ਦੀ ਨਿੱਕੀ ਰੋਟੀ ਲੈਣ ਦੀ ਥਾਂ ਦੌੜਦੀ ਉਸ ਦੁਕਾਨ 'ਤੇ ਗਈ ਤੇ ਇਕ ਰੋਟੀ ਕਾਗਜ਼ ਵਿਚ ਲਪੇਟ ਕੇ ਲੈ ਆਈ। ਰੋਟੀ ਲੈਣ ਵੇਲੇ ਤੰਦੂਰੀਏ ਨੇ ਵੀ ਮੈਨੂੰ ਅਜੀਬ ਜਿਹੀਆਂ ਨਜ਼ਰਾਂ ਨਾਲ ਵੇਖਿਆ ਸੀ। ਡਿਓਢੀ ਵਿਚ ਵੜਦੇ ਹੀ ਭਾਪਾ ਜੀ ਨੇ ਕੱਸ ਕੇ ਚਪੇੜ ਮਾਰੀ ਸੀ, "ਮੁਸਲਮਾਨ ਰੋਟੀ ਲੈ ਆਈ ਏਂ... ? ਲੋਕਾਂ ਤਕਿਆ ਹੋਸੀ....ਕੇਹ ਕਹਿਸਨ ਲੋਕ...ਮੁਸਲਮਾਨ ਰੋਟੀ ਖਾਂਦੇਨ...ਮਿੱਟੀ ਵਿਚ ਮਿਲਾ ਛੋੜੀ ਆ ਮੇਰੀ ਇੱਜ਼ਤ...." ਤੇ ਮੈਨੂੰ ਰੋਟੀ ਦੇ ਮੁਸਲਮਾਨ-ਹਿੰਦੂ ਹੋਣ ਦੀ ਸਮਝ ਨਾ ਆਈ...ਨਾ ਮਿੱਟੀ ਵਿਚ ਇੱਜ਼ਤ ਮਿਲਣ ਦਾ ਪਤਾ ਲੱਗਾ। ਨਾ ਮੈਨੂੰ ਇੱਜ਼ਤ ਰੁਲਣ ਦਾ ਮਤਲਬ ਪਤਾ ਸੀ। ਰੋਂਦੇ-ਰੋਂਦੇ ਇਹ ਹੀ ਕਿਹਾ ਸੀ, "ਇਹ ਰੋਟੀ ਵੱਡੀ ਤੇ ਚਿੱਟੀ ਏ।"

ਮੁਸਲਮਾਨ ਰੋਟੀ ਤੇ ਹਿੰਦੂ ਰੋਟੀ ਨਾਲ ਇੱਜ਼ਤ ਕਿਵੇਂ ਰੁਲ ਗਈ ? ਪਰ ਜਦ ਮੈਨੂੰ ਚੌਥੀ ਜਮਾਤ ਵਿਚ ਫਸਟ ਆਉਣ ਦਾ ਇਨਾਮ ਮਿਲਿਆ ਸੀ, ਭਾਈ ਜੋਗਾ ਸਿੰਘ ਗੁਰਦੁਆਰੇ ਦਾ ਸੰਗਤ ਨਾਲ ਭਰਿਆ ਹਾਲ....ਕੀਰਤਨ ਤੋਂ ਬਾਅਦ ਇਨਾਮ ਮਿਲਣੇ ਸਨ। ਪਹਿਲਾਂ ਵੱਡੀਆਂ ਕੁੜੀਆਂ ਨੂੰ ਇਨਾਮ ਮਿਲੇ। ਚੰਦਨ ਨੇ ਬੜੇ ਨੰਬਰ ਲਏ ਸਨ। (ਖੌਰੇ ਕਿੰਨੇ ?) ਭਾਪਾ ਜੀ ਸਟੇਜ ਦੇ



ਕੋਲ ਖਲੋਤੇ ਸਨ। ਸਟੇਜ ਉੱਤੇ ਖਲੋਤੀ ਮੈਂ...ਫੁੱਲਾਂ ਦੇ ਸਿਹਰਿਆਂ ਨਾਲ ਲੱਦੀ ਹੋਈ...ਜੈਕਾਰਿਆਂ ਦੀ ਗੂੰਜ....ਤੇ ਮੈਨੂੰ ਭਾਪਾ ਜੀ ਨੇ ਸਟੇਜ ਤੋਂ ਚੁੱਕ ਕੇ ਉਤਾਰਿਆ ਸੀ। ਕਿਤਾਬਾਂ ਦਾ ਵੱਡਾ ਪੈਕੇਟ ਮਿਲਿਆ ਸੀ। ਦੋ ਤਿੰਨ ਕਿਤਾਬਾਂ ਯਾਦ ਹਨ 'ਸਿੱਖ ਰਾਜ ਦੇ ਉਸਰੱਈਏ', 'ਮਹਾਰਾਣੀ ਜਿੰਦਾ', 'ਕੰਵਰ ਨੌਨਿਹਾਲ ਸਿੰਘ' ਤੇ ਹੋਰ ਛੇ ਸੱਤ ਕਿਤਾਬਾਂ। ਕੰਵਲ ਨੌ ਨਿਹਾਲ ਸਿੰਘ ਪੜ੍ਹੀ ਤਾਂ ਹਰ ਵੇਲੇ ਰੱਬ ਅੱਗੇ ਇਹੋ ਹੀ ਅਰਦਾਸ ਕਰਦੀ ਸੀ-ਹੇ ਰੱਬਾ ! ਮੈਨੂੰ ਐਸੀ ਸ਼ਕਤੀ ਦੇ ਕਿ ਮੈਂ ਉਨ੍ਹਾਂ ਸਾਰਿਆਂ ਨੂੰ ਮਾਰ ਸਕਾਂ, ਜਿਨ੍ਹਾਂ ਨੇ ਕੰਵਰ ਨੌ ਨਿਹਾਲ ਸਿੰਘ ਤੇ ਮਹਾਰਾਣੀ ਜਿੰਦਾ ਨੂੰ ਤਸੀਹੇ ਦਿੱਤੇ ਸਨ। ਜਿਨ੍ਹਾਂ ਨੇ ਕੰਵਰ ਨੂੰ ਮਾਰਿਆ ਹੈ, ਮੈਂ ਵੀ ਉਨ੍ਹਾਂ ਨੂੰ ਬੱਚਿਆਂ ਸਮੇਤ ਮਾਰ ਦਿਆਂ। ਮਾਰਨਾ ਤਾਂ ਕਿੱਥੇ ਸੀ, ਮੈਂ ਤਾਂ ਵੱਡੀ ਹੋ ਕੇ ਉਨ੍ਹਾਂ ਹੀ ਰਾਜਿਆਂ ਦੀ ਵੰਸ਼ ਦੇ ਘਰ, ਉਨ੍ਹਾਂ ਹੀ ਮਹੱਲਾਂ ਵਿਚ ਜਾਂਦੀ ਰਹੀ ਸਾਂ। ਇਹ ਤਿੰਨ ਕਿਤਾਬਾਂ ਬਾਵਾ ਪ੍ਰੇਮ ਸਿੰਘ ਹੋਤੀ ਮਰਦਾਨ ਜੀ ਦੀਆਂ ਲਿਖੀਆਂ ਹੋਈਆਂ ਸਨ। ਹੈਰਾਨ ਹੁੰਦੀ ਸਾਂ...ਕਿਤਾਬਾਂ ਕਿੰਝ ਲਿਖੀਆਂ ਜਾਂਦੀਆਂ ਨੇ ?

## ਚੋਰੀ/ਚੰਦਨ ਨੇਗੀ

ਪਿਸ਼ਾਵਰ ਭਾਈ ਜੋਗਾ ਸਿੰਘ ਦੇ ਗੁਰਦੁਆਰੇ (ਭਾਈ ਜੋਗਾ ਸਿੰਘ ਜੀ ਦਾ ਗੁਰਦੁਆਰਾ-ਇਹ ਉਹੀ ਸਥਾਨ ਹੈ ਜਿੱਥੇ ਭਾਈ ਜੋਗਾ ਸਿੰਘ ਚੌਥੀ ਲਾਵਾਂ ਲੈਂਦੇ ਗੁਰੂ ਗੋਬਿੰਦ ਸਿੰਘ ਜੀ ਦਾ ਸੁਨੇਹਾ ਮਿਲਣ ਤੇ ਲਾਵਾਂ ਵਿਚੇ ਹੀ ਛੱਡ ਸੁਨੇਹਾ ਲਿਆਉਣ ਵਾਲੇ ਨਾਲ ਟੁਰ ਗਿਆ ਸੀ) ਦੇ ਕੋਲ ਗਲੀ ਦੇ ਮੋੜ ਉੱਤੇ ਸਾਵੀਆਂ ਬਾਰੀਆਂ ਵਾਲਾ ਇਕ ਘਰ ਸੀ। ਘਰ ਵਿਚ ਡਿਓੜੀ ਦੇ ਨਾਲ ਵਾਲੇ ਛੋਟੇ ਕਮਰੇ ਵਿੱਚ ਮੰਦਰ ਬਣਿਆ ਸੀ। ਆਦਮ ਕੱਦ ਕ੍ਰਿਸ਼ਣ ਜੀ ਦੀ ਕਾਲੇ ਪੱਥਰ ਦੀ ਬਣੀ ਮੂਰਤੀ ਬਹੁਤ ਹੀ ਸੋਹਣੀ ਸੀ। ਹੱਸਦਾ ਚਿਹਰਾ, ਮੁਸਕਰਾਂਦੀਆਂ ਅੱਖਾਂ, ਬਸੰਰੀ ਦੀ ਥੋੜ੍ਹੀ ਵਿੱਥ ਉੱਤੇ ਅਜੀਬ ਤਰ੍ਹਾਂ ਮੁਸਕਰਾਂਦੇ ਹੋਠ, ਸਿਲਮੇ-ਸਿਤਾਰਿਆਂ ਜੜੇ ਕੱਪੜੇ, ਗਲ ਵਿਚ ਤਿੰਨ ਚਾਰ ਸੋਨੇ ਦੇ ਹਾਰ, ਹੱਥਾਂ ਵਿਚ ਮੋਟੇ ਮੋਟੇ ਸੋਨੇ ਦੇ ਕੜੇ, ਸਿਰ ਉੱਤੇ ਮੋਟੇ ਨਗਾਂ ਨਾਲ ਜੜਿਆ ਸੋਨੇ ਦਾ ਮੁਕਟ...ਮੈਨੂੰ ਇਹ ਮੂਰਤੀ ਬਹੁਤ ਚੰਗੀ ਲੱਗਦੀ ਸੀ।

ਰੋਜ਼ ਸਵੇਰੇ ਸਕੂਲ ਜਾਣ ਤੋਂ ਪਹਿਲਾਂ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਮੱਥਾ ਟੇਕਣ ਜਾਣਾ ਹੁੰਦਾ ਸੀ। ਗੁਰਦੁਆਰੇ ਮੱਥਾ ਟੇਕਣ ਤੋਂ ਬਿਨਾਂ ਨਾਸ਼ਤਾ-ਦੁੱਧ ਕੁਝ ਨਹੀਂ ਸੀ ਮਿਲਦਾ। ਮੈਂ ਗੁਰਦੁਆਰੇ ਤੇਜ਼ ਦੌੜ ਕੇ ਜਾਂਦੀ ਸਾਂ। ਮੈਂ ਕ੍ਰਿਸ਼ਣ ਜੀ ਨੂੰ ਵੀ ਤਾਂ ਘਰਦਿਆਂ ਤੋਂ ਚੋਰੀ ਮਿਲਣ ਜਾਣਾ ਹੁੰਦਾ ਸੀ, ਰੋਜ਼-ਨਿਤਨੇਮ ਨਾਲ। ਮੰਦਰ ਵਿਚ ਵੜਦੇ ਚੰਗੀ ਤਰ੍ਹਾਂ ਆਸੇ-ਪਾਸੇ ਘੋਖ ਪਰਖ ਲੈਂਦੀ ਸਾਂ ਕਿ ਆਪਣੀ ਗਲੀ ਮੁਹੱਲੇ ਦਾ ਕੋਈ ਵਾਕਫ਼ ਵੇਖਦਾ ਤਾਂ ਨਹੀਂ ਪਿਆ। ਨਹੀਂ ਤਾਂ ਮੇਰਾ ਵੀ ਕੋਈ ਊਲ-ਜਲੂਲ ਨਾਂ ਰੱਖ ਦੇਣਗੇ ਜਿਵੇਂ 'ਕਾਕਾ ਸਿੰਘ' ਚਾਚੇ ਨੂੰ ਸਾਰੇ 'ਸਿਆਪਾ ਸਿੰਘ' ਬੁਲਾਂਦੇ ਹਨ ਕਿਉਂਕਿ ਉਹ ਰੋਜ਼ ਸਵੇਰੇ ਸਿੱਖ ਹੁੰਦੇ ਹੋਏ ਮੰਦਰ ਜਾਂਦਾ ਸੀ। ਘਰ ਵਿਚ ਤਾਂ ਪੂਰਨ ਗੁਰਸਿੱਖੀ ਮਾਹੌਲ ਸੀ। ਅਸੀਂ ਬੱਚਿਆਂ ਨੇ ਵੀ ਕਦੀ 'ਰਾਮ ਲੀਲਾ' ਨਹੀਂ ਸੀ ਵੇਖੀ ਤੇ ਨਾ ਹੀ ਕਦੀ ਜਨਮ ਅਸ਼ਟਮੀ ਦੇ ਹੰਡੋਲੇ ਵੇਖੇ, ਨਾ ਕਦੀ ਰਾਮ ਨੌਮੀ ਦਾ ਜਲੂਸ ਵੇਖਣ ਗਏ। ਹਾਂ, ਕੰਜਕਾਂ ਦਾ ਬੜਾ ਚਾਅ ਹੁੰਦਾ ਸੀ ਤੇ ਅਸੀਂ ਪੈਸੇ ਇਕੱਠੇ ਕਰਨ ਲਈ ਕੰਜਕਾਂ ਜ਼ਰੂਰ ਉਡੀਕਦੀਆਂ ਸਾਂ।

ਕ੍ਰਿਸ਼ਣ ਜੀ ਨਾਲ ਰਾਧਾ ਵੀ ਖਲੋਤੀ ਹੁੰਦੀ ਸੀ, ਸਜੀ ਸ਼ਿੰਗਾਰੀ ਹੋਈ ਪਰ ਮੈਂ ਰਾਧਾ ਵੱਲ ਕਦੀ ਨਹੀਂ ਸੀ ਵੇਖਿਆ। ਸੋਹਣੀ ਸੀ ਰਾਧਾ ਦੀ ਮੂਰਤੀ ਵੀ, ਚਿੱਟੇ ਸੰਗਮਰਮਰ ਦੀ, ਆਮ ਸੋਹਣੀਆਂ ਔਰਤਾਂ ਜਿਹੀ। ਮੈਂ ਤਾਂ ਇਕ ਕੋਨੇ ਵਿਚ ਖਲੋ ਕੇ ਕ੍ਰਿਸ਼ਣ ਜੀ ਨੂੰ ਨਿਹਾਰ ਕੇ ਵਾਪਸ ਪਰਤ ਆਉਂਦੀ ਸਾਂ। ਸਕੂਲ ਦੌੜਨਾ ਹੁੰਦਾ ਸੀ। ਮੈਂ ਮੱਥਾ ਵੀ ਨਹੀਂ ਸਾਂ ਟੇਕਦੀ। ਪੁਜਾਰੀ ਜੀ ਨੇ

ਫਿਰ ਤਿਲਕ ਲਗਾਣਾ ਹੁੰਦਾ ਤੇ ਤਿਲਕ ਨੇ ਮੰਦਰ ਜਾਣ ਦਾ ਢੰਡੋਰਾ ਪਿਟ ਦੇਣਾ ਸੀ। ਛੋਟੇ ਜਿਹੇ ਕਮਰੇ ਦੇ ਜਿਸ ਕੋਨੇ ਵਿਚ ਖਲੋ ਕੇ ਕ੍ਰਿਸ਼ਣ ਜੀ ਨੂੰ ਵੇਖਦੀ ਸਾਂ, ਮੈਨੂੰ ਲੱਗਦਾ ਕ੍ਰਿਸ਼ਣ ਜੀ ਮੈਨੂੰ ਵੇਖ ਕੇ ਹੱਸ ਰਹੇ ਨੇ। ਜਿਸ ਕੰਧ ਨਾਲ ਵੀ ਖਲੋਂਦੀ ਉਹ ਮੈਨੂੰ ਹੀ ਵੇਖ ਰਹੇ ਹੁੰਦੇ। ਕਿਹੜੀਆਂ ਅੱਠਤੀ ਕਲਾ ਸੰਪੂਰਨ ਕਲਾਕਾਰ ਦੀਆਂ ਉਂਗਲਾਂ ਨੇ ਘੜੀ ਹੋਣੀ ਏ ਇਹ ਮੂਰਤੀ ? ਮੇਰਾ ਬਾਲ ਮਨ ਇਹੋ ਸੋਚਦਾ ਸੀ ਕਿ ਕ੍ਰਿਸ਼ਣ ਜੀ ਆਪ ਹੀ ਇਥੇ ਖਲੋਤੇ-ਖਲੋਤੇ ਪੱਥਰ ਬਣ ਗਏ ਨੇ ਤੇ ਹੁਣ ਸਾਰਿਆਂ ਨੂੰ ਵੇਖ ਕੇ ਹੱਸਦੇ ਹਨ।

ਬਬਾਣੀਆਂ-ਕਹਾਣੀਆਂ ਸੁਣਦੇ ਪਤਾ ਲੱਗਾ ਉਸ ਘਰ ਵਿਚ, ਜਿਸ ਥਾਂ ਹੁਣ ਮੰਦਰ ਹੈ ਤੇ ਬਾਹਰ ਵੱਲ ਘਰ ਵਿਚ ਜਾਣ ਲਈ ਡਿਊੜੀ-ਉਥੇ ਵੱਡੀ ਡਿਓੜੀ ਦੇ ਇਕ ਪਾਸੇ ਖੂਹੀ ਸੀ ਤੇ ਦੂਜੇ ਪਾਸੇ ਪੌੜੀਆਂ। ਇਕ ਦਿਨ ਘਰ ਦੇ ਵੱਡੇ ਵਡੇਰੇ ਨੂੰ ਸੁਫਨਾ ਆਇਆ ਕਿ ਖੂਹੀ ਵਿਚ ਕ੍ਰਿਸ਼ਣ ਜੀ ਦੀ ਮੂਰਤੀ ਸਦੀਆਂ ਤੋਂ ਚਿੱਕੜ ਵਿੱਚ ਲੱਥ-ਪੱਥ ਹੋਈ ਪਈ ਹੈ। ਖੂਹ ਦੀ ਸਫ਼ਾਈ ਕਰਾਈ ਗਈ। ਪਾਣੀ ਤੋਂ ਬਹੁਤ ਹੇਠਾਂ ਸੱਚੀ-ਮੁਚੀ ਕ੍ਰਿਸ਼ਣ ਜੀ ਦੀ ਮੂਰਤੀ ਚਿਕੜ ਵਿਚ ਧਸੀ ਪਈ ਸੀ।

ਖੂਹੀ ਨੂੰ ਭਰ ਕੇ ਕਮਰਾ ਬਣਾਇਆ ਗਿਆ, ਰਾਧਾ ਦੀ ਮੂਰਤੀ ਦੀ ਵੀ ਸਥਾਪਨਾ ਕੀਤੀ ਗਈ। ਮੈਂ ਤਾਂ ਕਦੀ ਰਾਧਾ ਵੱਲ ਤਕਦੀ ਵੀ ਨਹੀਂ ਸਾਂ, ਨਾ ਹੀ ਕਦੀ ਸਿਰ ਝੁਕਾਉਂਦੀ ਸਾਂ। ਬਾਲ ਮਨ ਵਿਚ ਅੰਤਾਂ ਦਾ ਰੋਸ ਸੀ "ਖੂਹੀ ਵਿਚ ਤਾਂ ਕ੍ਰਿਸ਼ਣ ਜੀ ਇਕੱਲ-ਮ-ਕੱਲੇ ਦਬੇ ਰਹੇ, ਉਦੋਂ ਰਾਧਾ ਕਿੱਥੇ ਸੀ ? ਕਿਉਂ ਨਹੀਂ ਸੀ ਉਨ੍ਹਾਂ ਕੋਲ ? ਕਿੱਥੇ ਚਲੀ ਗਈ ਸੀ ? ਹਾਏ ! ਵਿਚਾਰੇ ਕਲੇ ਦਬੇ ਰਹੇ ! ਉਤੋਂ ਸਿਰ ਵਿਚ ਲੋਕਾਂ ਦੀਆਂ ਬਾਲਟੀਆਂ ਨਾਲ ਚੋਟ ਵੀ ਲਗਦੀ ਹੋਏਗੀ। ਦਰਦ ਵੀ ਹੁੰਦਾ ਹੋਏਗਾ ? ਰੋਂਦੇ ਵੀ ਹੋਣਗੇ ? ਹਾਏ ! ਵਿਚਾਰੇ !!"

ਹੁਣ ਜਦੋਂ ਵੀ ਕਦੀ ਕਿਸੀ ਕ੍ਰਿਸ਼ਣ ਮੰਦਰ ਜਾਂਦੀ ਹਾਂ ਤਾਂ ਸਿਰ ਨਿਵਾਉਂਦੇ ਕਾਲੇ ਪੱਥਰ ਦੀ ਬਾਲ ਮਨ ਵਿਚ ਵਸੀ ਕ੍ਰਿਸ਼ਣ ਜੀ ਦੀ ਉਹੀ ਮੂਰਤੀ ਸਾਕਾਰ ਹੋ ਜਾਂਦੀ ਹੈ। ਉਹੋ ਜਿਹੀ ਸੁੰਦਰ ਮੂਰਤੀ ਕਿਧਰੇ ਵੀ ਨਹੀਂ ਵੇਖੀ। ਉਸ ਮੂਰਤੀ ਦਾ ਕੀ ਬਣਿਆ ਹੋਣਾ ਏ ? ਹੁਣ ਹੈ ਵੀ ਜਾਂ ਨਹੀਂ ਤੋੜ ਫੋੜ ਛੱਡੀ ਹੋਣੀ ਏ ਉਨ੍ਹਾਂ ਲੋਕਾਂ ਨੇ ਜਿਨ੍ਹਾਂ ਭਾਰਤ ਦੀਆਂ ਕਲਾ ਕ੍ਰਿਤੀਆਂ ਨਸ਼ਟ ਕਰ ਛੱਡੀਆਂ।। ਮੇਰੇ ਮਨ ਵਿਚ ਵਸੇ ਹੋਏ ਚਿਹਰੇ ਦਾ ਕੀ ਹਸ਼ਰ ਹੋਇਆ ਹੋਣਾ ਏ ? ਜਿਹੜਾ ਖੌਰੇ ! ਕਿੰਨੀਆਂ ਸਦੀਆਂ ਖੂਹੀ ਵਿਚ ਦਬਿਆ ਰਿਹਾ-ਰਾਧਾ ਆਪਣੀ ਪ੍ਰੇਮਿਕਾ ਤੋਂ ਬਿਨਾਂ। 'ਚੋਰੀ' ਲਿਖਦੇ ਭਾਈ ਵੀਰ ਸਿੰਘ ਯਾਦ ਆ ਗਏ...।

'ਬੁੱਤ ਪੂਜਾ ਬੁੱਤ ਫੇਰ ਉਗਮ ਪਏ, ਹੁਨਰ ਨਾ ਪਰਤਿਆ ਹਾਏ ?"

---

**ਪੰਨਾ ਨੰ. 90 ਬਾਕੀ ਦਾ**

ਜ਼ਿੰਦਗੀ ਦੇ ਅਨੇਕ ਰੰਗਾਂ ਵਾਂਗ ਜਿੰਦਰ ਦੀਆਂ ਕਹਾਣੀਆਂ ਵਿਚ ਵਿਸ਼ੇ ਪੱਖੋਂ ਅਨੇਕਤਾ ਤੇ ਵਿਭਿੰਨਤਾ ਨਜ਼ਰ ਆਉਂਦੀ ਹੈ। ਲੇਖਕ ਨੂੰ ਵਿਸ਼ਾਲ ਨਿੱਜੀ ਅਨੁਭਵ ਕਾਰਣ ਅਤੇ ਸੁਚੇਤ ਪੱਧਰ 'ਤੇ ਸਾਹਿਤ ਨਾਲ ਜੁੜੇ ਰਹਿਣ ਕਾਰਣ ਜੋ ਕੁਝ ਵੀ ਵਾਪਰ ਰਿਹਾ ਹੈ ਉਸ 'ਤੇ ਡੂੰਘੀ ਪਕੜ ਹੈ। ਜਿੰਦਰ ਦੀ ਕਹਾਣੀ ਵਿਚ ਬਣਤਰ ਪੱਖੋਂ ਅਜੇ ਸੰਘਣੇਪਨ ਦੀਆਂ ਹੋਰ ਸੰਭਾਵਨਾਵਾਂ ਹਨ। ਉਸ ਦੀ ਕਹਾਣੀ ਅਨੁਭਵ ਅਤੇ ਸ਼ਿਪਲਕਾਰੀ ਪੱਖੋਂ ਹੌਲੀ ਹੌਲੀ ਅੱਗੇ ਵਧ ਰਹੀ ਹੈ।

ਜਿਵੇਂ ਸਾਹਿਤਕਾਰ ਦੇ ਚਿੱਤ ਦੀਆਂ ਦਿਸ਼ਾਵਾਂ ਹੁੰਦੀਆਂ ਹਨ ਇਵੇਂ ਹੀ ਅਲੋਚਕ ਦੇ ਚਿੱਤ ਦੀਆਂ ਵੀ ਵੱਖਰੀਆ ਵੱਖਰੀਆਂ ਦਿਸ਼ਾਵਾਂ ਹੁੰਦੀਆਂ ਹਨ। ਸਹਿਤ ਰਚਨਾ ਨੂੰ ਪੜ੍ਹਨ ਲਈ ਵੀ ਇਸ ਨੂੰ ਸਮਰਪਿਤ ਹੋਣਾ ਪੈਂਦਾ ਹੈ, ਇਸ ਦਾ ਪਾਠ ਕਰਨਾ ਪੈਂਦਾ ਹੈ, ਗਹਿਰਾ ਉਤਰਨਾ ਪੈਂਦਾ ਹੈ। ਜਿੰਨਾ ਗਹਿਰਾ ਉਤਰੋਗੇ ਓਨੀ ਹੀ ਗਹਿਰੀ ਸਮਝ ਹੋਵੇਗੀ। ਕਿਸੇ ਵੀ ਸਾਹਿਤ ਰਚਨਾ ਬਾਰੇ ਕੋਈ ਵੀ ਅੰਤਿਮ-ਨਿਰਣਾ ਨਹੀਂ ਹੁੰਦਾ। ਸਮਝ ਦੀ ਵੀ ਸੀਮਾ ਹੈ।



## ਕਲਿੱਫ / ਹਰਜੀਤ ਅਟਵਾਲ

ਆਮ ਤੌਰ ਤੇ ਕਲਿੱਫ ਇਕ ਪਹਾੜੀ ਤੋਂ ਦੂਜੀ ਪਹਾੜੀ ਤਕ ਦੀ ਡੂੰਘੀ ਖਾਈ ਜਾਂ ਸਿੱਧੀ ਕੰਧ ਵਾਂਗ ਉਤਰਦੀ ਢਲਾਨ ਹੁੰਦੀ ਹੈ ਪਰ ਜਦੋਂ ਮੈਂ ਕਲਿੱਫ ਦੀ ਗੱਲ ਕਰਦਾ ਹਾਂ ਤਾਂ ਇਹ ਅਜਿਹੀ ਸਿੱਧੀ ਉਤਰਾਈ ਦੀ ਹੈ ਜਿਸ ਦੇ ਸਾਹਮਣੇ ਕੋਈ ਹੋਰ ਉਚਾਈ ਜਾਂ ਪਹਾੜੀ ਨਹੀਂ ਹੈ, ਬੱਸ ਦੂਰ ਤਕ ਖਿਲਰਿਆ ਸਮੁੰਦਰ ਹੈ ਤੇ ਇਹ ਕਲਿੱਫ ਹੈ ਵੀ ਸੌ ਫੁੱਟ ਡੂੰਘਾ। ਕਲਿੱਫ ਦੀ ਅੱਸੀ ਤੋਂ ਖਿਸਕੇ ਨਹੀਂ ਤਾਂ ਸੌ ਫੁੱਟ ਹੇਠਾਂ ਡਿਗੇ ਨਹੀਂ। ਸੌ ਫੁੱਟ ਹੇਠਾਂ ਡਿਗ ਕੇ ਬੰਦੇ ਦਾ ਕੁਝ ਨਹੀਂ ਬਚਦਾ ਪਰ ਫਿਰ ਵੀ ਮੇਰੇ ਵਰਗੇ ਸੌਦਈਆਂ ਨੂੰ ਕਲਿੱਫਾਂ ਦੇ ਨੇੜੇ ਢੁਕ ਕੇ ਬੈਠਣ ਦੀ ਆਦਤ ਹੈ। ਇਸ ਨੂੰ ਪੰਜਾਬੀ ਵਿਚ ਦੰਦੀ 'ਤੇ ਜੀਣਾ ਵੀ ਕਿਹਾ ਜਾ ਸਕਦਾ ਹੈ। ਦੰਦੀ 'ਤੇ ਜੀਣ ਦਾ ਮਜ਼ਾ ਵੀ ਹੈ ਤੇ ਖਤਰਾ ਵੀ।

ਜਿਸ ਕਲਿੱਫ ਦੀ ਮੈਂ ਗੱਲ ਕਰ ਰਿਹਾ ਹਾਂ ਇਹ ਕਾਉਂਟੀ ਡੈਵਨ ਵਿਚ ਸਥਿਤ ਹੈ, ਪੈਨਯੈਂਸ ਸ਼ਹਿਰ ਦੇ ਨਜ਼ਦੀਕ। ਵੈਸੇ ਤਾਂ ਸਾਰੀ ਡੈਵਿਨ ਕਾਉਂਟੀ ਹੀ ਅਜਿਹੇ ਕਲਿੱਫਾਂ ਨਾਲ ਭਰੀ ਪਈ ਹੈ। ਸਮੁੰਦਰੀ ਤੱਟ ਦੇ ਨਾਲ ਨਾਲ ਉੱਚੇ ਉੱਚੇ ਕਲਿੱਫ ਹਨ ਭਾਵ ਕਿ ਇਹ ਆਮ ਬੀਚਾਂ ਤੋਂ ਉਲਟ ਜਿਥੇ ਧਰਤੀ ਖਤਮ ਹੁੰਦੀ ਹੈ ਉਥੇ ਧਰਤੀ ਦੀ ਇਕ ਕੰਧ ਜਿਹੀ ਬਣੀ ਹੋਈ ਹੈ। ਅਜਿਹੇ ਹੀ ਇਕ ਕਲਿੱਫ ਤੇ ਮੇਰਾ ਆਉਣਾ ਜਾਣਾ ਕਿਸੇ ਵੇਲੇ ਆਮ ਰਿਹਾ ਹੈ। ਮੈਂ ਘੰਟਿਆਂ ਬੱਧੀ ਲੱਤਾਂ ਲਮਕਾ ਕੇ ਅਜਿਹੇ ਕਲਿੱਫ ਤੇ ਬੈਠਦਾ ਰਿਹਾ ਹਾਂ ਇਹ ਜਾਣਦੇ ਹੋਏ ਵੀ ਕਿ ਜੇ ਜ਼ਰਾ ਕੁ ਹਿਲਿਆ ਤਾਂ ਹੇਠਾਂ ਜਾ ਡਿਗਾਗਾਂ, ਅਵੱਲ ਤਾਂ ਰਾਹ ਵਿਚ ਹੀ ਫਾਤਿਆ ਪੜ੍ਹਿਆ ਜਾਵੇਗਾ, ਨਹੀਂ ਤਾਂ ਹੇਠਾਂ ਡਿਗ ਕੇ ਵੀ ਕੁਝ ਨਹੀਂ ਬਚਣ ਵਾਲਾ। ਇਥੇ ਬੈਠਣੋਂ ਮੈਂ ਕਦੇ ਨਹੀਂ ਸੀ ਡਰਿਆ ਕਰਦਾ, ਸ਼ਾਇਦ ਇਸ ਕਰਕੇ ਵੀ ਨਹੀਂ ਸਾਂ ਡਰਦਾ ਕਿ ਮੈਂ ਇਕੱਲਾ ਨਹੀਂ ਸਾਂ, ਮੰਨਤ ਮੇਰੇ ਨਾਲ ਹੋਇਆ ਕਰਦੀ ਸੀ। ਵੈਸੇ ਤਾਂ ਕਲਿੱਫ ਤੋਂ ਮੰਨਤ ਵੀ ਨਹੀਂ ਸੀ ਡਰਦੀ ਪਰ ਫਿਰ ਵੀ ਉਹ ਮੇਰੇ ਵਾਂਗ ਲੱਤਾਂ ਲਮਕਾ ਕੇ ਨਾ ਬੈਠਦੀ। ਇਹ ਸਾਰਾ ਹੀ ਟੂਰਿਸਟ ਏਰੀਆ, ਪੈਨਯੈਂਸ ਸ਼ਹਿਰ ਦਾ ਮਸ਼ਹੂਰ ਬਿਊਟੀ ਸਪੌਟ ਕਹਿਲਾਇਆ ਜਾਣ ਵਾਲ ਟੂਰਿਸਟ ਏਰੀਆ ਪਰ ਜਿਥੇ ਕੁ ਅਸੀਂ ਜਾ ਬੈਠਦੇ ਸਾਂ ਇਧਰ ਵਲ ਕੋਈ ਕੋਈ ਹੀ ਆਉਂਦਾ। ਜੇ ਕੋਈ ਆਉਂਦਾ ਵੀ ਤਾਂ ਕੁੱਤੇ ਨਾਲ ਸੈਰ ਕਰਨ ਨਿਕਲਦਾ ਤੇ ਕਲਿੱਫ ਤੋਂ ਕੁਝ ਫੁੱਟ ਦੂਰ ਪੈਂਦੇ ਰਾਹ 'ਤੇ ਹੀ ਚਲਦਾ ਜਾਂਦਾ। ਸ਼ਾਇਦ ਇਵੇਂ ਲੰਘਣ ਵਾਲਾ ਸਾਨੂੰ ਪਾਗਲ ਵੀ ਆਖਦਾ ਹੋਵੇ। ਕਈ ਵਾਰ ਅਜਿਹਾ ਵੀ ਹੁੰਦਾ ਕਿ ਅਸੀਂ ਐਕਸਮਾਊਥ ਸ਼ਹਿਰ ਦੇ ਨੇੜਲੇ ਕਲਿੱਫਾਂ 'ਤੇ ਚਲੇ ਜਾਂਦੇ ਕਿਉਂਕਿ ਉਹ ਜਗਾਹ ਬਾਥ ਤੋਂ ਨੇੜੇ ਪੈਂਦੀ ਸੀ ਪਰ ਉਹ ਥਾਂ ਇਸ ਇਲਾਕੇ ਵਰਗੀ ਰੁਮਾਂਚਿਤ ਨਹੀਂ ਸੀ। ਉਥੇ ਤਦ ਹੀ ਜਾਂਦੇ ਜਦ ਵਕਤ ਦੀ ਘਾਟ ਹੁੰਦੀ ਨਹੀਂ ਤਾਂ ਅਸੀਂ ਇਥੇ ਪੈਨਯੈਂਸ ਹੀ ਆਉਂਦੇ। ਇਸ ਸ਼ਹਿਰ ਦੀ ਹੋਰ ਖਾਸੀਅਤ ਇਹ ਵੀ ਹੈ ਕਿ ਇਥੇ ਹੀ ਲੈਂਡਜ਼ ਐਂਡ ਹੈ ਭਾਵ ਕਿ ਧਰਤੀ ਦਾ ਅੰਤ। ਇਥੇ ਆ ਕੇ ਇੰਗਲੈਂਡ ਦੀ ਧਰਤੀ ਖਤਮ ਹੋ ਜਾਂਦੀ ਹੈ ਤੇ ਅਗੇ ਸਮੁੰਦਰ ਹੀ ਸਮੁੰਦਰ ਹੈ, ਹਜ਼ਾਰਾਂ ਮੀਲ ਦੂਰ ਤਕ ਫੈਲਿਆ ਸਮੁੰਦਰ। ਕਲਿੱਫ 'ਤੇ ਬੈਠਿਆਂ ਦੂਰ ਤਕ ਨੀਲੱਤਣ ਖਿਲਾਰਦਾ ਸਮੁੰਦਰ ਦੇਖਣਾ ਬਹੁਤ ਚੰਗਾ ਲਗਦਾ ਹੈ 'ਤੇ ਜਾਂ ਡੁੱਬਦਾ ਸੂਰਜ ਦੇਖਣਾ। ਡੁੱਬਦੇ ਸੂਰਜ ਦੀ ਲਾਲੀ ਸਮੁੰਦਰ ਨੂੰ ਇਕ ਦਮ ਲਹੂ ਰੰਗਾ ਕਰ ਜਾਂਦੀ ਹੈ, ਫਿਰ ਹੌਲੀ ਹੌਲੀ ਕਾਲੋ ਫਿਰਨ ਲਗਦੀ ਹੈ ਤੇ ਫਿਰ ਅਚਾਨਕ ਹੀ ਹਨੇਰਾ ਸਾਰੇ ਸਮੁੰਦਰ ਉਪਰ ਆ ਬੈਠਦਾ ਹੈ, ਕੁਝ ਦਿਸਦਾ ਹੀ ਨਹੀਂ। ਦੂਰ ਕਿਧਰੇ ਜਾ ਰਹੇ ਜਹਾਜ਼ ਦੀਆਂ ਬੱਤੀਆਂ ਹੀ ਚੇਤਾ ਕਰਾਉਂਦੀਆਂ ਕਿ ਇਥੇ ਸੌ ਫੁੱਟ ਡੂੰਘੀ ਖਾਈ ਹੈ। ਰਾਤ ਆਪਣੇ ਪੈਰ ਜਮਾਉਣ ਲਗਦੀ ਤਾਂ ਮੰਨਤ ਹੱਥ ਫੜਦੀ ਮੈਨੂੰ ਆਖਦੀ,

—ਸਰ ਜੀ, ਉਠੋ ਚੱਲੀਏ, ਫੇਰ ਤੁਸੀਂ ਪੱਬ ਵਿਚੋਂ ਨਹੀਂ ਹਿਲਣਾ, ਸੌਣਾ ਕਿਹੜੇ ਵੇਲੇ

ਐ।

ਮੈਂ ਉਸ ਦੇ ਹੱਥ ਦਾ ਆਸਰਾ ਲੈਂਦਾ ਉੱਠ ਖੜਦਾ ਤੇ ਹੌਲੇ ਜਿਹੇ ਆਖਦਾ,

—ਆਪਾਂ ਛੁੱਟੀਆਂ 'ਤੇ ਆਏ ਆਂ ਕਿ ਸੌਣ ਆਏ ਆਂ!

ਮੰਨਤ ਕੁਝ ਨਾ ਬੋਲਦੀ। ਮੈਂ ਉਸ ਦੇ ਨਾਲ ਤੁਰ ਪੈਂਦਾ। ਹੁਣ ਤਕ ਕੁਝ ਠੰਡ ਵੀ ਉਤਰ ਆਈ ਹੁੰਦੀ। ਉਹ ਮੇਰੇ ਵਿਚ ਨੂੰ ਵੜ ਕੇ ਤੁਰਦੀ ਸ਼ਿਕਾਇਤ ਕਰਨ ਲਗਦੀ ਕਿ ਅੱਜ ਵੀ ਮੈਂ ਉਸ ਨੂੰ ਭਾਰੇ ਕਪੜੇ ਚੁੱਕਣ ਦਾ ਚੇਤਾ ਨਹੀਂ ਕਰਾਇਆ। ਅਗਲੇ ਦਿਨ ਧੁੱਪ ਨਿਕਲਦਿਆਂ ਹੀ ਅਸੀਂ ਫਿਰ ਕਲਿੱਫ ਵਲ ਨਿਕਲ ਆਉਂਦੇ। ਜੇਕਰ ਸਮੁੰਦਰ ਚੜਿਆ ਹੋਇਆ ਹੁੰਦਾ ਤਾਂ ਇਹਦੀਆਂ ਛੱਲਾਂ ਕਲਿੱਫ ਦੇ ਐਨ ਹੇਠ ਚੱਟਾਨ ਵਿਚ ਇਵੇਂ ਵੱਜ ਰਹੀਆਂ ਹੁੰਦੀਆਂ ਜਿਵੇਂ ਕੋਈ ਹਾਥੀ ਕੰਧ ਨੂੰ ਟੱਕਰਾਂ ਮਾਰ ਰਿਹਾ ਹੋਵੇ। ਜੇ ਸਮੁੰਦਰ ਦੂਰ ਗਿਆ ਹੋਇਆ ਹੁੰਦਾ ਹਾਂ ਹੇਠਾਂ ਚਿੱਕੜ ਹੀ ਚਿੱਕੜ ਹੁੰਦਾ ਤੇ ਅਸੀਂ ਜੁੱਤੀਆਂ ਲਾਹ ਕੇ ਥੋੜ੍ਹੀ ਦੂਰ ਬਣੀਆਂ ਪੌੜੀਆਂ ਉਤਰ ਜਾਂਦੇ। ਹੋਰ ਵੀ ਬਹੁਤ ਸਾਰੇ ਯਾਤਰੀ ਸਾਡੇ ਨਾਲ ਹੀ ਵਿਹਲੀ ਹੋਈ ਥਾਂ ਤੇ ਖਰ ਮਸਤੀਆਂ ਕਰਨ ਲਗਦੇ ਜਿਵੇਂ ਸਮੁੰਦਰ ਨੂੰ ਕਹਿ ਰਹੇ ਹੋਣ; ਵਿਗਾੜ ਲੈ ਸਾਡਾ ਕੀ ਵਿਗਾੜਨਾ। ਜਿਵੇਂ ਸ਼ੇਰ ਦੇ ਬਾਹਰ ਗਿਆਂ ਉਸ ਦੇ ਘੁਰਨੇ ਵਿਚ ਵੜਨ ਦੀ ਆਜ਼ਾਦੀ ਮਾਣੀ ਜਾ ਰਹੀ ਹੋਵੇ।

ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਦੰਦੀ ਤੇ ਤੁਰਨ ਵਾਲਾ ਸਿਲਸਿਲਾ। ਇਕ ਅਜੀਬ ਜਿਹਾ ਮਜ਼ਾ ਦਿੰਦਾ ਤੇ ਅਜੀਬ ਜਿਹਾ ਸਹਿਮ ਪੈਦਾ ਕਰਦਾ ਸਿਲਸਿਲਾ। ਇਥੇ ਮੰਨਤ ਦਾ ਸੁੱਖ ਦਿੰਦਾ ਇਹ ਸਿਲਸਿਲਾ ਤੇ ਦੂਰ ਬੈਠੀ ਪਤਨੀ ਦਾ ਸਹਿਮ ਪੈਦਾ ਕਰਦਾ ਸਿਲਸਿਲਾ ਜਿਸ ਕੋਲ ਮੈਂ ਕਈ ਬਹਾਨੇ ਬਣਾ ਕੇ ਇਥੇ ਪੁੱਜਿਆ ਹੁੰਦਾ।

ਮੰਨਤ ਦਾ ਅਸਲੀ ਨਾਂ ਤਾਂ ਮਨਪ੍ਰੀਤ ਸੀ ਪਰ ਉਹ ਮੰਨਤ ਕਦੋਂ ਬਣੀ ਇਸ ਦਾ ਮੈਨੂੰ ਨਹੀਂ ਪਤਾ, ਹਾਂ, ਜਦੋਂ ਮੈਨੂੰ ਮਿਲੀ ਤਾਂ ਉਹ ਮੰਨਤ ਹੀ ਸੀ। ਲੰਮਾਂ ਤੇ ਥੋੜ੍ਹਾ ਭਾਰੀ ਸਰੀਰ, ਮੋਟੇ ਮੋਟੇ ਬੁਲ੍ਹ, ਮੁਸ਼ਕੀ ਰੰਗ ਤੇ ਬਹੁਤ ਕੁਝ ਕਹਿੰਦੀਆਂ ਅੱਖਾਂ। ਅੱਖਾਂ ਸ਼ਾਇਦ ਪਹਿਲਾਂ ਇੰਨਾ ਕੁਝ ਨਾ ਕਹਿੰਦੀਆਂ ਹੋਣ, ਮੈਨੂੰ ਮਿਲਣ ਤੋਂ ਬਾਅਦ ਹੀ ਕਹਿਣ ਲਗੀਆਂ ਹੋਣ ਕਿਉਂਕਿ ਪਹਿਲਾਂ ਤਾਂ ਉਹ ਤਕਲੀਫਾਂ ਵਿਚ ਹੀ ਏਨੀ ਰਹੀ ਸੀ ਕਿ ਅੱਖਾਂ ਬੋਲਣਾ ਭੁੱਲ ਚੁੱਕੀਆਂ ਹੋਣਗੀਆਂ।

ਇਕ ਵਾਰ ਇੰਡੀਆ ਗਿਆਂ ਇਕ ਦਿਨ ਕੀ ਦੇਖਦਾ ਹਾਂ ਕਿ ਇਕ ਔਰਤ ਮੇਰੇ ਪਿਤਾ ਕੋਲ ਬੈਠੀ ਆਪਣੇ ਦੁਖ ਸੁੱਖ ਫ੍ਰੋਲ ਰਹੀ ਹੈ। ਅਜਿਹਾ ਅਕਸਰ ਹੁੰਦਾ ਸੀ। ਮੇਰੇ ਪਿਤਾ ਲੋੜਕਾਰ ਦੀ ਮੱਦਦ ਕਰ ਦਿੰਦੇ ਸਨ ਤੇ ਇਵੇਂ ਕੋਈ ਨਾ ਕੋਈ ਉਹਨਾਂ ਕੋਲ ਆ ਬੈਠਦਾ ਸੀ। ਉਹ ਆਪਣੀਆਂ ਅੱਖਾਂ ਪੂੰਝਦੀ ਕਹਿ ਰਹੀ ਸੀ,

—ਸਰਦਾਰ ਜੀ, ਮੈਂ ਤਾਂ ਇਕ ਕਿਸਮ ਨਾਲ ਆਪਣੇ ਆਪ ਵੇਚ ਕੇ ਕੁੜੀ ਵਿਆਹੀ ਸੀ, ਧੇਲਾ ਧੇਲਾ ਜੋ ਵੀ ਕੋਲ ਸੀ ਖਰਚ ਦਿੱਤਾ, ਕੋਈ ਰਿਸ਼ਤੇਦਾਰ ਨਹੀਂ ਛੱਡਿਆ ਜਿਹਦੇ ਤੋਂ ਉਧਾਰ ਨਾ ਫੜਿਆ ਹੋਵੇ। ਮੇਰੀ ਸਕੀ ਭੈਣ ਨੇ ਹੀ ਰਿਸ਼ਤਾ ਕਰਾਇਆ ਸੀ ਪਰ ਹੁਣ ਉਹ ਵੀ ਕੁੜੀ ਵਲੋਂ ਕੰਡ ਕਰ ਗਈ।

ਮੈਂ ਉਹਨਾਂ ਕੋਲ ਪੁੱਜਿਆ ਤਾਂ ਉਹ ਔਰਤ ਮੇਰੇ ਵਲ ਦੇਖਣ ਲਗੀ। ਫਿਰ ਮੈਨੂੰ ਮੁਖਾਤਬ ਹੁੰਦੀ ਬੋਲੀ,

—ਕਾਕਾ ਜੀ, ਮੈਂ ਤਾਂ ਤੁਹਾਡੇ ਤੋਂ ਬਹੁਤ ਆਸ ਰੱਖ ਕੇ ਆਈ ਆਂ, ਨਿਰਾਸ਼ ਨਾ ਕਰਿਓ।

ਮੈਂ ਸੋਚਿਆ ਕਿ ਪੈਸੇ ਉਧਾਰੇ ਮੰਗਣੇ ਹੋਣਗੇ। ਮੈਂ ਸੋਚ ਹੀ ਰਿਹਾ ਸਾਂ ਕਿ ਕੀ ਜਵਾਬ ਦੇਵਾਂ ਕਿ ਉਹ ਫਿਰ ਕਹਿਣ ਲਗੀ,



—ਮੇਰੀ ਧੀ, ਮੇਰੀ ਰਾਣੀ ਧੀ ਬਹੁਤ ਮੁਸੀਬਤ 'ਚ ਐ, ਰੱਬ ਕਰਕੇ ਓਹਦੀ ਮੱਦਦ ਕਰੋ, ਉਹਦੇ ਨਾਲ ਧਿਰ ਬਣ ਕੇ ਖੜੋਵੋ, ਵਲੈਤ 'ਚ 'ਕੱਲੀ ਹੋਣ ਕਰਕੇ ਓਹ ਉਹਨੂੰ ਬਹੁਤ ਤੰਗ ਕਰੀ ਜਾਂਦੇ ਆ। ਬਹੁਤ ਦੁੱਖ ਦੇ ਰਹੇ ਆ ਮੇਰੀ ਫੁਲਾਂ ਵਾਗੂੰ ਪਾਲ਼ੀ ਧੀ ਨੂੰ।

—ਕਿਥੇ ਰਹਿੰਦੀ ਤੁਹਾਡੀ ਧੀ?

—ਤੁਹਾਡੀ ਵਲੈਤ 'ਚ ਈ ਆ।

—ਕਿਹੜੇ ਸ਼ਹਿਰ?

—ਇਹ ਮੈਨੂੰ ਨਹੀਂ ਪਤਾ, ਆਹ 'ਡਰੈਸ ਹੈਗਾ।

ਉਹਨੇ ਇਕ ਕਾਗਜ਼ ਦਾ ਟੁਕੜਾ ਮੈਨੂੰ ਦਿਖਾਇਆ ਜਿਸ ਉਪਰ ਲਿਖਿਆ ਸੀ; ਕੇਵਲ ਰਾਮ, 12 ਮੈਨਰ ਸਟਰੀਟ, ਬਾਥ। ਬਾਥ ਸ਼ਹਿਰ ਦੱਖਣੀ ਇੰਗਲੈਂਡ ਵਿਚ ਸਥਿਤ ਹੈ ਇਹ ਤਾਂ ਮੈਨੂੰ ਪਤਾ ਸੀ, ਇਹ ਵੀ ਪਤਾ ਸੀ ਕਿ ਇਹ ਪੁਰਾਣਾ ਸ਼ਹਿਰ ਹੈ, ਇਹ ਪੁਰਾਣੇ ਜਮਾਨੇ ਦੇ ਗੁਸਲਖਾਨਿਆਂ ਕਰਕੇ ਮਸ਼ਹੂਰ ਹੈ ਇਸੇ ਲਈ ਇਸ ਦਾ ਨਾਂ ਵੀ ਬਾਥ ਹੈ, ਇਥੇ ਗਰਮ ਪਾਣੀ ਦਾ ਕੋਈ ਚਸ਼ਮਾ ਵੀ ਹੈ ਪਰ ਕਦੇ ਗਿਆ ਨਹੀਂ ਸਾਂ। ਮੈਂ ਸਿਰਨਾਵਾਂ ਤੇ ਫੋਨ ਨੰਬਰ ਨੋਟ ਕਰ ਲਿਆ। ਉਹ ਔਰਤ ਫਿਰ ਆਪਣਾ ਦੁਖੜਾ ਲੈ ਕੇ ਬਹਿ ਗਈ ਕਿ ਕਿਵੇਂ ਉਸ ਦੀ ਧੀ ਦੇ ਸੱਸ ਸਹੁਰਾ ਤੇ ਪਤੀ ਉਸ ਨੂੰ ਤੰਗ ਕਰ ਰਹੇ ਸਨ, ਬਹੁਤੀ ਸੁਹਣੀ ਨਾ ਹੋਣ ਕਰਕੇ ਤਰ੍ਹਾਂ ਤਰ੍ਹਾਂ ਦੇ ਮੇਹਣੇ ਸਹਿਣੇ ਪੈ ਰਹੇ ਸਨ ਤੇ ਮੁੰਡੇ ਨੇ ਬਾਹਰ ਕੋਈ ਗਰਲ ਫਰੈਂਡ ਰੱਖੀ ਹੋਈ ਸੀ। ਦੋ ਕੁ ਘੰਟੇ ਬੈਠ ਕੇ ਉਹ ਚਲੇ ਗਈ ਪਰ ਮੇਰੇ ਵਾਪਸ ਮੁੜਨ ਤੋਂ ਪਹਿਲਾਂ ਕਈ ਚਕਰ ਮਾਰ ਗਈ ਤੇ ਮੇਰੇ ਜਾਂਦੇ ਹੱਥ ਦੇਣ ਲਈ ਕਪੜਿਆਂ ਦਾ ਭਰਿਆ ਇਕ ਬੈਗ ਵੀ ਲੈ ਆਈ। ਮੈਂ ਬਥੇਰੇ ਕਿਹਾ ਕਿ ਇਹ ਸ਼ਹਿਰ ਮੇਰੇ ਸ਼ਹਿਰ ਤੋਂ ਕਾਫੀ ਦੂਰ ਹੈ ਤੇ ਮੈਂ ਜਾ ਨਹੀਂ ਸਕਣਾ ਪਰ ਉਸ ਨੇ ਮੇਰੀ ਕੋਈ ਗੱਲ ਨਾ ਸੁਣੀ ਤੇ ਬੈਗ ਰੱਖ ਕੇ ਚਲੇ ਗਈ।

ਵਾਪਸ ਇੰਗਲੈਂਡ ਆ ਕੇ ਮੈਂ ਇਹ ਬੈਗ ਪਤਨੀ ਨੂੰ ਫੜਾ ਦਿੱਤਾ ਤੇ ਸਭ ਕੁਝ ਭੁੱਲ ਭੁਲਾ ਗਿਆ। ਪਤਨੀ ਨੇ ਵੀ ਇਹ ਬੈਗ ਪਤਾ ਨਹੀਂ ਕਿਥੇ ਰੱਖ ਦਿੱਤਾ ਕਿ ਮੈਨੂੰ ਮੁੜ ਕੇ ਦਿਸਿਆ ਹੀ ਨਹੀਂ। ਦੋ ਕੁ ਮਹੀਨੇ ਨਿਕਲੇ ਤਾਂ ਇਕ ਦਿਨ ਮੇਰੇ ਮੁਬਾਈਲ ਦੀ ਘੰਟੀ ਵੱਜੀ। ਫੋਨ ਇੰਡੀਆ ਤੋਂ ਸੀ। ਉਸੇ ਔਰਤ ਦਾ ਜਿਸ ਨੇ ਇਹ ਬੈਗ ਦਿੱਤਾ ਸੀ, ਕਹਿਣ ਲਗੀ,

—ਕਾਕਾ ਜੀ, ਤੁਸੀਂ ਮਨਪ੍ਰੀਤ ਨੂੰ ਫੋਨ ਕਰ ਲੈਣਾ ਸੀ, ਉਹ ਵਿਚਾਰੀ ਉਡੀਕਦੀ ਪਈ ਸੀ, ਤੁਹਾਨੂੰ ਪਤਾ ਕਿ ਓਪਰੇ ਮੁਲਕ ਵਿਚ ਆਪਣੇ ਕਿਸੇ ਦੇ ਫੋਨ ਦਾ ਈ ਬਹੁਤ ਆਸਰਾ ਹੋ ਜਾਂਦਾ, ਵੈਸੇ ਮੈਂ ਉਹਨੂੰ ਤੁਹਾਡਾ ਨੰਬਰ ਦੇ ਦਿੱਤਾ ਸ਼ਾਇਦ ਆਪੇ ਹੀ ਕਰ ਲਵੇ।

ਮੈਨੂੰ ਜ਼ਰਾ ਕੁ ਸ਼ਰਮਿੰਦਗੀ ਜਿਹੀ ਵੀ ਮਹਿਸੂਸ ਹੋਈ ਕਿ ਜੇ ਕਿਸੇ ਦਾ ਸੁਨੇਹਾ ਲਿਆਂਦਾ ਹੀ ਸੀ ਤਾਂ ਪਹੁੰਚਦਾ ਕਰਨਾ ਜ਼ਰੂਰੀ ਸੀ। ਮੈਂ ਉਸੇ ਵੇਲੇ ਹੀ ਦੱਸੇ ਹੋਏ ਨੰਬਰ 'ਤੇ ਫੋਨ ਘੁੰਮਾਇਆ। ਕਿਸੇ ਸਿਆਣੀ ਜਿਹੀ ਔਰਤ ਦੀ ਆਵਾਜ਼ ਸੀ। ਮੈਂ ਕਿਹਾ,

—ਜੀ, ਮੈਂ ਮਨਪ੍ਰੀਤ ਦੇ ਪਿੰਡੋਂ ਆਂ ਤੇ ਇਥੇ ਲੰਡਨ ਰਹਿੰਨਾਂ, ਮੇਰੇ ਕੋਲ ਉਹਦੀਆਂ ਕੁਝ ਚੀਜ਼ਾਂ ਆਈਆਂ ਪਈਆਂ।

ਸਿਆਣੀ ਜਿਹੀ ਆਵਾਜ਼ ਕਿਸੇ ਨਿੱਘ ਤੋਂ ਬਿਨਾਂ ਗੱਲ ਕਰਦੀ ਰਹੀ ਪਰ ਮਨਪ੍ਰੀਤ ਨਾਲ ਗੱਲ ਨਾ ਕਰਾਈ। ਮੈਨੂੰ ਇਹ ਗੱਲ ਚੰਗੀ ਨਾ ਲਗੀ ਸਗੋਂ ਬਹੁਤ ਬੁਰੀ ਲਗੀ। ਲਗਿਆ ਕਿ ਇਹ ਕੁੜੀ ਜ਼ਰੂਰ ਕਿਸੇ ਮੁਸੀਬਤ ਵਿਚ ਹੋਵੇਗੀ। ਮੈਂ ਆਪਣੀ ਗੱਲ 'ਤੇ ਵਜ਼ਨ ਪਾਉਂਦਿਆਂ ਆਖਿਆ,

—ਅਸੀਂ ਮਨਪ੍ਰੀਤ ਨੂੰ ਮਿਲਣਾ ਚਾਹੁੰਦੇ ਆ ਦੱਸੋ ਕਦੋਂ ਆਈਏ?

ਮੇਰੀ ਗੱਲ ਸੁਣ ਕੇ ਉਹ ਜ਼ਰਾ ਕੁ ਝਿਜਕੀ ਤੇ ਫਿਰ ਕਹਿਣ ਲਗੀ,

—ਤੁਸੀਂ ਆਪਣਾ ਫੋਨ ਨੰਬਰ ਦੇ ਦਿਓ, ਅਸੀਂ ਫੋਨ ਕਰਕੇ ਦੱਸ ਦੇਵਾਂਗੇ।

ਮੈਂ ਫੋਨ ਨੰਬਰ ਦੇ ਦਿੱਤਾ। ਸ਼ਾਮ ਨੂੰ ਹੀ ਮੈਨੂੰ ਫੋਨ ਆ ਗਿਆ ਪਰ ਇਹ ਫੋਨ ਮਨਪ੍ਰੀਤ ਦਾ ਸੀ। ਉਹ ਆਪਣਾ ਪ੍ਰੀਚੈ ਮੰਨਤ ਦੇ ਤੌਰ 'ਤੇ ਕਰਾਉਂਦੀ ਹੋਈ ਕਹਿਣ ਲਗੀ,

—ਸਰ ਜੀ, ਮੈਂ ਤਾਂ ਤੁਹਾਨੂੰ ਚੰਗੀ ਤਰ੍ਹਾਂ ਜਾਣਦੀ ਆਂ, ਤੁਹਾਡਾ ਲਿਖਿਆ ਸਭ ਕੁਝ ਪੜ੍ਹਦੀ ਆਂ ਤੇ ਮੇਰੇ ਕੋਲ ਤੁਹਾਡੀਆਂ ਕਿਤਾਬਾਂ ਵੀ ਹੈਗੀਆਂ, ਜਦੋਂ ਮੰਮੀ ਨੇ ਮੈਨੂੰ ਦਸਿਆ ਕਿ ਤੁਸੀਂ ਮੇਰੇ ਸੂਟ ਲੈ ਕੇ ਆਏ ਓ ਤਾਂ ਮੈਂ ਉਸੇ ਦਿਨ ਤੋਂ ਉਡੀਕੀ ਜਾਨੀ ਆਂ।

—ਮੈਂ ਅੱਜ ਹੀ ਸਵੇਰੇ ਫੋਨ ਕੀਤਾ ਸੀ, ਸ਼ਾਇਦ ਤੇਰੀ ਸੱਸ ਸੀ।

—ਮੈਨੂੰ ਪਤਾ ਚਲ ਗਿਆ ਪਰ ਏਹਨਾਂ ਨੇ ਮੈਨੂੰ ਕੁਝ ਨਹੀਂ ਦਸਿਆ, ਸਰ ਜੀ, ਬਹੁਤ ਤੰਗ ਕਰਦੇ ਆ ਮੈਨੂੰ, ਮੇਰੇ ਹਰਬੈਂਡ ਨੇ ਹੋਰ ਔਰਤ ਰੱਖੀ ਹੋਈ ਆ, ਸਾਲ ਹੋ ਗਿਆ ਘਰ ਨਹੀਂ ਵੜਿਆ ਤੇ ਇਹ ਮੇਰੇ ਤੋਂ ਨੌਕਰਾਂ ਵਾਂਗ ਕੰਮ ਕਰਾਉਂਦੇ ਆ, ਮੇਰੀ ਸਾਰੀ ਤਨਖਾਹ ਵੀ ਫੜ ਲੈਂਦੇ ਆ। ਉਪਰੋਂ ਦਬਕਾ ਝਿੜਕ ਵਾਧੂ ਦੀ।

ਦਸਦੀ ਮੰਨਤ ਰੋਣ ਲਗ ਪਈ। ਮੈਂ ਉਸ ਨੂੰ ਹੌਸਲਾ ਦਿੱਤਾ ਤੇ ਕਿਹਾ ਕਿ ਜਲਦੀ ਹੀ ਮੈਂ ਮਿਲਣ ਆਵਾਂਗਾ। ਮੈਂ ਅਗਲੇ ਦਿਨ ਫਿਰ ਮੰਨਤ ਦੇ ਸਹੁਰੇ ਘਰ ਫੋਨ ਕੀਤਾ ਪਰ ਉਹ ਕੋਈ ਲੜੀ ਸਿਰਾ ਨਹੀਂ ਸੀ ਫੜਾ ਰਹੇ। ਮੰਨਤ ਦਾ ਮੈਨੂੰ ਫਿਰ ਫੋਨ ਆਇਆ ਤਾਂ ਉਸ ਨੂੰ ਮੈਂ ਦਸ ਦਿੱਤਾ ਕਿ ਮੈਂ ਸ਼ਨਿਚਰਵਾਰ ਉਸ ਨੂੰ ਮਿਲਣ ਆਵਾਂਗਾ। ਸਿਰਨਾਵਾਂ ਤਾਂ ਮੇਰੇ ਕੋਲ ਹੈ ਹੀ ਸੀ।

ਬਾਥ ਲੰਡਨ ਤੋਂ ਡੇੜ-ਦੋ ਘੰਟੇ ਦਾ ਰਾਹ ਸੀ। ਮੈਂ ਪਤਨੀ ਨੂੰ ਨਾਲ ਲੈ ਜਾਣਾ ਚਾਹੁੰਦਾ ਸਾਂ ਪਰ ਉਸ ਦੀ ਸਿਹਤ ਸਫਰ ਕਰਨ ਦੇ ਕਾਬਲ ਨਹੀਂ ਸੀ। ਜਦੋਂ ਕੁ ਦੀ ਉਹ ਬਿਮਾਰ ਹੋਈ ਸੀ ਬਹੁਤਾ ਸਮਾਂ ਘਰ ਹੀ ਬਿਤਾਉਂਦੀ ਸੀ ਜਾਂ ਫਿਰ ਹਸਪਤਾਲ। ਮੈਂ ਬਾਥ ਨੂੰ ਜਾਂਦਾ ਹੋਇਆ ਸੋਚ ਰਿਹਾ ਸਾਂ ਕਿ ਜਾ ਕੇ ਮੈਂ ਕਿਹੜੀ ਗੱਲ ਕਰਾਂਗਾ। ਕਿਸੇ ਦੇ ਘਰ ਵਿਚ ਮੈਂ ਕਿਉਂ ਖਾਹਮਖਾਹ ਦਖਲ ਦੇਵਾਂ। ਜੇ ਕਿਸੇ ਦੀ ਸੁਲਾਹ ਹੋਣੀ ਵੀ ਹੋਵੇ ਤਾਂ ਤੀਜੇ ਬੰਦੇ ਦੇ ਦਖਲ ਨਾਲ ਫਿਰ ਵੀ ਨਹੀਂ ਹੋਣੀ ਸਗੋਂ ਗੱਲ ਵਿਗੜ ਹੀ ਜਾਇਆ ਕਰਦੀ ਹੈ। ਮੈਂ ਫੈਸਲਾ ਕੀਤਾ ਕਿ ਮੰਨਤ ਦੇ ਕਪੜੇ ਫੜਾ ਕੇ ਤੇ ਦੋ ਚਾਰ ਹੌਂਸਲੇ ਦੀਆਂ ਗੱਲਾਂ ਕਰਕੇ ਆ ਜਾਵਾਂਗਾ। ਮੈਂ ਉਹਨਾਂ ਦੇ ਘਰ ਪੁੱਜਾ। ਉਸੇ ਸਿਆਣੀ ਉਮਰ ਦੀ ਔਰਤ ਨੇ ਦਰਵਾਜ਼ਾ ਖੋਹਲਿਆ। ਮੈਂ ਆਪਣਾ ਨਾਂ ਦੱਸਿਆ। ਉਸ ਦੇ ਪਿੱਛੇ ਹੀ ਮੰਨਤ ਖੜੀ ਸੀ। ਉਸ ਦਾ ਮੜੰਗਾ ਆਪਣੀ ਮਾਂ ਵਰਗਾ ਹੋਣ ਕਰਕੇ ਪੱਛਾਣਨ ਵਿਚ ਦਿਕਤ ਨਹੀਂ ਪੇਸ਼ ਆਈ। ਮੰਨਤ ਭੱਜ ਕੇ ਮੇਰੇ ਗੱਲ ਲਗ ਰੋਣ ਲਗ ਪਈ ਜਿਵੇਂ ਮੈਂ ਉਸ ਦਾ ਕੋਈ ਖਾਸ ਰਿਸ਼ਤੇਦਾਰ ਹੋਵਾਂ। ਮੈਨੂੰ ਤਰਸ ਵੀ ਆਇਆ ਤੇ ਚੰਗਾ ਵੀ ਲਗਿਆ ਕਿ ਉਹ ਮੈਨੂੰ ਆਪਣਾ ਸਮਝ ਰਹੀ ਸੀ। ਮੈਂ ਉਸ ਦਾ ਮੋਢਾ ਥਾਪੜਦਿਆਂ ਕਿਹਾ,

—ਕੁੜੀਏ, ਹੌਸਲਾ ਰੱਖ, ਮੈਂ ਆ ਗਿਆਂ।

ਉਸ ਦੀ ਸੱਸ ਸੀ ਸਾਡੇ ਅੱਗੇ ਤੁਰ ਪਈ ਤੇ ਅਸੀਂ ਫਰੰਟ ਰੂਮ ਵਿਚ ਆ ਗਏ। ਮੈਨੂੰ ਉਸ ਦੇ ਚਿਹਰੇ ਤੋਂ ਲਗਿਆ ਕਿ ਇਹ ਔਰਤ ਸ਼ਾਇਦ ਮੂੰਹ ਜ਼ੋਰ ਹੋਵੇ। ਮੂੰਹ ਜ਼ੋਰ ਔਰਤਾਂ ਤੋਂ ਮੈਨੂੰ ਡਰ ਲਗਦਾ ਹੈ। ਫਰੰਟਰੂਮ ਵਿਚ ਆ ਕੇ ਅਸੀਂ ਸੈਟੀ ਤੇ ਬੈਠ ਗਏ। ਮੰਨਤ ਦਾ ਰੋਣਾ ਹਾਲੇ ਜਾਰੀ ਸੀ। ਪਤਾ ਨਹੀਂ ਉਹ ਮੈਨੂੰ ਕੀ ਸਮਝੀ ਬੈਠੀ ਸੀ ਕਿ ਆਪਣਾ ਸਾਰਾ ਦੁੱਖ ਮੇਰੇ ਸਾਹਮਣੇ ਹੀ ਧੋ ਦੇਣਾ ਚਾਹੁੰਦੀ ਸੀ। ਉਸ ਦੀ ਸੱਸ ਨੂੰ ਵੀ ਲਗਿਆ ਕਿ ਸ਼ਾਇਦ ਮੈਂ ਕੋਈ ਖਾਸ ਰਿਸ਼ਤੇਦਾਰ ਹੋਵਾਂਗਾ ਤੇ ਉਹ ਨਰਮੀ ਨਾਲ ਪੇਸ਼ ਆਉਣ ਲਗ ਪਈ। ਉਹ ਬੋਲੀ,

—ਧੀਏ, ਹੌਸਲਾ ਕਰ, ਸਾਡਾ ਕੀ ਕਸੂਰ ਐ, ਜੇ ਉਹ ਬਦਨਸੀਬ ਨਹੀਂ ਸਮਝ ਸਕਦਾ ਤੇ ਤੇਰੀ ਕਿਸਮਤ ਵੀ ਖਰਾਬ ਕਰੀ ਜਾਂਦਾ ਤਾਂ ਦਸ ਮੈਂ ਕੀ ਕਰ ਸਕਦੀ ਆਂ, ਮੈਂ ਵੀ ਇਕ ਧੀ ਦੀ ਮਾਂ



ਵਾਂ ਤੇ ਚਾਹੁੰਦੀ ਆਂ ਕਿ ਸਭ ਦੀਆਂ ਧੀਆਂ ਸੁਖੀ ਵਸਣ। ਤੂੰ ਵੀ ਤਾਂ ਹੁਣ ਮੇਰੀ ਧੀ ਈ ਐਂ, ਮੈਂ ਸਦਾ ਈ ਤੇਰਾ ਸੁਖ ਮੰਗਦੀ ਆਂ।

ਕਹਾਣੀ ਮੇਰੇ ਸਾਹਮਣੇ ਸੀ। ਮੰਨਤ ਦਾ ਪਤੀ ਘਰ ਨਹੀਂ ਸੀ ਆਉਂਦਾ। ਮੈਂ ਉਸ ਨੂੰ ਪੁੱਛਿਆ,

—ਮੁੰਡਾ ਘਰ ਕਿਉਂ ਨਹੀਂ ਆਉਂਦਾ?

—ਮਾੜੀ ਕਿਸਮਤ! ਸਾਲ ਹੋ ਗਿਆ, ਪੂਰਾ ਸਾਲ ਹੋ ਗਿਆ, ਨਿਖਸਮੇ ਦਾ ਮੂੰਹ ਦੇਖਿਆਂ।

ਮੰਨਤ ਤੋਂ ਪਹਿਲਾਂ ਉਸ ਦੀ ਸੱਸ ਬੋਲ ਪਈ। ਮੰਨਤ ਹਾਲੇ ਵੀ ਰੋਈ ਜਾ ਰਹੀ ਸੀ। ਉਸ ਦੀ ਸੱਸ ਮੈਨੂੰ ਕਹਿਣ ਲਗੀ,

—ਸਾਨੂੰ ਕਿਤੇ ਇਹਦਾ ਦੁੱਖ ਹੈ ਨਹੀਂ, ਅਸੀਂ ਤਾਂ ਏਹਨੂੰ ਆਪਣੀ ਧੀ ਮੰਨਦੇ ਆਂ, ਅਸੀਂ ਕਦੇ ਏਹਨੂੰ ਕੁਝ ਕਿਹਾ ਹੋਵੇ, ਤੁਹਾਡੇ ਸਾਹਮਣੇ ਐ ਪੁੱਛ ਲਵੋ।

ਮੈਨੂੰ ਕੁਝ ਕੁ ਗੁੱਸਾ ਜਿਹਾ ਆਉਣ ਲਗਿਆ। ਮੈਂ ਸੋਚਿਆ ਕਿ ਔਰਤ ਨਾਲ ਕੀ ਗੱਲ ਕਰਾਂ। ਮੈਂ ਸਿੱਧਾ ਕਿਹਾ,

—ਘਰ ਵਿਚ ਕੋਈ ਆਦਮੀ ਹੈ ਜੇਹਦੇ ਨਾਲ ਗੱਲ ਕਰ ਸਕਾਂ?

ਸੱਸ ਉਠੀ ਤੇ ਨਾਲ ਦੇ ਕਮਰੇ ਵਿਚ ਗਈ। ਇਕ ਬੁੱਢਾ ਜਿਸ ਨੇ ਸਿਰ ਤੇ ਵਲ਼ਾਂ ਵਾਲੀ ਪੱਗ ਬੰਨੀ ਹੋਈ ਸੀ ਤੇ ਹੱਥ ਵਿਚ ਹੁੱਕੀ ਸੀ, ਅੰਦਰ ਆ ਗਿਆ। ਇਹ ਹੁੱਕੀ ਜ਼ਰੂਰ ਇੰਡੀਆ ਤੋਂ ਮੰਗਵਾਈ ਗਈ ਹੋਵੇਗੀ , ਇਥੇ ਤਾਂ ਇਹ ਮਿਲਦੀ ਨਹੀਂ। ਉਹ ਆਉਂਦਾ ਹੀ ਬੋਲਣ ਲਗਿਆ,

—ਸਰਦਾਰ ਜੀ, ਅਸੀਂ ਤਾ ਜਿਦਾਂ ਕਹੋਂ ਕਰਨ ਨੂੰ ਤਿਆਰ ਆਂ, ਅਸੀਂ ਤਾਂ ਓਸ ਕੰਜਰ ਦਾ ਸਾਲ ਹੋ ਗਿਆ ਮੂੰਹ ਵੀ ਨਹੀਂ ਦੇਖਿਆ, ਕੀ ਕਰੀਏ, ਤੁਸੀਂ ਆਪ ਸਿਆਣੇ ਓ।

ਮੈਨੂੰ ਉਹ ਵੀ ਹਲਾਤ ਦੇ ਸਤਾਏ ਹੋਏ ਜਾਪੇ। ਮੈਂ ਕੁਝ ਨਾ ਬੋਲ ਸਕਿਆ ਤੇ ਨਾ ਸੋਚ ਸਕਿਆ। ਮੇਰੀ ਚੁੱਪ ਦੇਖ ਕੇ ਉਹ ਦੋਵੇਂ ਉਠ ਕੇ ਚਲੇ ਗਏ ਤੇ ਮੰਨਤ ਤੇ ਮੈਂ ਰਹਿ ਗਏ। ਮੈਂ ਕਿਹਾ,

—ਮੰਨਤ, ਚਲ ਮੇਰੇ ਨਾਲ ਲੰਡਨ, ਮੇਰੇ ਘਰ ਰਹੀਂ, ਹੌਲੀ ਹੌਲੀ ਕੰਮ ਵੀ ਮਿਲ ਜਾਊ ਤੇ ਆਪਣੇ ਰਹਿਣ ਲਈ ਜਗਾਹ ਲਭ ਲਈਂ।

—ਨਹੀਂ ਸਰ ਜੀ, ਏਥੇ ਮੇਰੇ ਕੋਲ ਜੋਬ ਬਹੁਤ ਵਧੀਆ, ਬਲਬ ਬਣਦੇ ਆ, ਪੈਸੇ ਵੀ ਚੰਗੇ, ਲੰਡਨ ਗਈ ਨੂੰ ਏਦਾਂ ਦੀ ਜੌਬ ਨਹੀਂ ਮਿਲਣੀ।

—ਫੇਰ ਕੀ ਚਾਹੁੰਨੀ ਐਂ?

—ਸਰ ਜੀ, ਰਹਿਣ ਨੂੰ ਤਾਂ ਏਥੇ ਵੀ ਏਹ ਬਹੁਤਾ ਕੁਝ ਨਹੀਂ ਕਹਿੰਦੇ ਬੱਸ ਨੌਕਰਾਣੀ ਸਮਝਦੇ ਆ, ਸਾਰਾ ਦਿਨ ਇਹਨਾਂ ਦੀਆਂ ਬੁੱਤੀਆਂ-ਨੱਤੀਆਂ!

—ਮੈਨੂੰ ਨਹੀਂ ਲਗਦਾ ਤੇਰਾ ਲੱਲੂ ਪਰਸ਼ਾਦ ਹੁਣ ਮੁੜੇ, ਤੇ ਕੁੜੀਏ ਹੁਣ ਤੂੰ ਆਪਣੇ ਬਾਰੇ ਸੋਚ ਕਿ ਕੀ ਕਰਨਾ, ਏਥੇ ਰਹਿ ਕਿ ਤਾਂ ਹੁਣ ਟੈਮ ਈ ਖਰਾਬ ਕਰੇਂਗੀ।

—ਤੁਸੀਂ ਦੱਸੋ ਸਰ ਜੀ ਕੀ ਕਰਾਂ?

—ਦੁਬਾਰਾ ਜ਼ਿੰਦਗੀ ਸ਼ੁਰੂ ਕਰ, ਏਹਦੇ ਤੋਂ ਤਲਾਕ ਲੈ ਤੇ ਹੋਰ ਵਿਆਹ ਕਰਾ।

—ਸਰ ਜੀ, ਕੀ ਇਹ ਹੱਥ ਤੇ ਸਰ੍ਹੋਂ ਜਮਾਉਣ ਵਾਲਾ ਕੰਮ ਐ! ਤਲਾਕ ਤੇ ਫੇਰ ਵਿਆਹ, ਸਾਲਾਂ ਦੇ ਸਾਲ ਲਗਦੇ ਆ। ਨਾਲੇ ਸਰ ਜੀ, ਇਹ ਨਹੀਂ ਚਾਹੁੰਦੇ ਕਿ ਮੈਂ ਤਲਾਕ ਲਵਾਂ।

—ਫੇਰ ਕੀ ਚਾਹੁੰਦੇ ਆ?

—ਮੁਫਤ ਦੀ ਨੌਕਰਾਣੀ ਤੇ ਉਪਰੋਂ ਤਨਖਾਹ।

ਕਹਿੰਦੀ ਮੰਨਤ ਹੱਸਣ ਲਗੀ। ਪਹਿਲਾਂ ਤਾਂ ਮੈਂ ਸੋਚਿਆ ਕਿ ਮੈਂ ਐਵੇਂ ਹੀ ਕਿਸੇ ਦੇ

ਮਸਲੇ ਵਿਚ ਉਲਝੀ ਜਾ ਰਿਹਾ ਹਾਂ ਪਰ ਫਿਰ ਮੈਨੂੰ ਲਗਿਆ ਕਿ ਸ਼ਾਇਦ ਮੈਂ ਕੋਈ ਚੰਗਾ ਕੰਮ ਕਰ ਰਿਹਾ ਹਾਂ। ਕੁਝ ਸੋਚ ਕੇ ਮੈਂ ਕਿਹਾ,

—ਏਦਾਂ ਕਰ, ਤੇਰੇ ਕੋਲ ਜੌਬ ਤਾਂ ਹੈ ਈ, ਤੂੰ ਆਪਣੇ ਰਹਿਣ ਲਈ ਕੋਈ ਕਮਰਾ ਲਭ, ਜਦ ਕਮਰਾ ਮਿਲ ਗਿਆ ਤਾਂ ਮੈਨੂੰ ਦਸ ਦੇਵੀਂ, ਮੈਂ ਆ ਕੇ ਏਹਨਾਂ ਨਾਲ ਤਲਾਕ ਦਵਾਉਣ ਦੀ ਗੱਲ ਕਰ ਲਊਂ।

ਇਵੇਂ ਹੀ ਹੋਇਆ। ਮੰਨਤ ਆਪਣੀ ਕਿਸੇ ਸਹੇਲੀ ਨਾਲ ਜਾ ਰਹਿਣ ਲਗੀ। ਮੈਂ ਗਿਆ ਤੇ ਉਹ ਮੰਨਤ ਦਾ ਤਲਾਕ ਕਰਾਉਣ ਲਈ ਤਿਆਰ ਹੋ ਗਏ। ਅਸੀਂ ਅਪਲਾਈ ਕਰ ਦਿੱਤਾ ਤੇ ਤਲਾਕ ਹੋ ਗਿਆ ਪਰ ਉਸ ਦਿਨ ਤੋਂ ਤੇ ਤਲਾਕ ਹੋਣ ਦੇ ਸਮੇਂ ਵਿਚ ਹੋਰ ਵੀ ਬਹੁਤ ਕੁਝ ਹੋ ਗਿਆ। ਮੈਂ ਦੇਖਿਆ ਕਿ ਮੰਨਤ ਏਨੀ ਲੁਭਾਵੀਂ ਸ਼ਖ਼ਸੀਅਤ ਵਾਲੀ ਕੁੜੀ ਏਹਨਾਂ ਨੂੰ ਚੰਗੀ ਕਿਉਂ ਨਹੀਂ ਲਗ ਰਹੀ। ਇਹ ਕੁੜੀ ਮੈਨੂੰ ਚੰਗੀ ਲਗ ਰਹੀ ਹੈ ਤੇ ਹੋਰਨਾਂ ਨੂੰ ਕਿਉਂ ਨਹੀਂ। ਹਫਤੇ ਵਿਚ ਮੇਰਾ ਇਕ ਗੇੜਾ ਬਾਥ ਲਗਣ ਲਗਿਆ। ਮੰਨਤ ਦੇ ਤਲਾਕ ਦਾ ਕੇਸ ਚਲਦਾ ਸੀ ਫੇਰ ਮੈਂ ਉਸ ਨੂੰ ਕੌਂਸਲ ਦਾ ਫਲੈਟ ਦਵਾਉਣ ਵਿਚ ਰੁਝ ਗਿਆ। ਇਕ ਦਿਨ ਭਜ ਦੌੜ ਵਿਚ ਮੈਂ ਬਾਥ ਵਿਚ ਹੀ ਲੇਟ ਹੋ ਗਿਆ ਤਾਂ ਮੇਰੇ ਤੇ ਮੰਨਤ ਵਿਚ ਉਹ ਰਿਸ਼ਤਾ ਬਣ ਗਿਆ ਜੋ ਅੱਜ ਹੈ।

ਮੇਰੀ ਪਤਨੀ, ਮੇਰੇ ਬੱਚੇ, ਮੇਰਾ ਘਰ ਕਹਿਣ ਨੂੰ ਇਹ ਬਹੁਤ ਸੁਹਾਵਣੀ ਗੱਲ ਹੈ ਪਰ ਅਸਲ ਵਿਚ ਇਹ ਸਭ ਸ਼ੀਸ਼ੇ ਦਾ ਹੈ ਖਾਸ ਤੌਰ ਤੇ ਇਸ ਮੁਲਕ ਵਿਚ। ਇਸ ਮੁਲਕ ਵਿਚ ਘਰ-ਪਰਿਵਾਰ ਇਕ ਸੁਫਨਾ ਹੈ। ਪਤਨੀ, ਘਰ, ਬੱਚੇ ਪਲ ਛਿਣ ਹਨ। ਜ਼ਰਾ ਕੁ ਪੈਰ ਫਿਸਲਿਆ ਨਹੀਂ ਤੇ ਸਭ ਕੁਝ ਗਾਇਬ। ਪਤਨੀ ਇਕ ਵਾਰ ਤੁਹਾਡੇ 'ਤੇ ਸ਼ੱਕ ਕਰਦੀ ਕਹਿ ਦੇਵੇ ਕਿ ਮੇਰਾ ਪਤੀ ਮੇਰੇ ਲਈ ਵਫਾਦਾਰ ਨਹੀਂ, ਵਫਾਦਾਰ ਤਾਂ ਦੂਰ ਦੀ ਗੱਲ ਹੈ ਇਹੋ ਕਹਿ ਦੇਵੇ ਕਿ ਮੈਨੂੰ ਮੇਰਾ ਪਤੀ ਪਸੰਦ ਨਹੀਂ ਤੇ ਨਾਲ ਹੀ ਬਰੀਕ ਜਿਹਾ ਝੂਠ ਬੋਲ ਦੇਵੇ ਕਿ ਮੈਨੂੰ ਇਸ ਤੋਂ ਖਤਰਾ ਹੈ ਤਾਂ ਪੁਲੀਸ ਪਲਾਂ ਵਿਚ ਤੁਹਾਨੂੰ ਤੁਹਾਡੇ ਘਰੋਂ ਚੁੱਕ ਕੇ ਬਾਹਰ ਸੁੱਟ ਸਕਦੀ ਹੈ। ਮੇਰਾ ਸਭ ਕੁਝ ਜਾ ਸਕਦਾ ਹੈ ਪਰ ਮੰਨਤ ਦਾ ਕੁਝ ਨਹੀਂ ਵਿਗੜਨਾ। ਮੰਨਤ ਸਹਾਰੇ ਮੈਂ ਬਾਕੀ ਦੀ ਜ਼ਿੰਦਗੀ ਨਹੀਂ ਕੱਢ ਸਕਦਾ। ਮੇਰੇ ਤੇ ਮੰਨਤ ਵਿਚਕਾਰ ਬਹੁਤ ਕਿਸਮ ਦੇ ਫਰਕ ਸਨ। ਮੈਂ ਆਪਣੇ ਸਮਾਜ ਵਿਚ ਇੱਜ਼ਤਦਾਰ ਬੰਦਾ ਸਾਂ, ਲੇਖਕ ਦੇ ਤੌਰ ਤੇ ਵੀ ਮੇਰਾ ਕੁਝ ਨਾਂ-ਥਾਂ ਸੀ, ਮੇਰੇ ਦੋਸਤਾਂ ਦਾ ਬਹੁਤ ਵੱਡਾ ਸਰਕਲ ਸੀ, ਲੋਕ ਮੇਰੇ ਤੋਂ ਸਲਾਹਾਂ ਲੈਣ ਆਉਂਦੇ ਸਨ। ਮੈਂ, ਜਿਸ ਦਾ ਜ਼ਿੰਦਗੀ ਦਾ ਤਜਰੁਬਾ ਹੋਵੇ ਤੇ ਅਜਿਹੀ ਗਲਤੀ ਕਰਨ ਤੇ ਲੋਕਾਂ ਨੇ ਥੂਹ ਥੂਹ ਕਰਨਾ ਸੀ ਤੇ ਦੂਜੇ ਪਾਸੇ ਮੰਨਤ ਹਾਲੇ ਚੜ੍ਹਦੀ ਉਮਰ ਵਿਚ ਸੀ, ਉਸ ਦੀ ਗਲਤੀ ਨੂੰ ਗਲਤੀ ਕਿਹਾ ਹੀ ਨਹੀਂ ਸੀ ਜਾਣਾ। ਫਿਰ ਉਸ ਦੇ ਪਰਿਵਾਰ ਦਾ ਮੇਰੇ ਪਰਿਵਾਰ ਵਾਲਾ ਰੁਤਬਾ ਨਹੀਂ ਸੀ। ਕਿਸੇ ਨੂੰ ਪਤਾ ਚਲ ਜਾਵੇ ਕਿ ਮੈਂ ਇਸ ਕੁੜੀ ਨਾਲ ਤੁਰਿਆ ਫਿਰਦਾ ਹਾਂ ਤਾਂ ਲੋਕ ਕੀ ਕਹਿਣਗੇ। ਮੇਰੀ ਪਤਨੀ, ਮੇਰੇ ਬੱਚੇ ਮੇਰੇ ਬਾਰੇ ਕੀ ਸੋਚਣਗੇ। ਇਹ ਸਾਰੀਆਂ ਗੱਲਾਂ ਮੇਰੇ ਮਨ ਵਿਚ ਸਮੁੰਦਰ ਦੀ ਲਹਿਰ ਵਾਂਗ ਆਉਂਦੀਆਂ ਰਹਿੰਦੀਆਂ ਸਨ, ਤਕਲੀਫ ਵੀ ਦਿੰਦੀਆਂ ਸਨ, ਬਹੁਤ ਕੁਝ ਸੋਚਣ ਲਈ ਮਜਬੂਰ ਕਰਦੀਆਂ ਸਨ ਪਰ ਲਹਿਰ ਵਾਂਗ ਹੀ ਚਲੇ ਵੀ ਜਾਂਦੀਆਂ ਸਨ। ਦੰਦੀ 'ਤੇ ਜੀਣ ਵਾਲਿਆਂ ਬੰਦਿਆਂ ਨੂੰ ਇਹ ਗੱਲਾਂ ਫੁਸਲਾ ਨਹੀਂ ਸਕਦੀਆਂ। ਜਾਂ ਦੰਦੀ ਤੇ ਤੁਰਨ ਵਾਲਿਆਂ ਦੇ ਕੰਨ ਬੰਦ ਹੁੰਦੇ ਹਨ। ਬੱਸ ਮੈਂ ਸਾਂ ਮੰਨਤ ਸੀ, ਇਹ ਕਲਿੱਫ ਸਨ, ਸਮੁੰਦਰ ਸੀ।

ਮੇਰਾ ਇਕ ਦੋਸਤ ਹੈ, ਕਵਿਤਾ ਲਿਖਦਾ ਹੈ, ਕਵੀਆਂ ਵਾਲੇ ਸ਼ੌਂਕ ਉਸ ਨੂੰ ਹਨ; ਬਿਗਾਨੀ ਖੁਰਲੀ ਵਿਚ ਮੂੰਹ ਮਾਰਨ ਦਾ। ਉਸ ਦਾ ਕਹਿਣ ਹੈ ਕਿ ਜੇ ਮੈਂ ਕੁਝ ਘੰਟੇ ਵੀ ਆਪਣੀ ਸਹੇਲੀ ਕੋਲ ਬਿਤਾ ਆਵਾਂ ਤਾਂ ਮੇਰੀ ਥਕਾਵਟ ਤੋਂ ਪਤਨੀ ਅੰਦਾਜ਼ਾ ਲਗਾ ਲੈਂਦੀ ਹੈ ਤੇ ਘਰ ਵਿਚ ਮਹਾਂਭਾਰਤ ਸ਼ੁਰੂ ਹੋ ਜਾਂਦਾ ਹੈ। ਉਸ ਦੀ ਗੱਲ ਸੁਣ ਕੇ ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਵੀ



ਸਮਝਦਾ ਕਿ ਪਤਨੀ ਨੂੰ ਕੁਝ ਪਤਾ ਨਹੀਂ ਚਲ ਰਿਹਾ ਪਰ ਮੇਰੇ ਅੰਦਰ ਗੁਨਾਹ ਭਾਵਨਾ ਵੀ ਉਠਣ ਲਗਦੀ ਤੇ ਆਪਣੇ ਨਾਲ ਨਫਰਤ ਤੇ ਪਤਨੀ ਨਾਲ ਹਮਦਰਦੀ ਹੋਣ ਲਗਦੀ। ਮੈਂ ਆਪਣੇ ਆਪ ਤੇ ਖੁਸ਼ ਵੀ ਹੁੰਦਾ ਕਿ ਮੈਂ ਕਿੱਡਾ ਵੱਡਾ ਬਹਾਨੇਬਾਜ਼ ਹਾਂ ਕਿ ਪਤਨੀ ਨੂੰ ਕੁਝ ਵੀ ਪਤਾ ਨਹੀਂ ਚਲਣ ਦਿੰਦਾ। ਪਹਿਲਾਂ ਪਤਨੀ ਕਿਹਾ ਕਰਦੀ ਕਿ ਉਸ ਨੇ ਆਪਣੇ ਇਲਾਜ ਲਈ ਇੰਡੀਆ ਜਾਣਾ ਹੈ ਤਾਂ ਮੈਂ ਰੋਕ ਦਿੰਦਾ ਪਰ ਹੁਣ ਉਸ ਨੂੰ ਆਪ ਟਿਕਟ ਲਿਆ ਦਿੰਦਾ। ਬੱਚਿਆਂ ਨੂੰ ਜ਼ਰਾ ਕੁ ਵੀ ਛੁੱਟੀਆਂ ਹੋਣ ਤਾਂ ਇਕ ਦਮ ਇੰਡੀਆ ਜਾਣ ਦਾ ਪ੍ਰੋਗਰਾਮ ਬਣਾਉਣ ਲਗਦਾ। ਪਤਨੀ ਹਸਪਤਾਲ ਹੁੰਦੀ ਤਾਂ ਬੱਚਿਆਂ ਦਾ ਪ੍ਰਬੰਧ ਕਿਸੇ ਰਿਸ਼ਤੇਦਾਰ ਵਲ ਕਰਕੇ ਮੈਂ ਕਾਰ ਬਾਥ ਵਲ ਭਜਾ ਲੈਂਦਾ। ਜਦੋਂ ਵਾਪਸ ਘਰ ਨੂੰ ਪਰਤ ਰਿਹਾ ਹੁੰਦਾ ਤਾਂ ਇਕ ਗੁਨਾਹ ਭਾਵਨਾ ਮਨ ਵਿਚ ਜ਼ੋਰ ਫੜਨ ਲਗਦੀ। ਫਿਰ ਜਦ ਅਗਲੀ ਵਾਰ ਜਾਣਾ ਹੁੰਦਾ ਤਾਂ ਇਕ ਵਾਰ ਤਾਂ ਇਹੋ ਗੁਨਾਹ ਭਾਵਨਾ ਮਨ ਤੇ ਹਾਵੀ ਹੋਣ ਲਗਦੀ ਪਰ ਜਿਵੇਂ ਹੀ ਕਾਰ ਮੋਟਰ ਵੇਅ 'ਤੇ ਚੜ੍ਹਦੀ ਤਾਂ ਅਜੀਬ ਜਿਹਾ ਨਸ਼ਾ ਚੜ੍ਹਨ ਲਗਦਾ, ਮੰਨਤ ਦਾ ਨਸ਼ਾ।

ਇਕ ਭੁੱਖ ਮੇਰੇ ਵਿਚ ਸਦਾ ਰਹੀ ਸੀ; ਘੁੰਮਣ ਫਿਰਨ ਦੀ ਭੁੱਖ। ਲੰਡਨ ਵਿਚ ਰਹਿੰਦਿਆਂ ਬਾਕੀ ਇੰਗਲੈਂਡ ਦੇਖਣੋਂ ਰਹੀ ਜਾਂਦਾ ਸੀ ਪਰ ਹੁਣ ਮੰਨਤ ਨਾਲ ਦੋਸਤੀ ਨੇ ਇੰਗਲੈਂਡ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਡੈਵਨ ਸ਼ਾਇਰ ਤਾਂ ਹੁਣ ਸਾਡਾ ਮਨ ਭਾਉਂਦਾ ਟਿਕਾਣਾ ਸੀ, ਜਿੰਨਾ ਇਥੋਂ ਬਾਥ ਸੀ ਓਨਾ ਕੁ ਹੀ ਅਗੇ ਪੈਨਯੈਂਸ। ਮੰਨਤ ਵੀ ਮੇਰੇ ਨਾਲ ਹੁੰਦੀ ਤਾਂ ਵੱਖਰੀ ਦੁਨੀਆਂ ਵਿਚ ਵਿਚਰਦੀ ਫਿਰਦੀ। ਇਕ ਦਿਨ ਮੈਂ ਉਸ ਨੂੰ ਕਿਹਾ,

—ਦੇਖ, ਹੁਣ ਤੇਰਾ ਤਲਾਕ ਹੋ ਗਿਆ, ਵਿਆਹ ਕਰਾ ਲੈ ਹੁਣ।

—ਸਰ ਜੀ, ਵਿਆਹ ਹੀ ਐ, ਤੁਸੀਂ ਹਾਂ ਕਰੋ, ਮੈਂ ਸਾਰੀ ਉਮਰ ਕੱਢ ਦੇਵਾਂਗੀ।

ਉਸ ਦੀ ਗੱਲ ਮੈਨੂੰ ਬਹੁਤ ਚੰਗੀ ਲਗਦੀ ਪਰ ਡਰਾ ਵੀ ਜਾਂਦੀ। ਕਦੇ ਕਦੇ ਉਹ ਬੱਚਾ ਲੈਣ ਦੀ ਗੱਲ ਕਰਨ ਲਗੀ ਸੀ। ਦੋ ਕੁ ਵਾਰ ਮੈਂ ਜ਼ੋਰ ਪਾ ਕੇ ਇੰਡੀਆ ਵੀ ਭੇਜਿਆ ਪਰ ਵਿਆਹ ਤੋਂ ਬਿਨਾਂ ਹੀ ਮੁੜ ਆਈ। ਮੈਂ ਸੋਚਣ ਲਗਿਆ ਕਿ ਸਾਡਾ ਕੀ ਬਣੇਗਾ। ਸਾਡਾ ਅੰਤ ਕੀ ਹੋਵੇਗਾ। ਜੇਕਰ ਪਤਨੀ ਨੂੰ ਪਤਾ ਚਲ ਗਿਆ ਫਿਰ ਤਾਂ ਜੋ ਅੰਤ ਹੋਣਾ ਸੀ ਹੋਣਾ ਹੀ ਸੀ; ਤਲਾਕ, ਮੈਂ ਘਰੋਂ ਬਾਹਰ, ਬੱਚਿਆਂ ਨੂੰ ਮੁੜ ਕੇ ਦੇਖ ਵੀ ਨਾ ਸਕਣ ਦੀ ਸਥਿਤੀ, ਚਾਰੇ ਪਾਸੇ ਬੇਇੱਜ਼ਤੀ। ਮੈਂ ਕਈ ਵਾਰ ਗੰਭੀਰ ਹੋ ਕੇ ਇਸ ਸਿਲਸਿਲੇ ਨੂੰ ਖਤਮ ਕਰਨ ਬਾਰੇ ਸੋਚਦਾ ਪਰ ਕੋਈ ਲੜੀ ਸਿਰਾ ਹੱਥ ਨਾ ਆਉਂਦਾ। ਫਿਰ ਇਕ ਦਿਨ ਅਜਿਹਾ ਆਇਆ ਕਿ ਇਹ ਸੁਫਨਾ ਟੁੱਟ ਗਿਆ ਜਾਂ ਮੈਨੂੰ ਤੋੜਨਾ ਪਿਆ, ਸੱਚ ਜਾਂ ਸੁਫਨੇ ਵਿਚੋਂ ਇਕ ਚੀਜ਼ ਨੂੰ ਚੁਣਨਾ ਪਿਆ। ਗੱਲ ਇਵੇਂ ਹੋਈ ਕਿ ਸਾਡੇ ਕਾਫੀ ਸਾਰੇ ਮਹਿਮਾਨ ਆ ਰਹੇ ਸਨ। ਪਤਨੀ ਬਿਮਾਰ ਸੀ ਤੇ ਰੋਟੀ ਬਣਾਉਣ ਜੋਗੀ ਹੈ ਨਹੀਂ ਸੀ। ਮੇਰੇ ਮਨ ਵਿਚ ਇਕ ਸਕੀਮ ਆਈ। ਮੈਂ ਉਸ ਨੂੰ ਕਿਹਾ,

—ਸਾਡੇ ਪਿੰਡਾਂ ਵਲ ਦੀ ਕੁੜੀ ਹੈ ਨਾ ਮੰਨਤ, ਜਿਹੜੀ ਬਾਥ ਰਹਿੰਦੀ ਐ, ਉਹਨੂੰ ਕਹਾਂ ਕਿ ਕੁਝ ਦਿਨਾਂ ਦੀ ਛੁੱਟੀ ਕਰਕੇ ਸਾਡਾ ਵਕਤ ਟਪਾ ਜਾਵੇ ?

ਹਸਪਤਾਲ ਦੇ ਬਿਸਤਰ 'ਤੇ ਪਈ ਪਤਨੀ ਹਿੰਮਤ ਆ ਗਈ। ਉਸ ਦੇ ਗੁੱਸੇ ਵਿਚ ਬੁਲ੍ਹ ਫਰਕੇ, ਅੱਖਾਂ ਲਾਲ ਹੋ ਗਈਆਂ ਤੇ ਬੋਲੀ,

—ਖਬਰਦਾਰ ਜੇ ਉਹਨੂੰ ਸੱਦਿਆ ਤਾਂ, ਮੈਨੂੰ ਥੋੜ੍ਹਾ ਠੀਕ ਹੋਣ ਦਿਓ ਫੇਰ ਤੁਹਾਡੇ ਨਾਲ ਗੱਲ ਕਰੂੰ, ਦੱਸੂੰ ਕਿਹੜੇ ਭਾਅ ਵਿਕਦੀ ਐ, ...ਮੇਰੀ ਬਿਮਾਰੀ ਦਾ ਫਾਇਦਾ ਉਠਾ ਕੇ ਬਾਥ ਜਾਂਦੇ ਓ।

# ਜਦੋਂ ਭਰਜਾਈ ਗੁਆਚ ਗਈ/ਹਰਮਹਿੰਦਰ ਚਹਿਲ

ਬੰਦ ਦਰਵਾਜ਼ਿਆਂ ਦੇ ਪਿੱਛੇ ਕੀ ਹੈ ਕੋਈ ਨਹੀਂ ਜਾਣਦਾ। ਉੱਥੇ ਕੌਣ ਰਹਿੰਦਾ ਹੈ, ਕਿਸ ਤਰ੍ਹਾਂ ਰਹਿੰਦਾ ਹੈ ਤੇ ਕੀ ਕਰਦਾ ਹੈ ਇਸ ਬਾਰੇ ਕਿਸੇ ਨੂੰ ਕੋਈ ਅੰਦਾਜਾ ਨਹੀਂ। ਬੰਦ ਦਰਵਾਜ਼ਿਆਂ ਦੇ ਅੰਦਰ ਦੀ ਦੁਨੀਆਂ ਬਾਰੇ ਤਾਂ ਅੰਦਰ ਰਹਿਣ ਵਾਲਾ ਹੀ ਜਾਣਦਾ ਹੈ। ਸਾਡਾ ਮਨ ਵੀ ਇੱਕ ਬੰਦ ਦਰਵਾਜ਼ਾ ਹੀ ਹੈ। ਸਾਡੇ ਮਨ ਅੰਦਰ ਪਈਆਂ ਯਾਦਾਂ ਦਾ ਇੱਕ ਵਿਸ਼ਾਲ ਭੰਡਾਰ ਹੈ। ਇੱਕ ਹਿਸਾਬ, ਸਾਡੀ ਬੀਤੀ ਹੋਈ ਜ਼ਿੰਦਗੀ ਦੀ ਹਰ ਘੜੀ ਦੀ ਯਾਦ ਇਸ ਭੰਡਾਰ ਵਿੱਚ ਮਹਿਫੂਜ਼ ਪਈ ਹੈ। ਪਰ ਇਨਸਾਨ ਦੇ ਮਨ ਦੇ ਬੰਦ ਦਰਵਾਜ਼ੇ ਪਿੱਛੇ ਛੁਪੀ ਹਰ ਯਾਦ ਸਿਰਫ ਉਹੀ ਜਾਣਦਾ ਹੈ। ਮੌਕਾ ਮੇਲ ਬਣਦਿਆਂ, ਸਬੰਧਤ ਯਾਦ ਆਪਣੇ ਆਪ ਹੀ ਮਨ ਦੇ ਉਪਰਲੇ ਤਲ 'ਤੇ ਉੱਭਰ ਆਉਂਦੀ ਹੈ। ਅੱਜ ਮੇਰੇ ਮਨ ਦੇ ਚਿੱਤਰਪਟ 'ਤੇ ਤੀਹ ਸਾਲ ਪਹਿਲਾਂ ਬੀਤੀ ਇੱਕ ਘਟਨਾ ਦੀ ਅਨਮੋਲ ਯਾਦ ਉੱਭਰ ਆਈ ਹੈ।

ਇਹ ਸ਼ਾਇਦ ਉਨੀ ਸੌ ਅੱਸੀ ਦੇ ਨੇੜ-ਤੇੜ ਦੀ ਗੱਲ ਹੈ। ਮੇਰੀ ਉਮਰ ਉਦੋਂ ਕੋਈ ਬਾਈ ਤੇਈ ਸਾਲ ਹੋਵੇਗੀ। ਨਵਾਂ ਨਵਾਂ ਕਾਲਜ ਖਤਮ ਕਰਕੇ ਮੈਂ ਨੌਕਰੀ ਦੀ ਭਾਲ ਵਿੱਚ ਘੁੰਮ ਰਿਹਾ ਸੀ। ਇੱਕ ਦਿਨ ਮੈਂ ਲੁਧਿਆਣੇ ਦੇ ਬਸ ਅੱਡੇ 'ਤੇ ਗੇੜੇ ਕੱਢ ਰਿਹਾ ਸੀ ਕਿ ਮੇਰਾ ਕਾਲਜ ਵੇਲੇ ਦਾ ਦੋਸਤ ਰਾਜਦੀਪ ਮਿਲ ਗਿਆ। ਰਾਜਦੀਪ ਮੇਰਾ ਗੂਹੜਾ ਦੋਸਤ ਸੀ ਤੇ ਅਸੀਂ ਕਾਲਜ ਦੇ ਹੋਸਟਲ ਵਿੱਚ ਰੂਮੇਟ ਰਹੇ ਸੀ। ਕਾਲਜ ਵਿੱਚ ਸਾਰੇ ਉਸਨੂੰ ਰਾਜ ਕਹਿ ਕੇ ਹੀ ਬੁਲਾਉਂਦੇ ਸਨ। ਉਹ ਬੜੀ ਹਸਾਉਣੀ ਤਬੀਅਤ ਦਾ ਮਾਲਕ ਸੀ। ਅਸੀਂ ਸਾਰੇ ਦੋਸਤ ਉਸਨੂੰ ਮਖੌਲ ਵੀ ਬਹੁਤ ਕਰਦੇ ਸੀ। ਉਸਦੀਆਂ ਆਮ ਗੱਲਾਂ 'ਚੋਂ ਹੀ ਕਈ ਵਾਰੀ ਹੱਸਣ ਹਸਾਉਣ ਦਾ ਮਸਾਲਾ ਮਿਲ ਜਾਂਦਾ ਸੀ। ਖੈਰ ਹੁਣ ਉਸਨੂੰ ਨੌਕਰੀ ਮਿਲ ਗਈ ਸੀ। ਉਸਦਾ ਵਿਆਹ ਵੀ ਹੋ ਚੁੱਕਿਆ ਸੀ ਤੇ ਉਹ ਦੋਨੋਂ ਮੀਆਂ ਬੀਵੀ ਉਸਦੀ ਨੌਕਰੀ ਵਾਲੀ ਜਗਾ ਰਹਿੰਦੇ ਸਨ। ਉਸ ਦਿਨ ਉਹ ਆਪਣੀ ਘਰਵਾਲੀ ਸਮੇਤ ਦਿਵਾਲੀ ਦੀ ਛੁੱਟੀ 'ਤੇ ਪਿੰਡ ਆ ਰਿਹਾ ਸੀ। ਇਸ ਵਾਰ ਉਸਨੇ ਛੁੱਟੀ ਕੱਟਕੇ ਇਕੱਲੇ ਨੇ ਹੀ ਵਾਪਸ ਜਾਣਾ ਸੀ। ਮਤਲਬ ਭਰਜਾਈ ਨੂੰ ਪਿੰਡ ਹੀ ਛੱਡ ਜਾਣਾ ਸੀ। ਉਸਦੀ ਪੋਸਟਿੰਗ ਕਿਧਰੇ ਦਿੱਲੀ ਵੱਲ ਸੀ। ਜਦੋਂ ਮੈਨੂੰ ਉਹ ਮਿਲਿਆ ਤਾਂ ਹਫਲਿਆ ਹੋਇਆ ਸੀ। ਮੈਂ ਅਗਾਂਹ ਹੋਕੇ ਉਸਨੂੰ ਗਲਵੱਕੜੀ ਪਾਉਣੀ ਚਾਹੀ ਪਰ ਉਸਦਾ ਧਿਆਨ ਕਿਧਰੇ ਹੋਰ ਸੀ।

"ਤੂੰ ਯਾਰ ਚੰਗੀ ਤਰ੍ਹਾਂ ਮਿਲਦਾ ਵੀ ਨੀ, ਕੀ ਗੱਲ ਐ?" ਮੈਂ ਰੋਸਾ ਕੀਤਾ।

"ਤੈਨੂੰ ਮਿਲਣ ਦੀ ਪਈ ਐ ਇੱਧਰ ਮੇਰਾ ਮਰਨ ਹੋਇਆ ਪਿਐ।" ਉਹ ਘਬਰਾਇਆ ਹੋਇਆ ਆਲੇ ਦੁਆਲੇ ਵੇਖ ਰਿਹਾ ਸੀ।

"ਪਰ ਹੋਇਆ ਕੀ?"

"ਮੇਰੀ ਘਰਵਾਲੀ ਗੁਆਚ ਗਈ।" ਉਸਨੇ ਇੰਨੀ ਗੱਲ ਕਹੀ ਤਾਂ ਮੇਰਾ ਹਾਸਾ ਨਿਕਲ ਚੱਲਿਆ। ਕਿਉਂਕਿ ਉਸਤੋਂ ਅਜਿਹੀ ਗੱਲ ਦੀ ਹੀ ਤਵੱਜੋ ਕੀਤੀ ਜਾ ਸਕਦੀ ਸੀ। ਪਰ ਮੈਂ ਹਾਸੇ ਨੂੰ ਕਾਬੂ ਵਿਚ ਰੱਖਿਆ ਤੇ ਉਸਨੂੰ ਪੂਰੀ ਗੱਲ ਸੁਣਾਉਣ ਨੂੰ ਕਿਹਾ। ਉਸਨੇ ਜੋ ਕੁਛ ਸੁਣਾਇਆ ਉਹ ਕੁਛ ਇਸ ਤਰ੍ਹਾਂ ਸੀ।

ਉਹ ਦੋਨੋਂ ਮੀਆਂ ਬੀਵੀ ਦਿੱਲੀ ਤੋਂ ਟਰੇਨ 'ਤੇ ਆ ਰਹੇ ਸਨ। ਲੁਧਿਆਣੇ ਉਤਰਕੇ ਉਹਨਾਂ ਜਗਰਾਵਾਂ ਵੱਲ ਆਪਣੇ ਪਿੰਡ ਜਾਣ ਲਈ ਬਸ ਚੜਨਾ ਸੀ। ਗੱਡੀ ਅੰਬਾਲੇ ਪਹੁੰਚ ਗਈ। ਇੱਥੇ ਗੱਡੀ ਨੇ ਕੁਛ ਦੇਰ ਰੁਕਣਾ ਸੀ। ਦੋਨੋਂ ਮੀਆਂ ਬੀਵੀ ਗੱਲਾਂ ਕਰਨ ਵਿੱਚ ਮਸਤ ਸਨ। ਇੰਨੇ ਨੂੰ ਰਾਜ ਨੂੰ ਬਾਥਰੂਮ ਜਾਣ ਦੀ ਜ਼ਰੂਰਤ ਮਹਿਸੂਸ ਹੋਈ। ਸਾਹਮਣੇ ਹੀ ਕਿਸੇ ਦੂਸਰੇ



ਟਰੈਕ 'ਤੇ ਫਸਟ ਕਲਾਸ ਦੇ ਕੁਛ ਡੱਬੇ ਖੜੇ ਸਨ। ਰਾਜ ਨੇ ਘਰਵਾਲੀ ਨੂੰ ਕਿਹਾ ਕਿ ਕਿਉਂ ਨਾ ਫਸਟ ਕਲਾਸ ਦੇ ਡੱਬੇ ਵਾਲੇ ਬਾਥਰੂਮ ਵਿੱਚ ਹੀ ਜਾ ਆਵਾਂ। ਘਰਵਾਲੀ ਦੇ ਰੋਕਦਿਆਂ ਰੋਕਦਿਆਂ ਰਾਜ ਫਸਟ ਕਲਾਸ ਦੇ ਡੱਬੇ ਵਿੱਚ ਇਹ ਕਹਿੰਦਿਆਂ ਚਲਾ ਗਿਆ ਕਿ ਸਿਰਫ ਪੰਜ ਮਿੰਟ ਦੀ ਤਾਂ ਗੱਲ ਹੈ। ਉੱਧਰ ਉਹ ਫਸਟ ਕਲਾਸ ਦੇ ਬਾਥਰੂਮ ਵਿਚ ਜਾਕੇ ਬੈਠਾ ਤੇ ਇੱਧਰ ਉਸਦੀ ਆਪਣੀ ਟਰੇਨ ਤੁਰ ਪਈ। ਜਦੋਂ ਉਹ ਉੱਧਰੋਂ ਵਿਹਲਾ ਹੋ ਕੇ ਬਾਹਰ ਆਇਆ ਤਾਂ ਸਾਹਮਣੇ ਉਸਦੀ ਆਪਣੀ ਟਰੇਨ ਦਾ ਨਾਮ ਨਿਸ਼ਾਨ ਵੀ ਨਹੀਂ ਸੀ। ਉਸਨੇ ਸੋਚਿਆ ਕਿ ਘਰਵਾਲੀ ਟਰੇਨ ਤੋਂ ਉੱਤਰ ਗਈ ਹੋਊ, ਇਉਂ ਉਸਨੂੰ ਛੱਡਕੇ ਥੋੜ੍ਹਾ ਹੀ ਜਾਊ। ਪਰ ਉਸਨੇ ਸਾਰਾ ਸਟੇਸ਼ਨ ਛਾਣ ਮਾਰਿਆ ਤੇ ਉਸਨੂੰ ਘਰਵਾਲੀ ਕਿਧਰੇ ਨਜ਼ਰ ਨਾ ਆਈ। ਪਹਿਲਾਂ ਤਾਂ ਉਸਨੂੰ ਖਿਝ ਚੜੀ ਕਿ ਜਦੋਂ ਟਰੇਨ ਤੁਰਨ ਲੱਗੀ ਸੀ ਤਾਂ ਉਹ ਉਤਰੀ ਕਿਉਂ ਨਾ। ਫਿਰ ਉਸਨੇ ਸੋਚਿਆ ਕਿ ਹੁਣ ਤਾਂ ਉਹ ਚਲੀ ਹੀ ਗਈ ਹੈ ਤੇ ਅੱਗੇ ਲੁਧਿਆਣੇ ਦੇ ਸਟੇਸ਼ਨ 'ਤੇ ਹੀ ਉਤਰੂਗੀ। ਸਟੇਸ਼ਨ ਤੋਂ ਆਟੋ ਲੈਕੇ ਉਹ ਸਿੱਧਾ ਅੰਬਾਲੇ ਦੇ ਬਸ ਸਟੈਂਡ ਨੂੰ ਭੱਜਿਆ। ਉੱਥੋਂ ਬਸ 'ਤੇ ਚੜਕੇ ਉਹ ਲੁਧਿਆਣੇ ਦੇ ਸਟੇਸ਼ਨ 'ਤੇ ਪਹੁੰਚਿਆ। ਇੱਥੇ ਵੀ ਉਹੀ ਕੁਛ ਹੋਇਆ। ਉਸ ਨੇ ਘਰਵਾਲੀ ਨੂੰ ਸਾਰੇ ਸਟੇਸ਼ਨ ਤੇ ਭਾਲਿਆ ਪਰ ਉਹ ਨਾ ਮਿਲੀ। ਇੱਥੋਂ ਫਟਾ ਫਟ ਉਹ ਲੁਧਿਆਣੇ ਦੇ ਬਸ ਅੱਡੇ 'ਤੇ ਪਹੁੰਚਿਆ। ਬਸ ਅੱਡੇ ਉੱਪਰ ਉਹ ਘਰਵਾਲੀ ਨੂੰ ਹੀ ਲੱਭਦਾ ਫਿਰਦਾ ਸੀ ਜਦੋਂ ਕਿ ਮੈਂ ਉਸਨੂੰ ਮਿਲਿਆ। ਉਸਦੀ ਗੱਲ ਸੁਣਕੇ ਮੈਂ ਹੱਸ ਹੱਸ ਲੋਟ ਪੋਟ ਹੋ ਗਿਆ। ਪਰ ਜਦੋਂ ਉਸਨੇ ਚਾਰ ਕੁ ਚੰਗੀਆਂ ਗਾਹਲਾਂ ਛੱਡੀਆਂ ਤਾਂ ਮੈਂ ਵੀ ਸੀਰੀਅਸ ਹੋ ਗਿਆ। ਮੈਂ ਉਸਨੂੰ ਪੁੱਛਿਆ ਕਿ ਹੁਣ ਕੀ ਕਰੀਏ ਤਾਂ ਉਸਦਾ ਜੁਆਬ ਸੀ ਕਿ ਹੁਣ ਪਿੰਡ ਚੱਲੀਏ, ਹੋਰ ਕੀ। ਪਰ ਨਾਲ ਹੀ ਪਿੰਡ ਜਾਣ ਤੋਂ ਉਹ ਤਰਹਿੰਦਾ ਵੀ ਸੀ ਕਿਉਂਕਿ ਉਸਦਾ ਬਾਪੂ ਬੜਾ ਕੱਬਾ ਸੀ। ਬਹੂ ਗੁਆਚੀ ਦਾ ਸੁਣਕੇ ਉਸਨੇ ਡਾਂਗ ਚੁੱਕ ਲੈਣੀ ਸੀ, ਇਸ ਗੱਲ ਦਾ ਰਾਜ ਨੂੰ ਵੀ ਪਤਾ ਸੀ ਤੇ ਮੈਨੂੰ ਵੀ। ਖੈਰ ਜੱਕੋ ਤੱਕੀ ਜਿਹੀ ਕਰਦੇ ਅਸੀਂ ਉਸਦੇ ਪਿੰਡ ਨੂੰ ਤੁਰ ਪਏ। ਪਿੰਡ ਅੱਡੇ ਤੇ ਪਹੁੰਚਕੇ ਉਸਦੇ ਚਿੱਤ ਨੂੰ ਘੁਮੇਰਾਂ ਜਿਹੀਆਂ ਚੜਨ ਲੱਗੀਆਂ ਕਿ ਅਗਰ ਉਹ ਘਰੇ ਵੀ ਨਾ ਪਹੁੰਚੀ ਹੋਈ ਤਾਂ ਕੀ ਬਣੂ। ਦਿਲ ਕਰੜਾ ਕਰਨ ਲਈ ਅਸੀਂ ਠੇਕੇ ਤੋਂ ਦੋ ਦੋ ਪੈੱਗ ਲਾ ਲਏ। ਅੱਡੇ ਤੋਂ ਘਰ ਨੂੰ ਜਾਂਦੇ ਅਸੀਂ ਸਾਰੇ ਰਾਹ ਬਹਾਨੇ ਤਲਾਸ਼ ਕਰਦੇ ਗਏ। ਪਰ ਜਿਉਂ ਹੀ ਅਸੀਂ ਰਾਜ ਦੇ ਘਰੇ ਪੈਰ ਪਾਇਆ ਤਾਂ ਸਭ ਤੋਂ ਪਹਿਲਾਂ ਉਸਦੇ ਬਾਪੂ ਨਾਲ ਹੀ ਮੁਲਾਕਾਤ ਹੋਈ।

"ਕਿਵੇਂ ਇਕੱਲਾ ਹੀ ਤੁਰਿਆ ਆਉਨੈ, ਬਹੂ ਕਿੱਥੇ ਐ?" ਬਾਪੂ ਦੇ ਇਸ ਸਵਾਲ ਨੇ ਸਾਨੂੰ ਅਹਿਸਾਸ ਕਰਾ ਦਿੱਤਾ ਕਿ ਉਹ ਕਰਮਾਂ ਵਾਲੀ ਇੱਥੇ ਵੀ ਨਹੀਂ ਪਹੁੰਚੀ।

"ਕਿਵੇਂ ਇੱਥੇ ਪਹੁੰਚੀ ਨਹੀਂ ਉਹ?" ਰਾਜ ਨੇ ਉਲਟਾ ਬਾਪੂ ਨੂੰ ਸੁਆਲ ਕੀਤਾ।

"ਤੇਰੀ ਭੰਗ ਤਾਂ ਨੀ ਪੀਤੀ ਹੋਈ। ਜੇ ਆਊ ਤਾਂ ਤੇਰੇ ਨਾਲ ਹੀ ਆਊ ਨਾ। ਤੂੰ ਇਹ ਦੱਸ ਕਿ ਬਹੂ ਨੂੰ ਛੱਡਕੇ ਕਿੱਥੇ ਆਇਐਂ?"

"ਉਹ ਤਾਂ ਰਾਹ 'ਚ ਗੁਆਚ ਗਈ।" ਰਾਜ ਨੇ ਆਪਣੇ ਸੁਭਾਅ ਮੁਤਾਬਕ ਠਾਹ ਸੋਟਾ ਮਾਰਿਆ ਤੇ ਬਾਪੂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਜਾ ਚੜਿਆ। ਰਾਜ ਨੇ ਕੰਬਦੀ ਜ਼ੁਬਾਨ ਵਿੱਚ ਹੋਈ ਬੀਤੀ ਸੁਣਾ ਦਿੱਤੀ।

"ਓਏ ਕਿਤੇ ਪੇਕਿਆਂ ਵੱਲ ਨਾ ਚਲੀ ਗਈ ਹੋਵੇ। ਉੱਧਰ ਜਾਕੇ ਪਤਾ ਕਰ।" ਬਾਪੂ ਦਾ ਹੁਕਮ ਸੁਣਦਿਆਂ ਹੀ ਅਸੀਂ ਦੋਨੋਂ ਮੋਟਰ ਸਾਈਕਲ 'ਤੇ ਉਸਦੇ ਸਹੁਰਿਆਂ ਨੂੰ ਤੁਰ ਪਏ। ਇੱਕ ਘੰਟੇ ਦੀ ਵਾਟ ਸੀ। ਸਹੁਰੇ ਘਰ ਪਹੁੰਚਿਦਿਆਂ ਨੂੰ ਹਨੇਰਾ ਹੋ ਚੁੱਕਿਆ ਸੀ।

ਸਾਡੇ ਅੰਦਰ ਵੜਦਿਆਂ ਦੇ ਉਸਦੀ ਸੱਸ ਮੱਥੇ ਲੱਗੀ। ਉਸਨੇ ਰਾਜ ਦਾ ਸਿਰ ਪਲੋਸਿਆ ਤੇ ਨਾਲ ਹੀ ਆਪਣੀ ਧੀ ਬਾਰੇ ਪੁੱਛਿਆ।

"ਉਹ ਇੱਥੇ ਵੀ ਨੀ ਆਈ ?" ਰਾਜ ਦਾ ਮੂੰਹ ਉੱਡ ਗਿਆ।

"ਭਾਈ ਕਾਕਾ ਉਸਨੇ ਇੱਥੇ ਕਿੱਥੋਂ ਆਉਣਾ ਸੀ। ਕਿਉਂ ਉਹ ਤੇਰੇ ਨਾਲ ਨਹੀਂ ?"

ਇੱਥੇ ਵੀ ਰਾਜ ਨੇ 'ਗੁਆਚ ਗਈ' ਵਾਲਾ ਠਾਹ ਸੋਟਾ ਮਾਰਿਆ ਤਾਂ ਉਸਦੇ ਸਹੁਰੇ ਪਰਿਵਾਰ ਦੇ ਚਿਹਰੇ ਪਰੇਸ਼ਾਨੀ ਵਿੱਚ ਬਦਲ ਗਏ। ਅਸੀਂ ਇੱਥੇ ਜ਼ਿਆਦਾ ਦੇਰ ਨਾ ਰੁਕੇ ਤੇ ਉਹਨੀਂ ਪੈਰੀਂ ਵਾਪਸ ਮੁੜ ਪਏ। ਬਾਹਰ ਨਿਕਲਦਿਆਂ ਦੇ ਮੇਰੇ ਕੰਨੀ ਉਹਨਾਂ ਦੀ ਵੱਡੀ ਬੁੜੀ ਦੇ ਬੋਲ ਪਏ।

"ਵੇ ਭਾਈ ਪਤਾ ਕਰੋ। ਮੈਨੂੰ ਤਾਂ ਦਾਲ ਵਿੱਚ ਕੁਛ ਕਾਲਾ ਲਗਦੈ। ਪਿੱਛੋਂ ਲੋਕ ਇਹੀ ਬਹਾਨਾ ਲਾਉਂਦੇ ਹੁੰਦੇ ਐ ਕਿ ਘਰੋਂ ਤਾਂ ਚੰਗੀ ਭਲੀ ਗਈ ਸੀ, ਰਾਹ ਵਿੱਚ ਹੀ ਕਿਧਰੇ ਗੁਆਚ ਗਈ।"

ਵਾਪਸ ਉਸਦੇ ਪਿੰਡ ਪਹੁੰਚੇ ਤਾਂ ਸਾਡੇ ਵਿਚਕਾਰ ਕੋਈ ਗੱਲ ਨਹੀਂ ਹੋ ਰਹੀ ਸੀ। ਸਾਡੇ ਚਿਹਰੇ ਚਿੰਤਾਗ੍ਰਸਤ ਹੋਏ ਪਏ ਸਨ। ਅੱਡੇ ਵਾਲੇ ਠੇਕੇ ਤੋਂ ਫਿਰ ਕੁਛ ਚਿੱਤ ਕਰੜਾ ਕਰਨ ਦੀ ਦਵਾਈ ਲਈ। ਘਰੇ ਪਹੁੰਚਕੇ ਰਾਜ ਨੇ ਮੋਟਰਸਾਈਕਲ ਦਰਵਾਜ਼ੇ ਵਿੱਚ ਖੜ੍ਹਾ ਕਰ ਦਿੱਤਾ। ਪਰ ਅੰਦਰ ਨੂੰ ਜਾਣ ਲਈ ਸਾਡੇ ਪੈਰ ਨਹੀਂ ਹਿੱਲ ਰਹੇ ਸਨ। ਇੰਨੇ ਨੂੰ ਅੰਦਰੋਂ ਹੱਸਣ ਹਸਾਉਣ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਅਸੀਂ ਹੌਲੀ ਹੌਲੀ ਅਗਾਂਹ ਹੋਏ ਤਾਂ ਸਾਡੇ ਧੁਆਂਖੇ ਚਿਹਰੇ ਲੱਟ ਲੱਟ ਬਲ ਉੱਠੇ। ਭਰਜਾਈ ਜਾਣੀ ਕਿ ਰਾਜ ਦੀ ਘਰਵਾਲੀ ਰਸੋਈ ਅੰਦਰ ਘਰਦੀਆਂ ਬੁੜੀਆਂ ਵਿੱਚ ਘਿਰੀ ਬੈਠੀ ਹੱਸ ਹੱਸ ਗੱਲਾਂ ਕਰੀ ਜਾ ਰਹੀ ਸੀ।

"ਮੈਨੂੰ ਕੁਛ ਦੱਸ ਤਾਂ ਦਿੰਦੀ। ਮੈਂ ਸਵੇਰ ਦਾ ਫਾਹੇ ਚੜ੍ਹਿਆ ਪਿਆਂ।" ਰਾਜ ਨੇ ਘਰਵਾਲੀ 'ਤੇ ਗੁੱਸਾ ਕੱਢਿਆ।

"ਦੱਸਦੀ ਕਿਹੜੇ ਵੇਲੇ। ਗੱਡੀ ਤਾਂ ਉਦੋਂ ਹੀ ਤੁਰ ਪਈ ਜਦੋਂ ਤੁਸੀਂ ਫਸਟ ਕਲਾਸ ਦੇ ——" ਅਗਾਂਹ ਉਸ ਤੋਂ ਬੋਲ ਨਾ ਹੋਇਆ ਤਾਂ ਹਾਸਾ ਛੁਪਾਉਂਦੀ ਨੇ ਮੂੰਹ 'ਤੇ ਚੁੰਨੀ ਲੈ ਲਈ।

"ਉੱਥੇ ਉਤਰਕੇ ਉਡੀਕ ਨਹੀਂ ਸੀ ਕਰ ਸਕਦੀ ?"

"ਮੈਂ ਇੰਨੇ ਭਾਰੇ ਅਟੈਚੀਕੇਸ ਚੁੱਕਕੇ ਚੱਲਦੀ ਟਰੇਨ 'ਚੋਂ ਕਿਵੇਂ ਉਤਰਦੀ।"

"ਹੂੰ।" ਰਾਜ ਨੂੰ ਕੋਈ ਗੱਲ ਨਾ ਆਉੜੀ।

"ਨਾ ਆਮ ਡੱਬੇ ਦੇ ਬਾਥਰੂਮ 'ਚ ਤੈਨੂੰ ਟੱਟੀ ਨਹੀਂ ਸੀ ਉੱਤਰਦੀ।" ਇੰਨੇ ਨੂੰ ਬਾਪੂ ਦੇ ਖਰਬੇ ਬੋਲ ਸੁਣੇ ਤਾਂ ਅਸੀਂ ਟਾਲਾ ਵੱਟਦੇ ਪਾਸੇ ਹੋ ਗਏ।

ਖੈਰ ਭਰਜਾਈ ਨੇ ਦੱਸਿਆ ਕਿ ਇੰਨੇ ਸਾਮਾਨ ਨਾਲ ਚਲਦੀ ਗੱਡੀ 'ਚੋਂ ਤਾਂ ਕਿਸੇ ਹਾਲਤ ਉਤਰਿਆ ਨਹੀਂ ਸੀ ਜਾ ਸਕਦਾ। ਫਿਰ ਉਸਨੇ ਸੋਚਿਆ ਕਿ ਹੁਣ ਇਕ ਵਾਰ ਅੱਗਾ ਪਿੱਛਾ ਹੋ ਹੀ ਗਿਆ ਹੈ ਤਾਂ ਉਸਦੇ ਲਈ ਬਹਿਤਰ ਇਹੀ ਐ ਕਿ ਉਹ ਸਿੱਧੀ ਪਿੰਡ ਪਹੁੰਚ ਜਾਵੇ। ਕਿਉਂਕਿ ਆਖਰ ਨੂੰ ਜਾਣਾ ਤਾਂ ਪਿੰਡ ਹੀ ਹੈ ਨਾ। ਜਦੋਂ ਅਸੀਂ ਰਾਜ ਦੇ ਸਹੁਰਿਆਂ ਨੂੰ ਤੁਰੇ ਸੀ ਤਾਂ ਉਸਦੇ ਕੁਛ ਦੇਰ ਬਾਅਦ ਹੀ ਭਰਜਾਈ ਘਰ ਪਹੁੰਚ ਗਈ ਸੀ। ਸਾਰੇ ਪਰਿਵਾਰ ਨੂੰ ਜਿਹੜੀ ਪਰੇਸ਼ਾਨੀ ਨੇ ਘੇਰਿਆ ਹੋਇਆ ਸੀ, ਉਹ ਖਤਮ ਹੋ ਚੁੱਕੀ ਸੀ ਤੇ ਹੁਣ ਇਹ ਗੱਲ ਇੱਕ ਮਖੌਲ ਬਣ ਚੁੱਕੀ ਸੀ। ਸਾਰਾ ਘਰ ਹਾਸਿਆਂ ਨਾਲ ਗੂੰਝ ਰਿਹਾ ਸੀ। ਅਸੀਂ ਦੋਨਾਂ ਨੇ ਦੋ ਦੋ ਹਾੜੇ ਹੋਰ ਲਾਏ ਤੇ ਫਿਰ ਰੋਟੀ ਖਾਕੇ ਵਿਹਲੇ ਹੋ ਗਏ। ਰਾਤ ਨੂੰ ਘਰਦਿਆਂ ਨੇ ਮੇਰੇ ਅਤੇ ਰਾਜ ਲਈ



ਦਰਵਾਜ਼ੇ ਵਿੱਚ ਮੰਜੇ ਡਾਹ ਦਿੱਤੇ। ਅਸੀਂ ਪੈਣ ਲੱਗੇ ਤਾਂ ਰਾਜ ਮੈਨੂੰ ਹੌਲੀ ਜਿਹੇ ਕਹਿਣ ਲੱਗਿਆ ਕਿ ਕਲ੍ਹ ਨੂੰ ਤਾਂ ਮੈਂ ਇਕੱਲੇ ਨੇ ਵਾਪਸ ਮੁੜ ਜਾਣੈ ਤੇ ਤੂੰ ਮੈਨੂੰ ਅੱਜ ਦੀ ਰਾਤ ਤੇਰੀ ਭਰਜਾਈ ਨਾਲ ਗੁਜਾਰ ਲੈਣ ਦਈਂ। ਰਾਜ ਦਾ ਪਰਿਵਾਰ ਇੱਕ ਸੰਯੁਕਤ ਪਰਿਵਾਰ ਸੀ। ਉਸ ਦੀ ਘਰਵਾਲੀ ਨੂੰ ਸਾਰੀਆਂ ਬੁੜੀਆਂ ਕੁੜੀਆਂ ਨੇ ਵੱਡੀ ਸਬਾਤ ਵਿੱਚ ਘੇਰਿਆ ਹੋਇਆ ਸੀ ਤੇ ਗੱਲਾਬਾਤਾਂ ਮਾਰ ਰਹੀਆਂ ਸਨ। ਰਾਜ ਸੈਨਤ ਨਾਲ ਭਰਜਾਈ ਨੂੰ ਇਹ ਗੱਲ ਸਮਝਾ ਆਇਆ ਸੀ ਕਿ ਇਹ ਰਾਤ ਨੂੰ ਆਪਦੇ ਮੰਜੇ ਤੇ ਨਹੀਂ ਹੋਊਗਾ, ਸੋ ਤੂੰ ਵਿਚਦੀ ਟਾਇਮ ਕੱਢਕੇ ਆ ਜਾਵੀਂ। ਭਰਜਾਈ ਨੇ ਪੱਕੀ ਹਾਮੀ ਨਹੀਂ ਭਰੀ ਸੀ। ਸ਼ਾਇਦ ਸਾਰਿਆਂ ਵਿੱਚੋਂ ਉੱਠਕੇ ਆਉਣਾ ਉਸਨੂੰ ਸ਼ਰਮਾਕਲ ਲੱਗਦਾ ਸੀ। ਅੱਜ ਤੋਂ ਤੀਹ ਸਾਲ ਪਹਿਲਾਂ ਇਸ ਤਰ੍ਹਾਂ ਹੀ ਹੁੰਦਾ ਸੀ। ਖੈਰ ਥੋੜ੍ਹੀ ਦੇਰ ਬਾਅਦ ਹੀ ਰਾਜ ਲੱਗ ਪਿਆ ਮੇਰੇ ਹੁਝਾਂ ਮਾਰਨ ਕਿ ਮੈਂ ਉੱਠਕੇ ਤੁਰਦਾ ਬਣਾ। ਮੈਂ ਉੱਥੋਂ ਉਠਿਆ ਤੇ ਰਸੋਈ ਦੇ ਨਾਲ ਲੱਗਦੇ ਕਮਰੇ ਦੀ ਇੱਕ ਖੂੰਝ ਜਿਹੀ ਵਿੱਚ ਟੇਢਾ ਜਿਹਾ ਹੋਕੇ ਬਹਿ ਗਿਆ। ਇੰਨੇ ਨੂੰ ਭਰਜਾਈ ਨੇ ਕਿਵੇਂ ਨਾ ਕਿਵੇਂ ਮੌਕਾ ਕੱਢਿਆ ਤੇ ਦਰਵਾਜ਼ੇ ਵਿੱਚ ਆ ਗਈ। ਉਹ ਅਜੇ ਰਾਜ ਦੇ ਮੰਜੇ ਤੇ ਬਹਿੰਦਿਆਂ ਗੱਲਬਾਤ ਸ਼ੁਰੂ ਕਰਨ ਹੀ ਲੱਗੀ ਸੀ ਕਿ ਪਤਾ ਨਹੀਂ ਕਿਧਰੋਂ ਰਾਜਦੀਪ ਦੀ ਮਾਂ ਮੇਰੇ ਸਿਰ 'ਤੇ ਆ ਖਲੋਤੀ।

"ਵੇ ਪੁੱਤ, ਤੂੰ ਇੰਨੀ ਕਾਹਨੂੰ ਪੀਣੀ ਸੀ। ਤੈਨੂੰ ਤਾਂ ਇੰਨੀ ਵੀ ਸੁਰਤ ਨੀ ਰਹੀ ਕਿ ਪਿਆ ਕਿੱਥੇ ਐਂ।" ਉਸਨੇ ਸਮਝਿਆ ਕਿ ਮੈਂ ਸ਼ਰਾਬੀ ਹਾਲਤ ਵਿੱਚ ਹੀ ਉੱਥੇ ਟੇਢਾ ਹੋਇਆ ਪਿਆ ਸੀ। ਉਸਨੇ ਮੈਨੂੰ ਉਠਾਕੇ ਲਿਜਾਣ ਲਈ ਰਾਜਦੀਪ ਨੂੰ ਆਵਾਜ਼ ਮਾਰੀ ਤੇ ਉਸਦੀ ਆਵਾਜ ਸੁਣਦਿਆਂ ਹੀ ਭਰਜਾਈ ਅੰਦਰ ਸਬਾਤ ਵਿੱਚ ਭੱਜ ਗਈ। ਮੈਂ ਜਾਕੇ ਦਰਵਾਜ਼ੇ ਵਿੱਚ ਰਾਜਦੀਪ ਦੇ ਕੋਲ ਜਾ ਪਿਆ। ਉਹ ਮੈਨੂੰ ਗਾਹਲਾਂ ਕੱਢੇ ਕਿ ਤੂੰ ਥੋੜ੍ਹੀ ਦੇਰ ਆਰਾਮ ਨਾਲ ਨਹੀਂ ਸੀ ਬੈਠ ਸਕਦਾ। ਉਸਤੋਂ ਬਾਅਦ ਨੀਂਦ ਨੇ ਦਬੋਚ ਲਿਆ। ਪਰ ਸ਼ਾਇਦ ਰਾਜ ਦੇ ਨੀਂਦ ਨੇੜੇ ਤੇੜੇ ਵੀ ਨਹੀਂ ਸੀ। ਉਸਨੇ ਜਦੋਂ ਮੈਨੂੰ ਦੁਬਾਰਾ ਡੂੰਘੀ ਨੀਂਦ 'ਚੋਂ ਜਗਾਇਆ ਤਾਂ ਰਾਤ ਦੇ ਕੋਈ ਦੋ ਢਾਈ ਵੱਜੇ ਹੋਣਗੇ। ਉਸਦੀ ਹਦਾਇਤ 'ਤੇ ਮੈਂ ਉਠ ਖੜ੍ਹਾ ਹੋਇਆ। ਮੈਂ ਕਿਸੇ ਅਜਿਹੀ ਥਾਂ ਵੱਲ ਨਿਗਾਹ ਮਾਰੀ ਜਿੱਧਰ ਕਿਸੇ ਦੀ ਨਜ਼ਰ ਨਾ ਜਾ ਸਕੇ। ਅਜਿਹੀ ਜਗਾ ਮੈਨੂੰ ਪਸ਼ੂਆਂ ਦੀ ਖੁਰਲੀ ਲੱਗੀ। ਮੈਂ ਔਖਾ ਸੌਖਾ ਜਿਹਾ ਹੁੰਦਾ ਜਾਕੇ ਖੁਰਲੀ ਵਿੱਚ ਲੰਬਾ ਪੈ ਗਿਆ। ਉੱਧਰ ਭਰਜਾਈ ਦਰਵਾਜ਼ੇ ਵਿੱਚ ਰਾਜ ਕੋਲ ਪਹੁੰਚ ਗਈ। ਉਹਨਾਂ ਦੀ ਹੌਲੀ ਹੌਲੀ ਗੱਲਾਂ ਕਰਨ ਦੀ ਆਵਾਜ਼ ਮੇਰੇ ਤੱਕ ਪਹੁੰਚ ਰਹੀ ਸੀ। ਪੰਜ ਸੱਤ ਮਿੰਟ ਹੀ ਬੀਤੇ ਹੋਣਗੇ ਕਿ ਬੀਹੀ ਵਿੱਚ ਦਰਵਾਜ਼ੇ ਦੇ ਬਾਰ ਮੂਹਰੇ ਲਾਈਟਾਂ ਦਾ ਇੱਕਦਮ ਹੜ ਆ ਗਿਆ। ਦੋ ਤਿੰਨ ਟਰੈਕਟਰ ਇਕੱਠੇ ਬਾਹਰ ਦਰਵਾਜ਼ੇ ਵੱਲ ਨੂੰ ਮੂੰਹ ਕਰੀ ਖੜੇ ਸਨ। ਵਿਰਲਾਂ ਵਿੱਚ ਦੀ ਅੰਦਰ ਲਾਈਟਾਂ ਪਹੁੰਚੀਆਂ ਤਾਂ ਦਰਵਾਜ਼ੇ ਵਿੱਚ ਜਾਣੋ ਦਿਨ ਚੜ ਗਿਆ। ਭਰਜਾਈ ਫਿਰ ਉੱਠੀ ਤੇ ਅੰਦਰ ਨੂੰ ਭੱਜ ਗਈ। ਰਾਜ ਨੇ ਬੁੜ ਬੁੜ ਕਰਦੇ ਨੇ ਦਰਵਾਜ਼ੇ ਦਾ ਬਾਰ ਖੋਹਲ ਦਿੱਤਾ ਤਾਂ ਬਾਹਰੋਂ ਅਣਗਿਣਤ ਬੰਦੇ ਅੰਦਰ ਆਉਣ ਲੱਗੇ। ਨਾਲ ਹੀ ਸਾਰੇ ਉੱਚੀ ਉੱਚੀ ਬੋਲ ਰਹੇ ਸਨ।

"ਇਉਂ ਕੁੜੀ ਨੂੰ ਗੁੰਮ ਕਰ ਦੇਣਗੇ, ਕਿਉਂ ਕੋਈ ਖੇਡ ਐ।" ਇਕੱਠ 'ਚੋਂ ਕਿਸੇ ਦੀ ਗੱਲ ਮੇਰੇ ਤੱਕ ਪਹੁੰਚੀ। ਇਹ ਰਾਜਦੀਪ ਦੇ ਸਹੁਰੇ ਪਰਿਵਾਰ ਵਾਲੇ ਸਨ। ਜਿਹੜੇ ਕਿ ਆਪਣੇ ਲਾਣੇ ਦੇ ਸਾਰੇ ਬੰਦੇ ਤਿੰਨ ਟਰੈਕਟਰਾਂ 'ਤੇ ਚੜ੍ਹਕੇ ਗੁਆਚੀ ਕੁੜੀ ਦਾ ਪਤਾ ਕਰਨ ਪਹੁੰਚੇ ਸਨ।

"ਕਿਉਂ ਬਾਈ ਕਾਕਾ, ਕਿੱਥੇ ਐ ਲੜਕੀ ?" ਸਭ ਤੋਂ ਮੂਹਰੇ ਰਾਜ ਦਾ ਸਹੁਰਾ ਸੀ ਜੋ

**ਬਾਕੀ ਸਫ਼ਾ 31 'ਤੇ**

# ਓ ਦੂਰ ਜਾਨੇ ਵਾਲੇ, ਵਾਅਦਾ ਨਾ ਭੂਲ ਜਾਨਾ/ਅਮਰ ਸੂਫੀ

ਬਾਪੂ ਜੀ ਤੇ ਬੀਬੀ ਜੀ ਨੂੰ ਮੇਰੇ ਚਚੇਰੇ ਭਰਾ ਪੂਰਨ ਦਾ ਸੰਸਕਾਰ ਕਰਾਉਣ ਲਈ ਨਹਿਰੋਂ ਪਾਰਲੇ ਪਿੰਡ ਜਾਣਾ ਪੈ ਗਿਆ ਸੀ। ਉਹ ਮੈਨੂੰ ਵਿਹੜੇ ਵਿੱਚ ਪਏ ਕਣਕ ਦੇ ਢੇਰ ਦੀ ਰਾਖੀ ਕਰਨ ਅਤੇ ਘਰ ਰਹਿਣ ਲਈ ਸੋਘੀ ਕਰ ਕੇ ਗਏ ਸਨ।

ਵੱਡੇ ਸਾਰੇ ਘਰ 'ਚ ਇਕੱਲਾ ਹੋਣ ਕਰਕੇ ਉੱਚੜਪੈੜੀ ਜਿਹੀ ਲੱਗੀ ਹੋਈ ਸੀ। ਮਨ ਕੋਈ ਸਾਹਿਤਕ ਕਿਤਾਬ ਪੜ੍ਹਨ ਨੂੰ ਕਰ ਰਿਹਾ ਸੀ। ਘਰ ਪਈਆਂ ਫ਼ਿਰੋਜ਼ਦੀਨ ਸ਼ਰਫ਼ ਦੀ 'ਸੁਨਿਹਰੀ ਕਲੀਆਂ' ਅਤੇ ਪ੍ਰੋ. ਮੋਹਨ ਸਿੰਘ ਦੀ 'ਸਾਵੇ ਪੱਤਰ' ਪਹਿਲਾਂ ਪੜ੍ਹੀਆਂ ਹੋਈਆਂ ਕਿਤਾਬਾਂ ਸਨ।

ਸੁਫ਼ੇ ਅੰਦਰ ਗਿਆ। ਲਟੈਣ ਉੱਤੇ ਧੁਆਂਖੇ ਜਿਹੇ ਕੱਪੜੇ ਵਿੱਚ ਬੱਧਾ ਹੋਇਆ ਕਿਤਾਬ ਵਰਗਾ ਕੁਝ ਵਿਖਾਈ ਦਿੱਤਾ। ਪੜ੍ਹਨ 'ਚ ਮੁੱਢੋਂ ਰੁਚੀ ਹੋਣ ਕਰਕੇ, —'ਅੰਨਾ ਕੀ ਭਾਲੇ, ਦੋ ਅੱਖਾਂ' ਵਾਲੀ ਗੱਲ ਹੋ ਗਈ ਸੀ। ਮੇਜ਼ ਰੱਖਕੇ ਹੱਥ ਨਾ ਅਪੜਿਆ ਤਾਂ ਪੌੜੀ ਚੁੱਕ ਲਿਆਂਦੀ ਅਤੇ ਲਟੈਣ ਨੂੰ ਲਾ ਕੇ ਉਹ ਕਿਤਾਬ ਲਾਹ ਲਈ ਸੀ।

ਵੱਡੇ ਸਾਰੇ ਆਕਾਰ ਦੀ ਕਿਤਾਬ ਉੱਤੇ ਵਲ੍ਹੇਟਿਆ ਹੋਇਆ ਮੈਲਾ ਜਿਹਾ ਨਿੱਕੇ ਨਿੱਕੇ ਲਾਲ-ਨੀਲੇ ਫੁੱਲਾਂ ਵਾਲਾ ਰੇਸ਼ਮੀ ਰੁਮਾਲ ਧੂੜ ਨਾਲ ਅਟਿਆ ਪਿਆ ਸੀ। ਧੂੜ ਝਾੜ ਕੇ ਰੁਮਾਲ ਖੋਲ੍ਹਿਆ ਤਾਂ ਮੋਟੇ ਮੋਟੇ ਅੱਖਰਾਂ 'ਚ ਛਪੀ ਹੋਈ ਭੁਰੂੰ ਭੁਰੂੰ ਕਰਦੇ ਮਿੱਟੀ ਰੰਗੇ ਵਰਕਿਆਂ ਵਾਲੀ ਇਹ ਮੋਟੀ ਸਾਰੀ ਕਿਤਾਬ ਵਾਰਸ ਸ਼ਾਹ ਦੀ 'ਹੀਰ' ਨਿਕਲੀ। ਪੱਟਾਂ 'ਚ ਰੱਖ ਕੇ ਵਾਕ ਲੈਣ ਵਾਂਙ ਹੀਰ ਖੋਲ੍ਹੀ ਤਾਂ ਬਹੁਤ ਪੁਰਾਣੇ ਤਿੰਨ ਪੱਤਰ ਵਿੱਚ ਪਏ ਹੋਏ ਮਿਲੇ। ਇਹ ਪੱਤਰ ਭਾਰਤੀ ਅੰਤਰਦੇਸ਼ੀ ਪੱਤਰਾਂ ਵਰਗੇ ਸਨ ਪਰ ਉਨ੍ਹਾਂ ਉਪਰ ਛਪੇ ਚੰਦ-ਤਾਰੇ ਦੀ ਤਸਵੀਰ ਅਤੇ ਉਰਦੂ ਲਿੱਪੀ ਨੇ ਸ਼ੰਕਾ ਨਹੀਂ ਸੀ ਰਹਿਣ ਦਿੱਤਾ ਕਿ ਇਹ ਪੱਤਰ ਪਾਕਿਸਤਾਨੋਂ ਆਏ ਹੋਏ ਸਨ। ਮੈਨੂੰ ਉਰਦੂ ਨਹੀਂ ਆਉਂਦੀ ਸੀ, ਬਾਪੂ ਜੀ ਦਾ ਅੰਗਰੇਜ਼ੀ ਵਿੱਚ ਲਿਖਿਆ ਹੋਇਆ ਪਤਾ ਅਤੇ 1948-49 ਦੀਆਂ ਤਾਰੀਖਾਂ ਹੀ ਪੜ੍ਹ ਸਕਿਆ ਸਾਂ। ਮਹੀਨਿਆਂ ਦੇ ਨਾਂ ਵੀ ਉਰਦੂ 'ਚ ਹੀ ਲਿਖੇ ਹੋਏ ਸਨ।

'ਹੀਰ' ਦੀਆਂ ਕੁਝ ਕੁਝ ਸਤਰਾਂ ਪੜ੍ਹ ਕੇ ਵਰਕੇ ਉਲੱਦਦਾ ਜਾ ਰਿਹਾ ਸਾਂ। ਕਿਤਾਬ ਦੇ ਪਿਛਲੇ ਪਾਸੇ ਜਿਲਦ ਦੇ ਅੰਦਰਵਾਰ ਮੋਟੇ ਕਾਗਜ਼ ਦਾ ਬਣਿਆ ਹੋਇਆ ਖ਼ਾਕੀ ਰੰਗ ਦਾ ਇੱਕ ਲਿਫ਼ਾਫ਼ਾ ਪਿਆ ਹੋਇਆ ਸੀ। ਖੋਲ੍ਹ ਕੇ ਵੇਖਿਆ ਤਾਂ ਵਿਚੋਂ ਇਕ ਤਸਵੀਰ ਨਿਕਲੀ। ਪੋਸਟ ਕਾਰਡ ਜਿੱਡੇ ਮੋਟੇ ਸਾਰੇ ਦਾਣੇਦਾਰ ਗੱਤਾ ਨੁਮਾ ਕਾਗਜ਼ ਉੱਤੇ ਮੋਟੀਆਂ ਅੱਖਾਂ, ਚੌੜਾ ਮੱਥਾ, ਤਿੱਖਾ ਨੱਕ, ਖੱਬੀ ਗੱਲ ਉੱਤੇ ਮੋਟੇ ਸਾਰੇ ਤਿਲ ਦਾ ਨਿਸ਼ਾਨ, ਲੰਬੀ ਧੌਣ, ਖੱਬੇ ਮੋਢੇ ਉੱਤੋਂ ਦੀ ਅੱਗੇ ਸੁੱਟੀ ਤਿੱਲੜੀ ਗੁੰਦਵੀਂ ਮੋਟੀ ਗੁੱਤ ਅਤੇ ਚੰਗੀ ਉਭਰੀ ਹੋਈ ਛਾਤੀ ਵਾਲੀ ਭਰ ਜੋਬਨ ਮੁਟਿਆਰ ਦੀ 'ਸਾਈਡ ਪੋਜ਼' ਤੋਂ ਖਿੱਚੀ ਹੋਈ ਬੜੀ ਖੂਬਸੂਰਤ ਤਸਵੀਰ ਸੀ। ਵਾਹਵਾ ਦੇਰ ਮੈਂ ਉਸ ਵੱਲ ਵਿਹੰਦਾ ਹੀ ਰਿਹਾ। ਉਸਦੇ ਨੈਣ-ਨਕਸ਼ਾਂ ਤੋਂ ਭਾਸਦਾ ਸੀ ਕਿ ਉਹ ਸੁੰਦਰ ਹੋਣ ਦੇ ਨਾਲ-ਨਾਲ ਸੁਡੌਲ ਜੁੱਸੇ ਵਾਲੀ ਲੰਬੀ-ਲੰਝੀ ਧੜੱਲੇਦਾਰ ਕੁੜੀ ਹੋਵੇਗੀ। ਬੇਸ਼ੱਕ ਵਕਤ ਨੇ ਕਾਗਜ਼ ਉੱਤੇ ਆਪਣਾ ਰੰਗ ਵਿਖਾਇਆ ਹੋਇਆ ਸੀ ਪਰ ਤਸਵੀਰ ਉੱਤੇ ਇਸ ਦਾ ਕੋਈ ਅਸਰ ਹੋਇਆ ਨਹੀਂ ਸੀ ਜਾਪਦਾ। ਤਸਵੀਰ ਵਿਚਲੀ ਕਾਟਵੀਂ ਮੁਸਕਰਾਹਟ ਤੋਂ ਇਸ ਤਰ੍ਹਾਂ ਭਾਸ ਰਿਹਾ ਸੀ ਕਿ ਉਹ ਹੁਣੇ ਹੀ ਬੋਲ ਪਵੇਗੀ। ਤਸਵੀਰ ਦੇ ਪਿਛਲੇ ਪਾਸੇ ਕਾਲੀ ਸਿਆਹੀ ਨਾਲ ਉਰਦੂ 'ਚ ਕੁਝ ਲਿਖਿਆ ਹੋਇਆ ਸੀ ਅਤੇ ਨੀਲੀ ਸਿਆਹੀ ਨਾਲ ਅੰਗਰੇਜ਼ੀ 'ਚ ਗੋਲ ਮੋਹਰ ਲੱਗੀ ਹੋਈ ਸੀ – ਕਬੀਰ ਸਟੂਡੀਓ, ਲਾਹੌਰ ਮਿਤੀ 22.11.1942 ਲਿਖੀ ਹੋਈ ਸੀ। ਇਹ ਤਸਵੀਰ ਬੱਤੀ ਵਰ੍ਹੇ ਪਹਿਲਾਂ ਦੀ ਖਿੱਚੀ ਹੋਈ ਸੀ।

ਮੈਂ ਸੋਚੀਂ ਪੈ ਗਿਆ।



ਬਾਪੂ ਜੀ ਦਾ ਜਨਮ ਉੱਨੀ ਸੌ ਬਾਈ ਦਾ ਸੀ। ਗੱਲੀਂ-ਬਾਤੀਂ ਦੱਸਦੇ ਹੁੰਦੇ ਕਿ ਉਹ ਲਾਹੌਰ ਪੜ੍ਹਦੇ ਰਹੇ ਸਨ। ਸੰਨ ਬਿਆਲੀ 'ਚ ਉਹ ਵੀਹ ਵਰ੍ਹਿਆਂ ਦੇ ਹੋਣਗੇ। ਇਹ ਕੁੜੀ ਇਨ੍ਹਾਂ ਨਾਲ ਪੜ੍ਹਦੀ ਰਹੀ ਹੋਵੇਗੀ। ਚੜ੍ਹਦੀ ਜਵਾਨੀ ਦੀ ਉਮਰ ਵਾਲੀ ਸਮਝ ਨਾਲ ਮੈਂ ਹੋਰ ਵੀ ਕਈ ਕੁਝ ਚਿਤਵ ਗਿਆ ਸਾਂ। ਮਨ ਵਿੱਚ ਇਕ ਨਵੀਂ ਕਿਸਮ ਦੀ ਖੁਦਖੁਦੀ ਨੇ ਜਨਮ ਲੈ ਲਿਆ ਹੋਇਆ ਸੀ। ਪਤਾ ਲਾਉਣਾ ਚਾਹੁੰਦਾ ਸਾਂ ਕਿ ਤਸਵੀਰ ਦੇ ਪਿਛੇ ਉਰਦੂ ਵਿੱਚ ਕੀ ਲਿਖਿਆ ਹੋਇਆ ਹੈ। ਮੈਨੂੰ ਪਤਾ ਸੀ ਕਿ ਹੱਟੀ ਵਾਲੇ ਤਾਏ ਭਾਗ ਮੱਲ ਨੂੰ ਉਰਦੂ ਆਉਂਦੀ ਸੀ ਕਿਉਂਕਿ ਉਧਾਰ ਗਿਆ ਹੋਇਆ ਸੌਦਾ ਉਹ ਆਪਣੀ ਵਹੀ ਵਿੱਚ ਇਸ ਲਿੱਪੀ 'ਚ ਹੀ ਲਿਖਦਾ ਹੁੰਦਾ ਸੀ।

ਬਾਪੂ ਜੀ ਦਾ ਉਸ ਕੋਲ ਆਮ ਬਹਿਣ-ਉੱਠਣ ਸੀ। ਤਸਵੀਰ ਲੈ ਕੇ ਜਾਂਦਾ ਸਾਂ ਤਾਂ ਉਸ ਨੇ ਸਾਰੀ ਗੱਲਬਾਤ ਉਨ੍ਹਾਂ ਨੂੰ ਦੱਸ ਦੇਣੀ ਸੀ। ਮੈਂ ਕਾਫ਼ੀ ਉਲਝਣ 'ਚੋਂ ਲੰਘ ਰਿਹਾ ਸਾਂ। ਅਖੀਰ ਇਸ ਸਿੱਟੇ 'ਤੇ ਪੁੱਜਾ ਕਿ ਉਰਦੂ ਅੱਖਰਾਂ ਨੂੰ ਵੇਖ-ਵੇਖ ਕੇ ਉਤਾਰਾ ਲਾ ਲਿਆ ਜਾਏ। ਕਾਫ਼ੀ ਮਿਹਨਤ ਕਰਨ ਤੋਂ ਬਾਅਦ ਮੈਂ ਪੱਥਰ ਦੀ ਸਲੇਟ ਉੱਤੇ ਸਲੇਟੀ ਨਾਲ ਉਹ ਲਿਖਤ ਉਤਾਰ ਲਈ ਅਤੇ ਤਾਏ ਭਾਗ ਕੋਲ ਪੜ੍ਹਾਉਣ ਲਈ ਲੈ ਗਿਆ। ਸਲੇਟ ਫੜ ਕੇ ਉਹ ਪੁੱਛਣ ਲੱਗਿਆ ਕਿ ਇਹ ਕਿਥੋਂ ਲਿਖ ਕੇ ਲਿਆਇਆ ਹੈਂ ? ਮੈਨੂੰ ਕੋਈ ਜੁਆਬ ਨਹੀਂ ਸੀ ਅਹੁੜ ਰਿਹਾ, ਪਰ ਛੇਤੀ ਹੀ ਸੰਭਲ ਕੇ ਮੈਂ ਬੋਲਿਆ, "ਬਾਪੂ ਜੀ ਤੋਂ ਉਰਦੂ ਸਿੱਖਦਾ ਹਾਂ, ਕਿਸੇ ਕਿਤਾਬ ਤੋਂ ਵੇਖ ਕੇ ਲਿਖਿਆ ਹੈ।"

ਥੋੜ੍ਹਾ ਜਿਹਾ ਰੁਕ, ਮੇਰੇ ਵੱਲ ਤੱਕ ਕੇ ਉਹ ਬੋਲਿਆ, "ਬੇਪਨਾਹ ਮੁਹੱਬਤ ਸੇ ਆਪਣੇ ਮਹਿਬੂਬ ਹਰਬੰਸ ਕੋ, ਸੁਰੱਈਆ, ਲਾਹੌਰ।"......ਅਤੇ ਨਾਲ ਹੀ ਮਿਤੀ ਬੋਲ ਕੇ, ਸਲੇਟ ਮੇਰੇ ਵੱਲ ਕਰਦਿਆਂ ਉਹ ਮੁਸਕਰਾ ਪਿਆ ਸੀ।

ਘਰ ਆ ਕੇ ਬਹੁਤ ਸਾਰੀ ਦੇਰ ਮੈਂ ਉਸ ਤਸਵੀਰ ਨੂੰ ਵੇਖਦਾ ਰਿਹਾ ਸਾਂ। ਤਸਵੀਰ ਵਿਚਲੀ 'ਕੁੜੀ' ਬਾਰੇ ਸੋਚਦਾ ਰਿਹਾ ਸਾਂ।

ਸੋਚਦਿਆਂ, ਬੀਤੇ 'ਚ ਵਾਪਰਿਆ ਯਾਦ ਆਉਣ ਲੱਗਿਆ।

ਕੰਵਰ ਮਹਿੰਦਰ ਸਿੰਘ ਬੇਦੀ-ਜੋ ਉਰਦੂ ਦਾ ਬਹੁਤ ਹੀ ਉੱਚ-ਪਾਏ ਦਾ ਸ਼ਾਇਰ ਸੀ ਅਤੇ ਲੇਖਕ ਤੇ ਫਿਲਮਕਾਰ ਰਾਜਿੰਦਰ ਸਿੰਘ ਬੇਦੀ ਦਾ ਸਕਾ ਭਰਾ-ਗੁੜਗਾਓਂ ਡੀ. ਸੀ. ਲੱਗਿਆ ਹੁੰਦਾ ਸੀ। ਉਹ ਬਾਪੂ ਜੀ ਦਾ ਲਾਹੌਰ ਦਾ ਜਮਾਤੀ ਸੀ। ਜਿਗਰੀ ਯਾਰ ਅਤੇ ਸ਼ਿਕਾਰ ਦਾ ਸ਼ੁਕੀਨ। ਤਿੰਨ-ਚਾਰ ਕੁ ਵਰ੍ਹੇ ਪਹਿਲਾਂ ਉਹ ਸਾਡੇ ਪਿੰਡ ਦੇ ਸੱਜੇ ਖੱਬੇ ਲੰਘਦੀਆਂ ਨਹਿਰਾਂ 'ਤੇ ਤਿੱਤਰਾਂ ਦਾ ਸ਼ਿਕਾਰ ਖੇਡਣ ਆਇਆ ਆਪਣੇ ਤਿੰਨ ਹੋਰ ਹਰਿਆਣਵੀ ਸ਼ਿਕਾਰੀ ਮਿੱਤਰਾਂ ਨਾਲ ਸਾਡੇ ਘਰ ਰਾਤ ਠਹਿਰਿਆ ਹੋਇਆ ਸੀ। ਰਾਤ ਨੂੰ ਕੋਠਿਆਂ ਦੀ ਲੰਬੀ ਛੱਤ ਉੱਤੇ ਮੰਜੇ ਡਾਹੇ ਹੋਏ ਸਨ। ਰੋਟੀ ਖਾਣ ਤੋਂ ਬਾਅਦ, ਦੁੱਧ ਪੀਂਦਿਆਂ, ਚੰਦ-ਚਾਨਣੀ ਰਾਤ ਵਿੱਚ ਬਾਪੂ ਜੀ ਤੇ ਬੇਦੀ ਹੁਰੀਂ ਬੀਤੇ ਨੂੰ ਯਾਦ ਕਰ ਕਰ ਹੱਸ ਰਹੇ ਸਨ। ਟਿਕੀ ਰਾਤ ਵਿਚ ਉਨ੍ਹਾਂ ਦਾ ਹਾਸਾ-ਠੱਠਾ ਵਾਹਵਾ ਦੂਰ ਤੱਕ ਸੁਣਾਈ ਦਿੰਦਾ ਸੀ। ਮੈਂ ਉਨ੍ਹਾਂ ਦੀ ਟਹਿਲ-ਸੇਵਾ ਕਰ ਰਿਹਾ ਸਾਂ। ਸੋਟੀਆਂ 'ਤੇ ਵਲ੍ਹੇਟੀਆਂ ਹੋਈਆਂ ਮੱਛਰਦਾਨੀਆਂ ਲੈ ਕੇ ਪੌੜੀ ਚੜ੍ਹਦਿਆਂ ਮੈਨੂੰ ਬੇਦੀ ਸਾਹਬ ਦੀ ਆਵਾਜ਼ ਸੁਣੀ, "ਸੁਣਾਅ ਭਾਊ ! ਕਦੇ ਗਿਆਂ ਨਹੀਂ ਲ੍ਹੌਰ ? ਤੇਰੀ ਸੁਰੱਈਆ ਦਾ ਕੀ ਹਾਲ ਹੈ ? ਮਿਲੀ ਊ ਕਦੀ ਕਿ ਮਰ ਮੁੱਕ ਈ ਗਈ ਊ ?"

ਮੈਨੂੰ ਉਤਾਂਹ ਆਇਆ ਵੇਖ ਕੇ ਸਾਰੇ ਜਣੇ ਚੁੱਪ ਕਰ ਗਏ ਸਨ। ਮੈਂ ਉਦੋਂ ਸੱਤਵੀਂ ਅੱਠਵੀਂ 'ਚ ਹੋਵਾਂਗਾ। ਸੂਝ ਕੱਚੀ ਹੋਣ ਕਰ ਕੇ ਮੇਰੇ ਲਈ ਉਦੋਂ ਇਹ ਗੱਲਾਂ ਕੋਈ ਅਰਥ ਨਹੀਂ ਰੱਖਦੀਆਂ ਸਨ ਭਾਵੇਂ ਕਿ ਮੈਨੂੰ ਮਹਿਸੂਸ ਹੋਇਆ ਸੀ ਕਿ ਇਹ ਗੱਲ ਕੰਵਰ ਨੇ ਬਾਪੂ ਜੀ ਨੂੰ ਹੀ ਕਹੀ ਹੈ। ਉਂਝ ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਉਦੋਂ ਉਨ੍ਹਾਂ ਮੇਰੇ ਵੱਲ ਵੇਖ ਕੇ ਮੂੰਹ ਭੁੰਆ ਲਿਆ ਸੀ।

...ਤੇ ਇਸੇ ਤਰ੍ਹਾਂ ਸਾਲ ਕੁ ਪਹਿਲਾਂ ਸ਼ਰਾਬੀ ਹੋਏ ਚਾਚੇ ਪ੍ਰਕਾਸ਼ ਨੇ ਬਾਪੂ ਜੀ ਨੂੰ ਮਿਹਣਾ ਮਾਰਿਆ ਸੀ, "ਮੈਂ ਜਾਣਦਾਂ ਤੈਨੂੰ ਵੱਡੇ ਨਵਾਬ ਨੂੰ। ਦੁਨੀਆਂ ਦੀ ਮੁਸਲੀ ਪਿੱਛੇ ਬਾਡਰ ਟੱਪ-ਟੱਪ ਕੇ ਜਾਨੈਂ। ਭਾਵੇਂ ਪਾਰ ਲੰਘਣ ਲੱਗਿਆਂ ਕੋਈ ਗੋਲੀ ਮਾਰ ਕੇ ਮਾਰ ਦੇਵੇ। ਪਿੱਛੋਂ ਇਹਨਾਂ ਜੁਆਕਾਂ ਦਾ ਕੀ ਬਣੂੰ ?" ਹਿੰਦ-ਪਾਕਿ ਵੰਡ ਹੋਈ ਨੂੰ ਉਹਨਾਂ ਦਿਨਾਂ 'ਚ ਚੌਵੀ-ਪੰਝੀ ਵਰ੍ਹੇ ਹੋ ਚੁੱਕੇ ਸਨ।

ਯਾਦ ਆ ਰਿਹਾ ਸੀ ਕਿ ਬਾਪੂ ਜੀ 'ਵਲਟੋਹੇ ਚੱਲਿਆਂ' ਕਹਿ ਕੇ ਕਈ ਕਈ ਦਿਨ ਘਰ ਨਹੀਂ ਸੀ ਮੁੜਦੇ ਹੁੰਦੇ ਅਤੇ ਮਾਂ ਘਰ 'ਚ ਪਈਆਂ ਗੁਰੂਆਂ ਦੀਆਂ ਤਸਵੀਰਾਂ ਅੱਗੇ ਜੋਤ ਜਗਾਅ, 'ਸੱਚੇ ਪਾਤਸ਼ਾਹ ! ਸੁੱਖ ਰੱਖੀਂ' ਕਹਿ ਕੇ ਅਰਦਾਸਾਂ ਕਰਦੀ ਰਹਿੰਦੀ ਸੀ। ਖੇਮਕਰਨ ਲਾਗੇ ਹਿੰਦ-ਪਾਕਿ ਸਰਹੱਦ 'ਤੇ ਵੱਸਿਆ ਪਿੰਡ ਵਲਟੋਹਾ ਸਾਡੇ ਪੁਰਖਿਆਂ ਦਾ ਪਿੰਡ ਹੈ। ਉਹਨੀਂ ਦਿਨੀਂ ਸਰਹੱਦ 'ਤੇ ਤਾਰ ਵੀ ਨਹੀਂ ਸੀ ਲੱਗੀ ਹੁੰਦੀ। ਲੁਕ-ਛਿਪ ਕੇ ਪਾਰ ਲੰਘ ਜਾਣਾ ਉਹਨਾਂ ਦਿਨਾਂ 'ਚ ਬਹੁਤ ਔਖਾ ਕੰਮ ਨਹੀਂ ਹੁੰਦਾ ਹੋਵੇਗਾ। ਤਾਂਹੀਓਂ ਤਾਂ ਉਹ ਸੌਖੇ ਹੀ ਜਾ ਆ ਸਕਦੇ ਹੋਣਗੇ।

ਆਪਣੇ ਹੱਥਾਂ 'ਚ ਤਸਵੀਰ ਫੜੀ ਬੈਠਾ, ਮੈਂ ਇਨ੍ਹਾਂ ਗੱਲਾਂ ਨੂੰ ਤਸਵੀਰ ਵਿਚਲੀ ਕੁੜੀ ਨਾਲ ਮੇਲ ਕੇ ਵੇਖ ਰਿਹਾ ਸਾਂ-'ਇਹ ਕੁੜੀ ਬਾਪੂ ਜੀ ਨਾਲ ਪੜ੍ਹਦੀ ਰਹੀ ਹੋਵੇਗੀ। ਉਹਨਾਂ ਨੂੰ ਮੁਹੱਬਤ ਕਰਦੀ ਹੋਵੇਗੀ, ਨਹੀਂ ਤਾਂ ਆਪਣੀ ਤਸਵੀਰ 'ਤੇ ਇਹੋ ਜਿਹੇ ਮੋਹ ਭਰੇ ਸ਼ਬਦ ਲਿਖ ਕੇ ਕਦੋਂ ਕੋਈ ਕਿਸੇ ਨੂੰ ਦਿੰਦਾ ਹੈ ? ਪਤਾ ਨਹੀਂ ਹੁਣ ਜਿਉਂਦੀ ਹੋਵੇਗੀ ਕਿ ਨਹੀਂ ?' ਵਾਰ ਵਾਰ ਮੇਰਾ ਧਿਆਨ ਤਾਏ ਭਾਗ ਵੱਲੋਂ ਬੋਲੇ ਹੋਏ ਸ਼ਬਦਾਂ ਵੱਲ ਜਾ ਰਿਹਾ ਸੀ। ਮੈਂ ਇਹਨਾਂ ਸ਼ਬਦਾਂ ਨੂੰ ਪੰਜਾਬੀ 'ਚ ਲਿਖ ਲਿਆ ਸੀ। ਸਲੇਟ ਵੱਲ ਵੇਖ, ਮੈਂ ਕਈ ਵਾਰ ਇਹ ਸ਼ਬਦ ਆਪ-ਮੁਹਾਰੇ ਹੀ ਦੁਹਰਾਅ ਗਿਆ ਸਾਂ।

ਯਾਦ ਆਈ ਇੱਕ ਹੋਰ ਗੱਲ ਨੇ ਇਸ ਸ਼ੱਕ ਨੂੰ ਪੱਕ ਵਿੱਚ ਬਦਲ ਦਿੱਤਾ ਸੀ।

ਬਾਪੂ ਜੀ ਆਪਣੇ 'ਮਰਫ਼ੀ' ਰੇਡੀਓ ਨੂੰ ਬਹੁਤ ਸੰਭਾਲ-ਸੰਭਾਲ ਕੇ ਰੱਖਦੇ ਸਨ। ਰੇਡੀਓ ਨੂੰ ਹੱਥ ਲਾਉਣ ਦੀ ਸਾਨੂੰ ਆਗਿਆ ਨਹੀਂ ਸੀ। ਉਹ ਦੱਸਦੇ ਹੁੰਦੇ ਹਨ ਕਿ ਇਹ ਰੇਡੀਓ ਉਹਨਾਂ ਨੇ ਪੰਜ ਸੌ ਅੱਸੀ ਰੁਪਏ ਦਾ ਉਦੋਂ ਖਰੀਦਿਆ ਸੀ ਜਦੋਂ ਇਕ ਕਿੱਲਾ ਜ਼ਮੀਨ ਦਾ ਮੁੱਲ ਤਿੰਨ ਸੌ ਰੁਪਏ ਹੁੰਦਾ ਸੀ। ਉਦੋਂ ਸਾਰੇ ਪਿੰਡ ਵਿੱਚ ਇੱਕੋ-ਇਕ ਰੇਡੀਓ ਹੁੰਦਾ ਸੀ। ਉਹ ਸ਼ਾਮ ਵੇਲੇ ਰੇਡੀਓ ਅਤੇ 'ਬਿੱਲੀ' ਵਾਲੀ ਬੈਟਰੀ ਨੂੰ ਮੇਜ਼ 'ਤੇ ਰੱਖ ਕੇ ਅਤੇ ਕੋਠੇ ਦੇ ਬਨੇਰੇ 'ਤੇ ਗੱਡੀ ਵੰਝੀ ਨਾਲ ਬੱਧੀ ਤਾਰ ਨਾਲ 'ਏਰੀਅਲ' ਜੋੜ ਕੇ ਬਹੁਤ ਚਾਅ ਨਾਲ ਸੁਣਦੇ ਹੁੰਦੇ ਸਨ। ਮੈਂ ਆਪ ਵੇਖਿਆ ਸੀ ਕਿ ਜਦੋਂ ਕਦੇ ਫ਼ਿਲਮੀ ਗਾਇਕਾ ਸੁਰੱਈਆ ਦਾ ਗਾਇਆ ਹੋਇਆ ਕੋਈ ਗਾਣਾ-ਖਾਸ ਤੌਰ 'ਤੇ-'ਓ ਦੂਰ ਜਾਨੇ ਵਾਲੇ, ਵਾਅਦਾ ਨਾ ਭੂਲ ਜਾਨਾ'-ਰੇਡੀਓ 'ਤੇ ਚੱਲ ਰਿਹਾ ਹੁੰਦਾ ਤਾਂ ਉਹ ਨਾਲ-ਨਾਲ ਗਾਉਂਦੇ ਹੋਏ ਚੁਟਕੀਆਂ ਵਜਾਉਣ ਲੱਗ ਪੈਂਦੇ ਸਨ ਅਤੇ ਉਨ੍ਹਾਂ ਦੇ ਚਿਹਰੇ 'ਤੇ ਅਜੀਬ ਕਿਸਮ ਦੀ ਰੌਣਕ ਆ ਜਾਂਦੀ ਸੀ। ਸੁਰੱਈਆ ਨਾਂ ਨਾਲ ਉਹਨਾਂ ਨੂੰ ਕਿੰਨਾ ਲਗਾਅ ਸੀ.......?

ਬਾਪੂ ਜੀ ਹੁਰਾਂ ਦੇ ਮੁੜ ਆਉਣ ਤੋਂ ਪਹਿਲਾਂ ਹੀ ਮੈਂ ਤਸਵੀਰ ਅਤੇ ਪੱਤਰਾਂ ਨੂੰ ਉਸੇ ਤਰ੍ਹਾਂ ਹੀ 'ਹੀਰ' ਵਿਚ ਉਸੇ ਥਾਂ 'ਤੇ ਰੱਖ ਦਿੱਤਾ ਸੀ। ਪੌੜੀ ਵੀ ਜਿੱਥੋਂ ਚੁੱਕੀ ਸੀ, ਉਸੇ ਥਾਂ ਟਿਕਾਅ ਦਿੱਤੀ ਸੀ।

ਛੋਟੇ ਜਿਹੇ ਦਿਨ ਬਾਪੂ ਜੀ ਹੁਰੀਂ ਸਸਕਾਰ ਕਰਵਾ ਕੇ ਪਰਤ ਆਏ ਸਨ। ਮੈਂ ਉਨ੍ਹਾਂ ਦੇ ਚਿਹਰੇ ਵੱਲ ਇੱਕ ਅਜੀਬ ਜਿਹੀ ਤੱਕਣੀ ਨਾਲ ਤੱਕਿਆ ਸੀ। ਉਨ੍ਹਾਂ ਦੇ ਚਿਹਰੇ 'ਤੇ ਜਵਾਨ ਭਤੀਜੇ ਦੀ ਅਣਹੋਣੀ ਮੌਤ ਦਾ ਪ੍ਰਛਾਵਾਂ ਸਾਫ਼ ਵੇਖਿਆ ਜਾ ਸਕਦਾ ਸੀ।

ਬਾਪੂ ਜੀ ਕਾਫ਼ੀ ਖ਼ੂਬਸੂਰਤ ਮਨੁੱਖ ਸਨ, ਪਰ ਸਖਤ ਸੁਭਾਅ। ਉਂਝ ਕਦੇ-ਕਦੇ ਉਨ੍ਹਾਂ ਦਾ ਵਿਹਾਰ ਬੜਾ ਹੀ ਦੋਸਤਾਨਾ ਹੋ ਜਾਂਦਾ ਸੀ। ਜਿਨ੍ਹਾਂ ਦਿਨਾਂ 'ਚ ਉਹਨਾਂ ਦਾ ਲਹਿਜਾ ਮਿੱਤਰਮਈ



ਹੁੰਦਾ, ਮਨ 'ਚ ਆਉਂਦਾ ਕਿ ਉਹਨਾਂ ਨੂੰ ਤਸਵੀਰ ਵਿਚਲੀ 'ਸੁਰੱਈਆ' ਬਾਰੇ ਪੁੱਛਿਆ ਜਾਏ। ਕਈ ਵਾਰ ਬੋਲ ਬੁੱਲ੍ਹਾਂ 'ਤੇ ਆ ਕੇ ਰੁਕ ਜਾਂਦੇ। ਉਨ੍ਹਾਂ ਦਾ ਸਖਤ ਸੁਭਾਅ ਅਤੇ ਬਚਪਨ ਵਿੱਚ ਨਿੱਕੀਆਂ-ਮੋਟੀਆਂ ਗਲਤੀਆਂ ਕਾਰਨ ਕਈ ਵਾਰ ਪਈ ਮਾਰ ਨੂੰ ਚਿਤਵ ਕੇ ਪੁੱਛਣ ਦਾ ਹੀਆ ਨਹੀਂ ਸੀ ਪੈਂਦਾ।...ਚੋਰੀ ਚੋਰੀ ਉਸ ਤਸਵੀਰ ਨੂੰ ਮੈਂ ਕਈ ਵਾਰ ਬਾਅਦ 'ਚ ਵੀ ਵੇਖਿਆ ਸੀ।......ਅਤੇ ਉਹ ਤਿੰਨ ਪੱਤਰ ਪੜ੍ਹਨ ਲਈ ਮੈਂ ਬਾਅਦ ਵਿੱਚ ਪਿਤਾ ਜੀ ਤੋਂ ਹੀ ਉਰਦੂ-ਪੜ੍ਹਨੀ-ਲਿਖਣੀ ਸਿੱਖ ਲਈ ਸੀ।

ਵਕਤ ਆਪਣੀ ਚਾਲੇ ਚੱਲਦਾ ਰਿਹਾ। ਮੈਂ ਨੌਕਰੀ ਕਾਰਨ ਪਿੰਡ ਛੱਡ ਕੇ ਢੁੱਡੀਕੇ ਰਹਿਣ ਲੱਗ ਪਿਆ ਸਾਂ। ਮਹੀਨੇ ਵੀਹੀਂ ਦਿਨੀਂ ਜਦੋਂ ਵੀ ਪਿੰਡ, ਪਿਛਲੇ ਪਰਿਵਾਰ ਨੂੰ ਮਿਲਣ ਜਾਂਦਾ, ਹਰੇਕ ਵਾਰ ਸੋਚ ਕੇ ਜਾਂਦਾ ਕਿ ਇਸ ਵਾਰ ਬਾਪੂ ਜੀ ਤੋਂ 'ਸੁਰੱਈਆ' ਵਾਲੀ ਗੱਲ ਪੁੱਛ ਹੀ ਲੈਣੀ ਹੈ। ਪ੍ਰੰਤੂ ਹਰ ਵਾਰ ਹੀ ਬੋਲ ਜੀਭ 'ਤੇ ਜੰਮ ਜਾਂਦੇ ਅਤੇ ਮੈਂ ਜਿਵੇਂ ਜਾਂਦਾ, ਉਂਝ ਦਾ ਉਂਝ ਹੀ ਵਾਪਸ ਮੁੜ ਆਉਂਦਾ ਸਾਂ। ਪਤਾ ਨਹੀਂ ਕਿਉਂ ਇਹ ਝਿਜਕ ਟੁੱਟ ਨਹੀਂ ਸੀ ਰਹੀ।

ਕੁਝ ਵਰ੍ਹੇ ਪਹਿਲਾਂ, ਬਾਪੂ ਜੀ ਦੀ ਮੌਤ ਤੋਂ ਦੋ ਕੁ ਸਾਲ ਪਹਿਲਾਂ ਉਨ੍ਹਾਂ ਨੂੰ ਅਧਰੰਗ ਦਾ ਦੌਰਾ ਪੈ ਗਿਆ ਸੀ। ਉਦੋਂ ਉਹ ਅੱਸੀਆਂ ਦੇ ਨੇੜੇ-ਤੇੜੇ ਸਨ। ਕੁਝ ਦੇਰ 'ਚ ਹੀ ਉਹ ਸੰਭਲ ਗਏ ਸਨ। ਇਸ ਦੌਰਾਨ ਮੈਂ ਉਹਨਾਂ ਦਾ ਪਤਾ ਲੈਣ ਗਿਆ, ਇੱਕ ਰਾਤ ਘਰ ਹੀ ਰਹਿ ਪਿਆ ਸਾਂ। ਰਾਤ ਦੀ ਰੋਟੀ ਖਾ ਕੇ ਉਹ ਬਿਸਤਰੇ ਨੂੰ ਢੋਅ ਆ ਕੇ ਅੱਧਲੇਟੇ ਜਿਹੇ ਪਏ ਹੋਏ ਸਨ। ਮੈਂ ਵੀ ਉਨ੍ਹਾਂ ਦੇ ਨਾਲ ਵਾਲੇ ਮੰਜੇ 'ਤੇ ਟੇਢਾ ਜਿਹਾ ਹੋ ਕੇ ਪਿਆ ਹੋਇਆ ਸਾਂ। ਮੈਂ ਪੱਕੀ ਤਰ੍ਹਾਂ ਸੋਚਿਆ ਹੋਇਆ ਸੀ ਕਿ ਅੱਜ ਪਿਤਾ ਜੀ ਤੋਂ 'ਸੁਰੱਈਆ' ਵਾਲੀ ਗੱਲ-ਚਾਹੇ ਕੁਝ ਵੀ ਹੋ ਜਾਏ-ਪੁੱਛ ਹੀ ਲੈਣੀ ਹੈ। ਮੈਂ ਕੁਝ ਕੁ ਦੇਰ ਪਹਿਲਾਂ ਹੀ ਪਾਕਿਸਤਾਨ ਦਾ ਚੱਕਰ ਲਾ ਕੇ ਆਇਆ ਸਾਂ। ਪਾਕਿਸਤਾਨ ਨੂੰ ਤੁਰਨ ਤੋਂ ਪਹਿਲਾਂ ਉਹਨਾਂ ਨੇ ਮੈਨੂੰ ਲਾਹੌਰ ਸ਼ਹਿਰ ਦੇ ਕੁਝ ਪਤੇ ਲਿਖਾਏ ਸਨ ਅਤੇ ਆਪਣੇ ਕਾਲਜ ਵਿਚਲੀਆਂ ਕਈ ਥਾਵਾਂ 'ਤੇ ਜਾਣ ਅਤੇ ਉਥੋਂ ਦੀ ਸੂਰਤ-ਏ-ਹਾਲ ਲਿਖ ਕੇ ਲਿਆਉਣ ਲਈ ਪੱਕੀ ਕੀਤੀ ਸੀ। ਬਹੁਤਾ ਬਲ ਦੇ ਕੇ ਦੱਸੀ ਹੋਈ ਥਾਂ, ਫਾਰਮਨ ਕ੍ਰਿਸਚੀਅਨ ਕਾਲਜ ਦੇ ਦਰਖ਼ਤ ਦੇ ਪਿਛਲੇ ਪਾਸੇ ਜੌੜੇ ਅੰਬਾਂ ਦੇ ਰੁੱਖਾਂ ਹੇਠ ਆਪਣੇ ਨਾਲ ਗਏ ਸਾਥੀਆਂ ਸਮੇਤ ਅੱਧਾ ਕੁ ਘੰਟਾ ਗੁਜ਼ਾਰ ਕੇ ਵੀ ਆਇਆ ਸਾਂ। ਵਾਪਸ ਮੁੜਨ 'ਤੇ ਉਹਨਾਂ ਪੁੱਛਿਆ ਸੀ, "ਅੰਬਾਂ ਦੇ ਦੋਵੇਂ ਦਰਖਤ ਅਜੇ ਹੈਗੇ ਨੇ ਕਿ ਪੁੱਟ ਦਿੱਤੇ ਹੋਏ ਨੇ ?" ਜਦੋਂ ਮੈਂ ਦੱਸਿਆ ਸੀ ਕਿ ਉਹ ਦੋਵੇਂ ਰੁੱਖ ਬਹੁਤ ਹੀ ਵੱਡੇ ਹੋਏ ਪਏ ਨੇ, ਪੂਰੇ ਫੈਲਰੇ, ਫਲ ਨਾਲ ਲੱਦੇ ਹੋਏ ਤਾਂ ਉਹਨਾਂ ਦੀ ਖੁਸ਼ੀ ਦਾ ਕੋਈ ਪਾਰਾਵਰ ਨਹੀਂ ਸੀ ਰਿਹਾ। ਖੁਸ਼ੀ ਦੇ ਮਾਰੇ ਉਹਨਾਂ ਦੀਆਂ ਅੱਖਾਂ 'ਚ ਆਪ-ਮੁਹਾਰੇ ਅੱਥਰੂ ਆ ਗਏ ਸਨ। ਇਸ ਤੋਂ ਪਹਿਲਾਂ, ਮੈਂ ਉਹਨਾਂ ਨੂੰ ਕਦੇ ਵੀ ਇੰਨੇ ਖੁਸ਼ ਨਹੀਂ ਸੀ ਵੇਖਿਆ। ਜਿਹੜੀ ਲਾਲੀ ਉਨ੍ਹਾਂ ਦੇ ਚਿਹਰੇ ਉੱਤੇ ਉਸ ਦਿਨ ਡੁਲਕਾਂ ਮਾਰ ਰਹੀ ਸੀ, ਮੈਂ ਉਨ੍ਹਾਂ ਨੂੰ ਕਦੇ ਵੀ ਇੰਨੇ ਖੁਸ਼ ਨਹੀਂ ਸੀ ਵੇਖਿਆ। ਜਿਹੜੀ ਲਾਲੀ ਉਹਨਾਂ ਦੇ ਚਿਹਰੇ ਉੱਤੇ ਉਸ ਦਿਨ ਡਲ੍ਹਕਾਂ ਮਾਰ ਰਹੀ ਸੀ, ਬਿਆਨ ਨਹੀਂ ਕੀਤੀ ਜਾ ਸਕਦੀ। ਮੈਂ ਓਦਣ ਦਿਲੋਂ ਮਹਿਸੂਸ ਕੀਤਾ ਸੀ ਕਿ ਅੰਦਰਲੀ ਖ਼ੁਸ਼ੀ ਦੀ ਆਪਣੀ ਵੱਖਰੀ ਹੀ ਰੰਗਤ ਹੁੰਦੀ ਹੈ ਅਤੇ ਇਹ ਖੁਸ਼ੀ ਕੇਵਲ ਮਾਣੀ ਹੀ ਜਾ ਸਕਦੀ ਹੈ, ਦੱਸੀ ਨਹੀਂ ਜਾ ਸਕਦੀ।

ਆਸ਼ੇ ਨੂੰ ਮੁੱਖ ਰੱਖ ਕੇ ਮੈਂ ਲਾਹੌਰ ਦੀਆਂ ਗੱਲਾਂ ਛੇੜ ਲਈਆਂ। ਮੈਂ ਤਾਂ ਗੱਲ 'ਛੇੜਨ' ਵਾਸਤੇ ਹੀ ਛੇੜੀ ਸੀ। ਲਾਹੌਰ ਦਾ ਨਾਂ ਸੁਣਦਿਆਂ ਸਾਰ ਹੀ ਉਨ੍ਹਾਂ ਨੂੰ ਚਾਅ ਚੜ੍ਹ ਗਿਆ ਲੱਗਦਾ ਸੀ। ਬਾਪੂ ਜੀ ਉਥੋਂ ਦੀਆਂ ਗੱਲਾਂ ਸੁਣਾਉਣ ਲਈ ਉੱਠ ਕੇ ਬਹਿ ਗਏ। ਉਹ ਪੂਰੇ ਟਹਿਕਰੇ 'ਚ ਲੈਅ-ਬੱਧ ਹੋ ਕੇ ਗੱਲਾਂ ਸੁਣਾ ਰਹੇ ਸਨ,-ਪਾਕਪਟਨ ਨੇ ਨੇੜੇ ਆਪਣੀ ਜੰਮਣ ਭੋਇੰ ਚੱਕ ਨੰਬਰ ਛੱਬੀ, ਸ਼ਾਹੀਵਾਲ, ਕਸੂਰ ਅਤੇ ਲਾਹੌਰ ਦੀਆਂ ਗੱਲਾਂ। ਅਨਾਰਕਲੀ ਬਾਜ਼ਾਰ ਦੀਆਂ ਗੱਲਾਂ। ਇਸ

ਸ਼ਹਿਰ ਨਾਲ ਖਹਿ, ਠਾਠਾਂ ਮਾਰ ਕੇ ਵਗਦੇ ਰਾਵੀ ਦਰਿਆ ਦੀਆਂ ਗੱਲਾਂ। ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ ਦੀਆਂ ਗੱਲਾਂ। ਕਿਲ੍ਹੇ ਦੇ ਦੱਖਣ 'ਚ ਦਰਵਾਜ਼ਿਓਂ ਬਾਹਰ ਮੱਲਾਂ ਦੇ ਅਖਾੜੇ ਦੀਆਂ ਗੱਲਾਂ। ਇੱਕ ਅੱਧੀ ਗੱਲ ਉਹਨਾਂ ਸ਼ਾਹੀ ਮਸਜਿਦ ਦੀ ਦੱਖਣੀ ਵੱਖੀ 'ਚ ਆਬਾਦ ਬਾਜ਼ਾਰ-ਏ-ਹੁਸਨ ਦੀ ਵੀ ਸੁਣਾ ਛੱਡੀ ਸੀ ਕਿ ਇਥੋਂ ਦੇ ਲੋਕ ਦਿਨੇ ਸੌਂਦੇ ਹਨ ਅਤੇ ਰਾਤ ਨੂੰ ਜਾਗਦੇ ਹਨ। ਮੈਂ ਹੁੰਗਾਰਾ ਭਰਦਿਆਂ ਉਹਨਾਂ ਨੂੰ ਲਾਹੌਰ ਕਾਲਜ ਦੀ ਕੋਈ ਗੱਲ ਸੁਨਾਉਣ ਲਈ ਆਖਿਆ। ਉਹਨਾਂ, ਆਪਣੇ ਇੱਕ ਜਮਾਤੀ ਦੀ ਮਾਂ ਨਾਲ, ਰੰਗੀਨ ਤਬੀਅਤ ਪ੍ਰੋਫ਼ੈਸਰ ਮੋਹਨ ਸਿੰਘ ਦੀ ਇੱਕ-ਪਾਸੜ ਪਿਆਰ ਦੀ ਬਹੁਤ ਹੀ ਮਜ਼ੇਦਾਰ ਗੱਲ ਸੁਣਾਈ। ਸੁਣ ਕੇ ਵੱਖੀਆਂ ਟੁੱਟਣ ਵਾਲੀਆਂ ਹੋ ਗਈਆਂ। ਲੋਹਾ ਪੂਰਾ ਗਰਮ ਵੇਖ ਕੇ ਮੈਂ ਆਪਣੀ ਸਾਰੀ ਤਾਕਤ ਇਕੱਠੀ ਕਰ ਕੇ ਸੱਟ ਮਾਰੀ ਦਿੱਤੀ, "ਬਾਪੂ ਜੀ! ਆਪਣੇ ਘਰ 'ਹੀਰ' 'ਚ ਇੱਕ ਤਸਵੀਰ ਪਈ ਐ, ਸੁਰੱਈਆ ਦੀ। ਉਹ ਕੁੜੀ ਕੌਣ ਸੀ?"

ਉਹਨਾਂ ਇਕਦਮ ਮੇਰੇ ਵੱਲ ਵੇਖਿਆ ਅਤੇ ਹੌਲੀ ਜਿਹੇ ਬੋਲੇ, "ਉਹ ਸੁਰੱਈਆ ਦੀ ਤਸਵੀਰ ਹੈ। ਉਹ ਮੇਰੀ ਜਮਾਤਣ ਸੀ,....ਤੇ ਬੇਟੇ। ਉਹ ਮੈਨੂੰ ਬਹੁਤ ਮੁਹੱਬਤ ਕਰਦੀ ਸੀ।" ਉਹ ਥੋੜ੍ਹਾ ਜਿਹਾ ਠਹਿਰ ਕੇ ਫਿਰ ਬੋਲੇ, "ਐਫ. ਸੀ. ਕਾਲਜ ਵਾਲੇ ਜੌੜੇ ਅੰਬਾਂ ਦੇ ਰੁੱਖ ਮੇਰੇ ਅਤੇ ਸੁਰੱਈਆ ਦੇ ਹੱਥਾਂ ਦੇ ਲਾਏ ਹੋਏ ਨੇ। ਸੰਤਾਲੀ ਵਾਲੀ ਵੰਡ ਸਾਡੀ ਮੁਹੱਬਤ ਦੀਆਂ ਜੜ੍ਹਾਂ 'ਚ ਬਹਿ ਗਈ....ਨਹੀਂ ਤਾਂ ਜ਼ਿੰਦਗੀ ਕੁਝ ਹੋਰ ਹੀ ਹੋਣੀ......।"

ਉਹਨਾਂ ਅਜੇ ਵਾਕ ਪੂਰਾ ਨਹੀਂ ਸੀ ਕੀਤਾ ਕਿ ਮੈਂ ਹੌਲੀ ਜਿਹੀ ਪੁੱਛਿਆ, "ਜਿਹੜੀ ਗਾਉਂਦੀ ਐ, ਇਹ ਉਹ ਸੁਰੱਈਆ........?"

ਉਹ ਹੌਲੀ ਜਿਹੀ ਬੁੜਬੁੜਾਏ। ਪਤਾ ਨਹੀਂ ਲੱਗਿਆ, ਉਹਨਾਂ 'ਹਾਂ' ਕਿਹਾ ਸੀ ਕਿ 'ਨਹੀਂ'। ਬਿਜਲੀ ਦੇ ਲਾਟੂ ਦੇ ਚਾਨਣ 'ਚ ਮੈਂ ਵੇਖਿਆ ਕਿ ਉਹਨਾਂ ਦੀਆਂ ਅੱਖਾਂ 'ਚੋਂ ਮੋਟੇ-ਮੋਟੇ ਹੰਝੂਆਂ ਦੀ ਘਰਾਲ ਉਹਨਾਂ ਦੀ ਦੁੱਧ-ਚਿੱਟੀ ਦਾੜ੍ਹੀ 'ਚ ਗੁਆਚ ਰਹੀ ਸੀ।

---

**ਸਫ਼ਾ ਨੰ: 60 ਦਾ ਬਾਕੀ**

ਅਸੀਂ ਦੋਵੇਂ ਮਿੱਤਰ ਕੁਝ ਚਿਰ ਹੋਰ ਇੰਜ ਹੀ ਇਧਰ ਉਧਰ ਦੀਆਂ ਗੱਲਾਂ ਕਰਦੇ ਬੈਠੇ ਰਹੇ। ਉਨ੍ਹਾਂ ਦੋਵੇ ਪਿਓ ਪੁੱਤਰਾਂ ਨੂੰ ਉਡੀਕਦੇ। ਅਖੀਰ ਕਮਰੇ ਦੇ ਫ਼ਰਸ਼ ਨੂੰ ਪੋਚਾ ਲਾਉਣ ਆਈ ਸੁਆਣੀ ਨੂੰ ਮੈਂ ਕਿਹਾ, 'ਭੈਣ ਜੀ, ਜ਼ਰਾ ਜਿੰਦੋ ਨੂੰ ਤਾਂ ਬੁਲਾ ਦਿਓ।'

ਚਿਹਰੇ ਤੇ ਲਮਕ ਰਹੇ ਘੁੰਡ ਨੂੰ ਬੜੇ ਸੰਕੋਚ ਨਾਲ ਸਰਕਾ ਕੇ ਉਹ ਬੋਲੀ, 'ਮੈਂ ਈ ਆਂ ਵੀਰਾ, ਦੱਸ?'

ਇਕ ਛਿਣ ਤੋਂ ਵੀ ਘੱਟ ਸਮੇਂ ਲਈ ਮੈਂ ਉਹਦਾ ਚਿਹਰਾ ਵੇਖਿਆ। ਏਨਾ ਪਛਾਣ ਕੇ ਕਿ ਇਹੋ ਜਿੰਦੋ ਆ ਮੈਂ ਪੁੱਛਿਆ, 'ਮੈਨੂੰ ਪਛਾਣ, ਮੈਂ ਕੌਣ ਆਂ?'

ਉਹਨੇ ਉਸੇ ਤਰ੍ਹਾਂ ਥੋੜ੍ਹਾ ਜਿਹਾ ਘੁੰਡ ਸਰਕਾਇਆ ਤੇ ਕਿਹਾ, 'ਨਹੀਂ ਵੀਰਾ, ਮੈਂ ਨੀ ਪਛਾਤਾ।' ਤੇ ਮੁੜ ਆਪਣੇ ਕੰਮ ਵਿਚ ਰੁੱਝ ਗਈ।

***

(ਮੋ) 987-217-8035



## ਨਿੱਘੀ ਧੁੱਪ ਦਾ ਦਰਦ/ਤਲਵਿੰਦਰ ਸਿੰਘ

ਹਫ਼ਤਾ ਕੁ ਭਰ ਲੰਮੀਆਂ ਸਿਆਲੀ ਛੁੱਟੀਆਂ ਦੀ ਨਿੱਘੀ ਧੁੱਪ ਦਾ ਆਨੰਦ ਅਜੇ ਵੀ ਚੇਤਿਆਂ ਵਿਚ ਮਿਸ਼ਰੀ ਵਾਂਗ ਘੁਲਿਆ ਹੋਇਆ ਹੈ। ਸਕੂਲ ਦੇ ਰਾਹ ਵਿਚਲੇ ਅਮਰੂਦਾਂ ਦੇ ਬਾਗ ਦੀ ਠੰਢੀ ਠਾਰ ਛਾਂ ਵਿਚੋਂ ਦੁੜੰਗੇ ਮਾਰਦੇ ਅਸੀਂ ਨਿਕਲਦੇ ਤੇ ਲੰਬੜਾਂ ਦੇ ਸ਼ੈਲਰ ਚੋਂ ਨਿਕਲਦੀ ਕੋਸੀ ਕੋਸੀ ਫੱਕ 'ਤੇ ਜਾ ਚੜ੍ਹਦੇ ਸਾਂ। ਖੁੱਲ੍ਹੀ ਮੋਕਲੀ ਗਰਾਊਂਡ ਵਿਚ ਸੁਨਹਿਰੀ ਭਾਹ ਮਾਰਦਾ ਝੋਨਾ ਸੁੱਕ ਰਿਹਾ ਹੁੰਦਾ ਤੇ ਹਾਤੋਆਂ ਦਾ ਲਸ਼ਕਰ ਸਿਰ ਸੁੱਟੀ ਦਬਾਦਬ ਪੈਰਾਂ ਨਾਲ ਇਸ ਵਿਚ ਲੀਹਾਂ ਪਾਉਂਦਾ ਤੁਰ ਰਿਹਾ ਹੁੰਦਾ। ਇਥੇ ਖੇਡਦਿਆਂ ਸਾਡੀਆਂ ਊਨੀ ਕੋਟੀਆਂ ਤੇ ਵਾਲਾਂ ਵਿਚ ਤੋਹ ਭਰ ਜਾਂਦੇ। ਘਰੋਂ ਝਿੜਕਾਂ ਤੇ ਲੰਬੜਾਂ ਦੇ ਚੌਕੀਦਾਰ ਦੀਆਂ ਗਾਲ੍ਹਾਂ ਦੇ ਡਰ ਦੇ ਬਾਵਜੂਦ ਟੀਸੀ ਤੱਕ ਲੱਗੇ ਫੱਕ ਦੇ ਢੇਰ ਤੋਂ ਹੇਠਾਂ ਤੱਕ ਕੁੱਦਣ ਦੇ ਸੁਆਦ ਨੂੰ ਨਹੀਂ ਸੀ ਛੱਡਿਆ ਜਾ ਸਕਦਾ।

ਸਿਆਲੀ ਛੁਟੀਆਂ ਦੀ ਨਿੱਘੀ ਧੁੱਪ ਵਿਚ ਪਹਿਲੀ ਵਾਰ ਮੈਂ ਉਸਨੂੰ ਆਪਣੇ ਨਾਲ ਖਿਡਾਉਣ ਦੇ ਬਹਾਨੇ ਸ਼ੈਲਰ ਤੇ ਲੈ ਕੇ ਗਿਆ ਸਾਂ। ਅਸੀਂ ਹਾਣੋ ਹਾਣੀ ਸਾਂ-ਦਸ ਗਿਆਰਾਂ ਸਾਲਾਂ ਦੇ ਹੋਵਾਂਗੇ। ਉਹ ਮੇਰੀ ਮਾਸੀ ਦੀ ਧੀ ਭੈਣ ਸੀ। ਨਾਜ਼ੁਕ ਮਲੂਕੜੀ ਜਿਹੀ। ਉਮਰ ਦਾ ਜਾਂ ਕੋਈ ਹੋਰ ਤਕਾਜ਼ਾ ਸੀ ਕਿ ਸਾਡੇ ਸਾਰੀ ਰਿਸ਼ਤੇਦਾਰੀ ਦੇ ਨਿਆਣਿਆਂ ਵਿਚੋਂ ਉਹ ਮੇਰੇ ਨਾਲ ਵਧੇਰੇ ਤੇਹ ਜਤਾਉਂਦੀ ਸੀ। ਸ਼ਾਇਦ ਮੈਂ ਵੀ ਉਹਦੇ ਬਾਰੇ ਇੰਜ ਹੀ ਸੋਚਦਾ ਸਾਂ। ਤਾਂਹੀ ਜਦ ਮਾਤਾ ਮੇਰੇ ਕੋਲੋਂ ਮਾਸੀ ਨੂੰ ਕੋਲੋਂ ਖ਼ਤ ਲਿਖਾਉਂਦੀ- 'ਅੱਗੇ ਸਮਾਚਾਰ ਇਹ ਹੈ ਕਿ ਬੜਾ ਚਿਰ ਹੋ ਗਿਆ ਤੁਹਾਨੂੰ ਆਇਆਂ, ਕਿਸੇ ਵੇਲੇ ਟੈਮ ਕੱਢ ਕੇ ਮਿਲ ਜਾਓ' ਤਾਂ ਮੈਂ ਅੱਧਾ ਵਾਕ ਜੋੜਨ ਤੋਂ ਕੁਤਾਹੀ ਨਾ ਕਰਦਾ- 'ਨਾਲ ਜਿੰਦੋ ਨੂੰ ਵੀ ਲਈ ਆਉਣਾ।' ਥੱਲੇ ਲਿਖਦਾ-ਤੁਹਾਡੀ ਭੈਣ, ਪ੍ਰਕਾਸ਼।

ਸਿਆਲੀ ਛੁਟੀਆਂ ਦੀ ਨਿੱਘੀ ਧੁੱਪ ਦੇ ਉਹ ਦਿਹਾੜੇ ਜਿਹੜੇ ਮੈਂ ਜਿੰਦੋ ਨਾਲ ਲੰਘਾਏ ਉਹ ਮੇਰੇ ਚੇਤਿਆਂ ਵਿਚ ਕਿਉਂ ਲਹਿ ਗਏ ਇਹ ਮੇਰੀ ਸਮਝੇ ਕਦੇ ਵੀ ਨਹੀਂ ਪਿਆ। ਬਾਗ ਵਿਚੋਂ ਚੋਰੀ ਛਿਪੇ ਅਮਰੂਦ ਤੋੜ ਕੇ ਖੁਆਉਂਦਿਆਂ, ਸ਼ੈਲਰ ਦੀ ਕੰਧ ਵਿਚਲੇ ਪਰਨਾਲੇ ਚੋਂ ਛੂਟ ਵੱਟ ਕੇ ਫ਼ੁਹਾਰੇ ਵਾਂਗ ਨਿਕਲਦੀ ਫੱਕ ਅੱਗੇ ਖਲੋਂਦਿਆਂ, ਝੋਨੇ ਵਿਚ ਵਾਹੋਦਾਹੀ ਫਿਰਦੇ ਹਾਤੋਆਂ ਨੂੰ 'ਹਾਤੋ ਕਸ਼ਮੀਰੀ, ਨਾ ਮੰਜੀ ਨਾ ਪੀੜ੍ਹੀ' ਕਹਿਕੇ ਛੇੜਦਿਆਂ, ਬਾਬੇ ਹੌਦ ਦੀ ਹੱਟੀਓਂ ਮਿੱਠੀਆਂ ਗੋਲੀਆਂ ਤੇ ਅੰਬ ਪਾਪੜ ਲੈ ਕੇ ਖੁਆਉਂਦਿਆਂ ਤੇ ਠੰਢ ਨਾਲ ਕੁੰਗੜੇ ਹੱਥਾਂ ਨੂੰ ਕੋਟੀ ਵਿਚ ਵਾੜ ਕੇ ਨਿੱਘੇ ਕਰਦਿਆਂ ਕਦੀ ਰਿਸ਼ਤੇ ਦੀ ਪਰਿਭਾਸ਼ਾ ਬਦਲੀ ਸੀ ਜਾਂ ਨਹੀਂ ਇਸ ਗੱਲ ਦਾ ਵੀ ਕਦੇ ਨਿਤਾਰਾ ਨਾ ਹੋ ਸਕਿਆ। ਇਕ ਵਾਰ ਬਾਬੇ ਨਾਨਕ ਦੇ ਵਿਆਹ ਪੁਰਬ 'ਤੇ ਘਰ ਵਿਚ ਆਏ ਪ੍ਰਾਹੁਣਿਆਂ ਰਾਤ ਨੂੰ ਸੌਣ ਵੇਲੇ ਸਾਰੇ ਮੰਜੇ ਮੱਲ ਲਏ ਤਾਂ ਕਿਸੇ ਵੱਡੇ ਆਖਿਆ, 'ਜਾਹ ਨੀ ਜਿੰਦੋ ਤੂੰ ਤਿੰਦੇ ਵੀਰ ਨਾਲ ਵੱਡੀ ਪੇਟੀ ਤੇ ਚੜ੍ਹ ਕੇ ਸੌਂ ਜਾ।' ਤਾਂ ਮੇਰੇ ਅੰਦਰ ਜਿਵੇਂ ਹਜ਼ਾਰਾਂ ਬੱਤੀਆਂ ਜਗ ਪਈਆਂ ਸਨ। ਬਾਰਾਂ ਸਾਲ ਦੀ ਉਮਰੇ ਇਹ ਕੇਹਾ ਅਹਿਸਾਸ ਸੀ, ਇਸ ਗੱਲ ਦਾ ਵੀ ਕਦੇ ਨਿਤਾਰਾ ਨਾ ਹੋ ਸਕਿਆ। ਫਿਰ ਉਸੇ ਵੇਲੇ ਕੋਈ ਜਣਾ ਉਠਿਆ ਤੇ ਦੁਸਹਿਰਾ ਗਰਾਊਂਡ ਵਿਚ ਲੱਗੀ ਸਰਕਸ ਵੇਖਣ ਤੁਰ ਪਿਆ। ਮੰਜੀ ਖਾਲੀ ਹੋਈ ਤਾਂ ਸਾਰੀ ਤਰਤੀਬ ਹਿੱਲ ਗਈ। ਕਿਸੇ ਆਖਿਆ- ਫਲਾਣਿਆ ਤੂੰ ਏਧਰ ਹੋ ਜਾ, ਢੀਂਗੜਿਆ ਤੂੰ ਓਧਰ ਹੋ ਜਾ। ਮੇਰਾ ਮਨ ਮਸੋਸਿਆ ਗਿਆ ਸੀ। ਪਤਾ ਨਹੀਂ ਕਿਉਂ?

ਫਿਰ ਇਹ ਗੱਲ ਆਈ ਗਈ ਹੋ ਗਈ। ਇੰਜ ਕਈ ਹੋਰ ਗੱਲਾਂ ਵੇਲੇ ਦੀ ਚਾਲ ਵਿਚ

ਖਲਤ ਮਲਤ ਹੋ ਗਈਆਂ। ਮੈਂ ਕਲਾਸ ਕਲਾਸ ਲੰਘਦਾ ਕਾਲਜ ਚਲਾ ਗਿਆ। ਮੇਰੇ ਵੇਖਣ ਵੇਖਣ ਵਿਚ ਅਮਰੂਦਾਂ ਦਾ ਬਾਗ ਵੱਢਿਆ ਗਿਆ ਤੇ ਉਥੇ ਪਲਾਟ ਕੱਟ ਦਿਤੇ ਗਏ। ਜਿੰਦੋ ਅਠਵੀਂ ਤੋਂ ਅਗਾਂਹ ਨਹੀਂ ਸੀ ਪੜ੍ਹੀ। ਉਹ ਵੱਡੀ ਹੋ ਗਈ ਸੀ ਤੇ ਮੇਰੇ ਕੋਲੋਂ ਝਾਕਾ ਰੱਖਣ ਲੱਗੀ ਸੀ। ਮੈਂ ਜਦੋਂ ਵੀ ਉਹਦੇ ਪਿੰਡ ਜਾਂਦਾ ਉਹਨੂੰ ਵੇਖਣ ਲਈ ਮੇਰੇ ਅੰਦਰ ਨਿੱਘਾ ਜਿਹਾ ਚਾਅ ਹੁੰਦਾ। ਬਹੁਤੀ ਵਾਰ ਉਹਦੇ ਪਿੰਡ ਜਾਣ ਵੇਲੇ ਮੇਰੇ ਨਾਲ ਮੈਥੋਂ ਛੇ ਵਰ੍ਹੇ ਵੱਡਾ ਮੇਰਾ ਮਾਮਾ ਹਰਦੀਪ ਹੁੰਦਾ। ਉਹ ਰਾਜ ਮਿਸਤਰੀ ਦਾ ਕੰਮ ਕਰਦਾ ਸੀ ਤੇ ਮੇਰੇ ਨਾਲ ਦੋਸਤਾਂ ਵਾਂਗ ਵਿਚਰਦਾ ਸੀ। ਅਸੀਂ ਮੀਲਾਂ ਦੇ ਮੀਲ ਸਾਇਕਲਾਂ ਤੇ ਸਫ਼ਰ ਕਰਦੇ। ਬਟਾਲੇ ਦੇ ਸਿਨਮਿਆਂ ਵਿਚ ਇਕੱਠੇ ਫਿਲਮਾਂ ਵੇਖਦੇ। ਹੱਸਦੇ ਖੇਡਦੇ ਤੇ ਮੌਜਾਂ ਕਰਦੇ। ਪਿੰਡ ਵੱਲ ਜਾਂਦੇ ਸੂਏ ਦੇ ਕੰਢੇ ਕੰਢੇ ਕੱਚੀ ਪਟੜੀ ਤੇ ਰੇਸਾਂ ਲਾਉਂਦੇ। ਇਕ ਸ਼ਾਮ ਅਸੀਂ ਇੰਜ ਹੀ ਸਾਇਕਲ ਚਲਾਉਂਦੇ ਮਾਸੀ ਦੇ ਪਿੰਡ ਜਾ ਅਪੜੇ। ਆਪਹੁਦਰੇ ਸੁਭਾਅ ਵਾਲੇ ਮਾਮੇ ਨੇ ਖੁੱਡੇ ਵਿਚੋਂ ਕੁੱਕੜ ਕੱਢ ਕੇ ਮਰੋੜ ਸੁਟਿਆ ਤੇ ਹਾਂਡੀ ਵਿਚ ਰਿੰਨਣੇ ਲਾ ਦਿਤਾ। ਆਪ ਪਿੰਡੋਂ ਬਾਹਰ ਲੱਗਦੀ ਠੱਠੀ ਚੋਂ ਲਾਹਣ ਦੀ ਬੋਤਲ ਫੜ ਲਿਆਇਆ। ਬਰਾਂਡੇ ਦੀ ਬੱਤੀ ਦੇ ਮਰੀਅਲ ਜਿਹੇ ਚਾਨਣ ਵਿਚ ਅਸੀਂ ਦੋਵੇਂ ਮਾਮਾ ਭਣੇਵਾਂ ਪੈੱਗ ਪੀਣ ਲੱਗੇ। ਮਾਸੜ ਮੇਰਾ ਕਿਧਰੇ ਬਾਹਰ ਕੰਮ ਕਰਨ ਗਿਆ ਹੋਇਆ ਸੀ। ਦੋ ਹਾੜੇ ਚੁਕਣ ਮਗਰੋਂ ਮੇਰੀਆਂ ਅੱਖਾਂ ਲਾਲ ਸੁਰਖ਼ ਹੋ ਗਈਆਂ ਤੇ ਸਿਰ ਘੁੰਮਣ ਲੱਗਾ। ਮੇਰੇ ਵੱਲ ਤੱਕ ਜਿੰਦੋ ਨੇ ਮਾਂ ਅੱਗੇ ਸ਼ਿਕਾਇਤ ਸੁੱਟੀ, 'ਬੀਬੀ, ਮਾਮੇ ਨੂੰ ਆਖ ਵੀਰ ਨੂੰ ਹੋਰ ਨਾ ਦੇਵੇ।' ਮਾਸੀ ਨੇ ਵੀ ਕਿਹਾ, 'ਨਾ ਵੇ ਹਰਦੀਪ, ਇਹ ਪੜ੍ਹਨ ਵਾਲਾ ਮੁੰਡਾ, ਇਹਨੂੰ ਨਾ ਏਧਰ ਲਾ। ਬੱਸ ਕਰ ਹੁਣ।' ਮੈਂ ਮਾਸੀ ਦੇ ਆਖੇ ਨਾਲੋਂ ਜਿੰਦੋ ਦੇ ਕਹੇ ਦਾ ਬਹੁਤਾ ਅਸਰ ਕਬੂਲਿਆ ਤੇ ਮਾਮੇ ਦੇ ਲੱਖ ਜ਼ੋਰ ਦੇਣ ਦੇ ਬਾਵਜੂਦ ਹੋਰ ਨਾ ਪੀਤੀ। ਬਾਅਦ ਵਿਚ ਸਾਨੂੰ ਮੰਜੇ 'ਤੇ ਬੈਠਿਆਂ ਨੂੰ ਰੋਟੀ ਵਰਤਾਉਂਦੀ ਜਿੰਦੋ ਮੈਨੂੰ ਬਾਰ ਬਾਰ ਪੁੱਛਦੀ, 'ਤੂੰ ਠੀਕ ਐਂ ਨਾ ਵੀਰ?' ਮੈਂ ਉਹਦੀਆਂ ਅੱਖਾਂ ਵਿਚ ਝਾਕਦਾ। ਨਾਜ਼ੁਕ ਤੇ ਮਲੂਕੜੀ ਜਿਹੀ ਜਿੰਦੋ ਮੇਰੇ ਨਾਲ ਕਾਲਜ ਪੜ੍ਹਦੀਆਂ ਕੁੜੀਆਂ ਵਰਗੀ ਲੰਮ ਸਲੰਮੀ ਤੇ ਸੁਨੱਖੀ ਮੁਟਿਆਰ ਸੀ। ਇਹਨੂੰ ਵੀ ਉਥੇ ਪੜ੍ਹਨਾ ਚਾਹੀਦਾ ਸੀ। ਰੋਟੀ ਰੱਖ ਕੇ ਮੁੜਦੀ ਦੀ ਮੈਂ ਲੰਮੀ ਗੁੱਤ ਨੂੰ ਵੇਖਿਆ। ਮੇਰੇ ਨਾਲ ਪੜ੍ਹਦੀ ਕਿਸੇ ਵੀ ਕੁੜੀ ਦੀ ਗੁੱਤ ਏਨੀ ਲੰਮੀ ਨਹੀਂ ਸੀ। ਰਾਤ ਨੂੰ ਲੱਥੇ ਨਸ਼ੇ ਨੇ ਮੇਰੀ ਨੀਂਦ ਉਚਾਟ ਕਰ ਦਿਤੀ। ਬਰਾਂਡੇ ਦੀ ਛਤ ਦੇ ਬੇਤਰਤੀਬ ਬਾਲੇ ਮੈਂ ਕਈ ਵਾਰ ਗਿਣੇ। ਹਰ ਵਾਰ ਗਿਣਤੀ ਉੱਖੜ ਗਈ। ਇਕ ਦੋ ਵਾਰ ਪਿਸ਼ਾਬ ਲਈ ਉੱਠ ਕੇ ਕਿਆਫ਼ਾ ਲਾਉਣ ਦੀ ਖਾਹਮਖਾਹ ਮੈਂ ਕੋਸ਼ਿਸ਼ ਕੀਤੀ ਕਿ ਜਿੰਦੋ ਕਿਹੜੇ ਮੰਜੇ ਤੇ ਸੁੱਤੀ ਸੀ। ਸਵੇਰੇ ਜਿੰਦੋ ਦੀ ਆਵਾਜ਼ ਨਾਲ ਹੀ ਅੱਖ ਖੁੱਲ੍ਹੀ ਸੀ, 'ਉੱਠ ਵੀਰ, ਚਾਹ ਪੀ। ਤੂੰ ਕਾਲਜ ਵੀ ਜਾਣਾ।'

ਮੈਂ ਚਾਹ ਪੀ ਕੇ ਮੂੰਹ ਹੱਥ ਧੋਤਾ, ਸਿਰ ਤੇ ਪੱਗ ਲਪੇਟੀ ਤੇ ਦੋ ਕਿਤਾਬਾਂ ਤੇ ਕਾਪੀ ਕੈਰੀਅਰ ਵਿਚ ਅੜੁੰਗ ਸਿੱਧਾ ਕਾਲਜ ਵੱਲ ਸ਼ੂਟ ਵੱਟ ਲਈ। ਰੁਟੀਨ ਨਾਲ ਬਣਦੇ ਪੀਰੀਅਡ ਲਾਏ ਤੇ ਘਰ ਆ ਗਿਆ। ਬਾਕੀ ਲੰਘਦੇ ਬੀਤਦੇ ਦਿਨਾਂ ਤੋਂ ਬਿਲਕੁਲ ਵੱਖਰੀ ਨੁਹਾਰ ਵਾਲੀ ਬੀਤੀ ਸ਼ਾਮ ਸਹਿਜ ਸੁਭਾਅ ਚੇਤਿਆਂ ਵਿਚ ਜਾ ਟਿਕੀ ਸੀ।

ਉਦੋਂ ਕੁ ਹੀ ਜਿੰਦੋ ਦੀ ਵੱਡੀ ਵਿਆਹੀ ਭੈਣ ਸਤਵੰਤ ਬਟਾਲੇ ਸਾਡੇ ਹੀ ਮੁਹੱਲੇ ਸ਼ੁਕਰਪੁਰੇ ਆ ਕੇ ਵੱਸਣ ਲੱਗੀ ਸੀ। ਉਹਦਾ ਪਤੀ ਟਰੱਕ ਯੂਨੀਅਨ ਵਿਚ ਕੰਮ ਕਰਦਾ ਸੀ ਤੇ ਕਈ ਕਈ ਦਿਨ ਬਾਹਰ ਰਹਿੰਦਾ ਸੀ। ਭੈਣ ਲੱਗਪੱਗ ਹਰ ਸ਼ਾਮ ਨੂੰ ਮਾਤਾ ਕੋਲ ਆ ਬਹਿੰਦੀ। ਮੈਂ ਧਰੇਕ ਦੀ ਛਾਵੇਂ ਕੁਰਸੀ ਮੇਜ਼ ਡਾਹ ਕੇ ਪੜ੍ਹ ਰਿਹਾ ਹੁੰਦਾ। ਵਿਚ ਵਿਚਾਲੇ ਮਾਤਾ ਤੇ ਭੈਣ ਦਰਮਿਆਨ ਹੁੰਦੀ ਗੱਲ ਬਾਤ ਵਿਚ ਹੁੰਗਾਰਾ ਤਰੋਪਾ ਭਰ ਛੱਡਦਾ। ਉਦੋਂ ਭੈਣ ਸਤਵੰਤ ਦੀ



ਦੂਜੀ ਡਲਿਵਰੀ ਕੁਝ ਹੀ ਦਿਨਾਂ ਨੂੰ ਹੋਣ ਵਾਲੀ ਸੀ। ਉਹ ਘਰ ਵਿਚ ਇਕੱਲੀ ਸੀ ਤੇ ਆਉਣ ਵਾਲੇ ਦਿਨਾਂ ਲਈ ਕਿਸੇ ਸਹਿਯੋਗੀ ਦੀ ਲੋੜ ਬਾਰੇ ਗੱਲ ਕਰ ਰਹੀ ਸੀ। ਸਾਡੇ ਘਰ ਵੱਡੀ ਮਾਸੀ ਵੀ ਆਈ ਬੈਠੀ ਸੀ। ਮਾਤਾ ਨੇ ਸੁਝਾਅ ਦਿੱਤਾ, 'ਕੁੜੇ ਸਤਵੰਤ, ਜਿੰਦੋ ਨੂੰ ਬੁਲਾ ਲੈ ਮਹੀਨੇ ਖੰਡ ਲਈ।' ਅਚਾਨਕ ਮੈਂ ਕੰਨ ਖੜੇ ਕੀਤੇ, ਉਨ੍ਹਾਂ ਵੱਲ ਵੇਖਿਆ ਤੇ ਫਿਰ ਆਪਣੇ ਧਿਆਨ ਪੜ੍ਹਾਈ ਵਿਚ ਖੁਭ ਗਿਆ। ਏਧਰ ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਅਖੀਰ ਮਾਤਾ ਸ਼ਾਮ ਦੀ ਚਾਹ ਬਣਾਉਣ ਲਈ ਉਠੀ। ਉਨ੍ਹਾਂ ਲਾਗੇ ਕੁਰਸੀ ਖਿਸਕਾ ਕੇ ਮੈਂ ਚਾਹ ਪੀਣ ਲੱਗਾ। ਭੈਣ ਸਤਵੰਤ ਨੇ ਤਰਲੇ ਭਰੀ ਸੁਰ ਵਿਚ ਕਿਹਾ, 'ਬੀਬਾ ਵੀਰ ਬਣ ਕੇ ਇਕ ਕੰਮ ਤਾਂ ਕਰ।'

'ਦੱਸ ਭੈਣ।' ਕਿਤਾਬ ਤੋਂ ਧਿਆਨ ਹਟਾ ਕੇ ਮੈਂ ਕਿਹਾ।

'ਜਿੰਦੋ ਨਾਨਕੇ ਗਈ ਐ। ਵੱਡੀ ਮਾਮੀ ਦਾ ਨਿੱਕਾ ਹੁਣ ਸਵਾ ਮਹੀਨੇ ਤੋਂ ਉੱਪਰ ਹੋ ਗਿਆ। ਤੂੰ ਕੱਲ੍ਹ ਕਾਲਜੋਂ ਆ ਕੇ ਨਾਨਕੇ ਵਗ਼ ਜਾ ਤੇ ਉਹਨੂੰ ਲੈ ਆ।' ਮੇਰੇ ਅੰਦਰ ਅਜੀਬ ਜਿਹੀ ਲਹਿਰ ਉੱਠੀ। ਨਾਂਹ ਕਰਨ ਦਾ ਤਾਂ ਜਿਵੇਂ ਸੁਆਲ ਹੀ ਨਹੀਂ ਸੀ। ਕਾਲਜ ਤੋਂ ਪੂਰੇ ਦਿਨ ਦੀ ਛੁੱਟੀ ਵੀ ਕਰ ਸਕਦਾ ਸਾਂ। ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਸਵੇਰੇ ਕਾਲਜ ਜਾਣ ਲਈ ਤਿਆਰੀ ਵਿਚ ਮੇਰੇ ਅੰਦਰ ਉਚੇਚ ਕਿਉਂ ਸੀ? ਪੱਗ ਬੰਨ੍ਹਣ ਉਪਰੰਤ ਆਪਣੀ ਆਦਤ ਮੁਜਬ ਮੈਂ ਮਾਤਾ ਨੂੰ ਪੁੱਛਿਆ ਕਿ ਦੱਸੋ ਠੀਕ ਬੱਝੀ ਹੈ? ਉਹਦੇ ਠੀਕ ਕਹਿਣ ਦੇ ਬਾਵਜੂਦ ਵੀ ਮੈਂ ਫਿਰ ਸ਼ੀਸ਼ਾ ਵੇਖਿਆ। ਠੀਕ ਹੀ ਸੀ। ਫਿਰ ਵੀ ਮੈਂ ਪੇਚਾਂ ਨੂੰ ਸੁਆਰਿਆ। ਕਾਲਜ ਗਿਆ, ਪੀਰੀਅਡ ਲਾਏ ਤੇ ਬੱਸ ਅੱਡੇ ਲਾਗੇ ਚੁੰਗੀ ਤੇ ਸਾਇਕਲ ਖਲਿਹਾਰਿਆ। ਬੱਸੇ ਬੈਠਾ ਤੇ ਜੈਂਤੀਪੁਰ ਜਾ ਉੱਤਰਿਆ। ਉੱਥੋਂ ਡੇਢ ਕਿਲੋਮੀਟਰ ਦਾ ਫਾਸਲਾ ਮੈਂ ਪੈਦਲ ਤੁਰਦਿਆਂ ਕਾਹਲੇ ਕਦਮੀਂ ਮੁਕਾਇਆ। ਗਰਮੀ ਤੇ ਪਹੇ ਦੇ ਘੱਟੇ ਨਾਲ ਬੁਰਾ ਹਾਲ ਸੀ ਪਰ ਕੋਈ ਨਿਵੇਕਲਾ ਜਿਹਾ ਚਾਅ ਮੈਨੂੰ ਖਿੱਚੀ ਲਿਜਾ ਰਿਹਾ ਸੀ। ਨਾਨਕੇ ਘਰ ਜਾ ਕੇ ਪਾਣੀ ਧਾਣੀ ਪੀਤਾ ਤੇ ਸਾਰਿਆਂ ਨੂੰ ਸਾਂਝਾ ਕਿਹਾ, 'ਮੈਂ ਜਿੰਦੋ ਨੂੰ ਲੈਣ ਆਇਆਂ। ਮਾਤਾ ਤੇ ਮਾਸੀ ਨੇ ਆਖਿਆ ਸੀ ਕਿ ਮੈਂ ਉਹਨੂੰ ਲੈ ਆਵਾਂ।'

'ਜੀ ਸਦਕੇ, ਮਾਂ ਵਾਰੀ ਪੁੱਤ।' ਨਾਨੀ ਨੇ ਮੇਰਾ ਸਿਰ ਪਲੋਸਿਆ।

'ਜਿੱਦਾਂ ਸਹੁਰੇ ਆਈਆਂ ਭੈਣਾਂ ਨੂੰ ਲੈਣ ਵੀਰ ਆਉਂਦੇ ਆ, ਤੂੰ ਤਾਂ ਏਦਾਂ ਆਇਆਂ ਘੋੜੇ ਚੜ੍ਹਿਆ।' ਮਾਮੀ ਨੇ ਹੱਸਦਿਆਂ ਕਿਹਾ।

'ਨਹੀਂ ਮਾਮੀ ਜੀ, ਮੈਂ ਤਾਂ ਪੈਦਲ ਈ ਆਇਆਂ।' ਮੇਰੀ ਗੱਲ ਤੋਂ ਸਾਰੇ ਹੱਸ ਪਏ ਸਨ।

ਜਿੰਦੋ ਝੋਲ਼ੇ ਵਿਚ ਕੱਪੜਾ ਲਤਾ ਸਾਂਭਣ ਲੱਗ ਪਈ। ਪਤਾ ਨਹੀਂ ਕਿਉਂ ਮੈਂ ਉਹਦੇ ਵੱਲ ਬਹੁਤਾ ਧਿਆਨ ਨਹੀਂ ਸਾਂ ਟਿਕਾ ਰਿਹਾ। ਮੇਰੇ ਨਾਲ ਤੁਰਨ ਲਈ ਨਿੱਕੇ ਨਿੱਕੇ ਆਹਰ ਕਰਦੀ ਉਹ ਮੈਨੂੰ ਚੰਗੀ ਚੰਗੀ ਲੱਗ ਰਹੀ ਸੀ। ਚਾਹ ਪੀਂਦਿਆਂ, ਰੋਟੀ ਖਾਂਦਿਆਂ ਤੇ ਮਾਮੀ ਨਾਨੀ ਨਾਲ ਗੱਲਾਂ ਕਰਦਿਆਂ ਮੇਰੇ ਅੰਦਰ ਇਕ ਕਾਹਲੀ ਜਿਹੀ ਪੈਂਦੀ ਰਹੀ ਕਿ ਰੱਬ ਨਾ ਕਰੇ ਐਨ ਤੁਰਨ ਦੇ ਮੌਕੇ ਕਿਧਰੇ ਸਲਾਹ ਬਦਲ ਜਾਏ। ਮਤੇ ਨਾਨੀ ਕਹਿ ਦਏ, ਤੂੰ ਜਾਹ ਪੁੱਤ, ਮੈਂ ਇਹਨੂੰ ਸਵੇਰੇ ਵਟਾਲੇ ਲੈ ਆਊਂ। ਪਰ ਨਹੀਂ, ਮੇਰਾ ਇਹ ਖ਼ਦਸ਼ਾ ਨਿਰਮੂਲ ਸਾਬਤ ਹੋਇਆ। ਨਾਨੀ ਨੇ ਜਿੰਦੋ ਦੇ ਹੱਥ ਪੰਜਾਂ ਦਾ ਨੋਟ ਦੇ ਕੇ ਪਿਆਰ ਦਿਤਾ ਤੇ ਮੈਨੂੰ ਤਾਕੀਦ ਕਰਦਿਆਂ ਕਿਹਾ ਕਿ ਮੈਂ ਧਿਆਨ ਨਾਲ ਭੈਣ ਨੂੰ ਲੈ ਕੇ ਘਰ ਜਾਵਾਂ। ਮੈਂ ਆਪਣੀ ਵੁੱਕਤ ਨਾਲੋਂ ਵੱਧ ਚੌੜਾ ਹੋ ਕੇ ਕਿਹਾ ਸੀ , 'ਗੱਲ ਈ ਕੋਈ ਨਹੀਂ।'

ਉਹੀ ਡੇਢ ਕਿਲੋਮੀਟਰ ਦਾ ਵਾਪਸੀ ਸਫ਼ਰ ਮੁੜ ਸ਼ੁਰੂ ਹੋ ਗਿਆ। ਨਾਲੋ ਨਾਲ ਤੁਰਨ ਲੱਗੇ ਸਾਂ ਮੈਂ ਤੇ ਜਿੰਦੋ। ਸਾਡੇ ਮੋਢੇ ਇਕ ਦੂਜੇ ਦੇ ਬਰਾਬਰ ਸਨ। ਉਹਦਾ ਸਿਰ ਵੀ ਮੇਰੇ ਸਿਰ ਦੇ

ਬਰਾਬਰ ਸੀ। ਕਿਸੇ ਇਕ ਪਾਸੇ ਪਰਛਾਵਾਂ ਦਿਸਦਾ ਤਾਂ ਮੈਂ ਕਿਆਫ਼ਾ ਲਾਉਂਦਾ, ਮੈਂ ਜਿੰਦੋ ਤੋਂ ਮਸਾਂ ਇੰਚ ਭਰ ਹੀ ਉੱਚਾ ਸਾਂ। ਕਦਮ ਕਦਮ ਨਾਲੋ ਨਾਲ ਇਕ ਅਜੀਬ ਜਿਹਾ ਖ਼ੁਮਾਰ ਮੇਰੇ 'ਤੇ ਤਾਰੀ ਹੋ ਰਿਹਾ ਸੀ। ਪਿੰਡ ਵਾਲਾ ਪ੍ਰਾਇਮਰੀ ਸਕੂਲ ਲੰਘਿਆ, ਸੂਏ ਦੀ ਪੁਲ਼ੀ 'ਤੇ ਲੱਗੇ ਨਲਕੇ ਤੋਂ ਮੈਂ ਬੁੱਕ ਨਾਲ ਠੰਢਾ ਪਾਣੀ ਪੀਤਾ। ਇਸਤੋਂ ਅੱਗੇ ਰਾਹ ਬਿਲਕੁਲ ਸੁੰਨਾ ਹੋ ਗਿਆ। ਵੱਡੇ ਖਾਲ਼ ਵਿਚ ਪਾਣੀ ਡੂੰਘਾ ਵਹਿ ਰਿਹਾ ਸੀ। ਮਈ ਮਹੀਨੇ ਵਿਚ ਪਹੇ ਦੀ ਧੂੜ ਉਡੂੰ ਉਡੂੰ ਪਈ ਕਰਦੀ ਸੀ। ਜਿੰਦੋ ਪਹੇ ਦੇ ਕਿਨਾਰੇ ਕਿਨਾਰੇ ਘਾਹ ਦੀਆਂ ਤਿੜਾਂ ਤੇ ਪੈਰ ਰੱਖ ਰੱਖ ਤੁਰਦੀ ਤਾਂ ਜੁ ਘੱਟਾ ਨਾ ਪਵੇ। ਫਿਰ ਵੀ ਸੈਂਡਲਾਂ ਦੇ ਵਿਚੋਂ ਦੀ ਉਹਦੇ ਪੈਰਾਂ ਤੇ ਧੂੜ ਜੰਮ ਹੀ ਗਈ। ਪਹੇ ਦੇ ਕਿਨਾਰੇ ਉੱਚੇ ਉੱਚੇ ਕਾਨੇ ਸਰਕੰਡੇ ਸਨ। ਮੋਰ ਦੇ ਖੰਭਾਂ ਵਰਗੇ ਕਾਨਿਆਂ ਦੇ ਗੁੱਲ ਲਹਿਰਾ ਰਹੇ ਸਨ। ਜਿੰਦੋ ਚੁੱਪ ਸੀ। ਮੈਂ ਵੀ ਨਹੀਂ ਸਾਂ ਬੋਲ ਰਿਹਾ। ਪਰ ਮੇਰੇ ਅੰਦਰ ਕਈ ਲਫ਼ਜ਼ ਖੌਰੂ ਪਾ ਰਹੇ ਸਨ। ਜਿਵੇਂ ਉਨ੍ਹਾਂ ਨੂੰ ਬਾਹਰ ਨਿਕਲਣ ਲਈ ਕੋਈ ਰਾਹ ਨਹੀਂ ਸੀ ਲੱਭ ਰਿਹਾ। ਉਹੀ ਸਫ਼ਰ ਜਿਹੜਾ ਜਾਂਦੀ ਵਾਰੀ ਮੁਕਦਾ ਨਹੀਂ ਸੀ ਉਹ ਏਨੀ ਤੇਜ਼ੀ ਨਾਲ ਮੁੱਕਦਾ ਜਾਂਦਾ ਸੀ। ਸਾਹਮਣੇ ਅੱਡੇ ਦੀਆਂ ਦੁਕਾਨਾਂ ਦਾ ਝੌਲ਼ਾ ਪੈਣ ਲੱਗਾ ਸੀ। ਮੈਂ ਜਿੰਦੋ ਵੱਲ ਵੇਖਦਾ, ਉਹ ਨਿੰਮਾ ਜਿਹਾ ਮੁਸਕਰਾ ਪੈਂਦੀ। ਮੈਂ ਆਪਣਾ ਅੰਦਰ ਫਿਰ ਫਰੋਲਣ ਦੇ ਆਹਰੇ ਲੱਗ ਜਾਂਦਾ। ਕਿਹੜੀ ਗੱਲ ਸੀ ਜਿਹੜੀ ਮੈਂ ਜਿੰਦੋ ਨਾਲ ਕਰਨੀ ਸੀ ? ਕਿਉਂ ਬੀਤੇ ਦਿਨ ਤੋਂ ਮੈਂ ਏਨਾ ਉਤਾਵਲਾ ਸਾਂ ? ਜਿੰਦੋ ਨੂੰ ਨਾਨਕਿਆਂ ਤੋਂ ਲੈ ਆਉਣ ਦਾ ਏਨਾ ਚਾਅ ਮੈਨੂੰ ਕਿਉਂ ਚੜ੍ਹਿਆ ਸੀ ? ਉਹ ਉਤਾਵਲਾਪਨ ਤੇ ਚਾਅ ਇੰਜ ਕਿਉਂ ਛਿੰਨ ਭੰਗਰ ਹੋ ਗਏ ? ਉਸ ਭਾਵਨਾ ਨੂੰ ਕੋਈ ਤਾਂ ਜ਼ੁਬਾਨ ਮਿਲਦੀ, ਕੋਈ ਸ਼ਬਦ, ਕੋਈ ਬੋਲ ਤਾਂ ਨਸੀਬ ਹੁੰਦਾ। ਖ਼ੁਸ਼ਕ ਤੇ ਗਰਮ ਹਵਾ ਵਿਚ ਉੱਡਦੇ ਮਾਈ-ਬੁੱਢੀ-ਦੇ-ਝਾਟੇ ਦੇ ਫੰਭੇ ਮੇਰੇ ਸਿਰ ਉੱਤੋਂ ਲੰਘਦੇ ਦੂਰ ਹੁੰਦੇ ਗਏ। ਕਾਨਿਆਂ ਦੇ ਚੌਰਾਂ ਵਰਗੇ ਗੁੱਲ ਵੀ ਪਿੱਛੇ ਰਹਿ ਗਏ। ਅੱਡਾ ਸਿਰ 'ਤੇ ਆ ਗਿਆ। ਫਿਰ ਉਂਜ ਹੀ ਚੁੱਪ ਗੜੁੱਪ ਅੱਡੇ 'ਤੇ ਖਲੋਤਿਆਂ ਮੇਰੀ ਤੇ ਜਿੰਦੋ ਦੀ ਬਟਾਲੇ ਜਾਣ ਵਾਲੀ ਬੱਸ ਦੀ ਉਡੀਕ ਸ਼ੁਰੂ ਹੋ ਗਈ। ਪੰਜ ਦਸ ਪੰਦਰਾਂ ਮਿੰਟ ਇੰਜ ਹੀ ਲੰਘ ਗਏ। ਅਸੀਂ ਇਕ ਦੂਜੇ ਤੋਂ ਥੋੜ੍ਹਾ ਫ਼ਾਸਲਾ ਬਣਾ ਕੇ ਇਕੋ ਥਾਂ ਓਪਰਿਆਂ ਵਾਂਗ ਖਲੋਤੇ ਰਹੇ। ਇਕ ਦੋ ਬੱਸਾਂ ਆਈਆਂ ਪਰ ਰੁਕੀਆਂ ਨਾ। ਸ਼ਾਮ ਦੀ ਰੇਲ ਗੱਡੀ ਦਾ ਵੀ ਟਾਈਮ ਸੀ। ਅੱਡੇ ਤੋਂ ਪੰਜਾਹ ਗਜ਼ ਦੂਰ ਸਟੇਸ਼ਨ ਵੱਲ ਅਹੁਲੇ। ਉੱਥੋਂ ਪਤਾ ਲੱਗਾ ਹਾਲੇ ਗੱਡੀ ਆਉਣ ਵਿਚ ਕਾਫੀ ਦੇਰੀ ਹੈ। ਉੱਥੋਂ ਫਿਰ ਅੱਡੇ ਵੱਲ ਪਰਤੇ। ਸ਼ਾਮ ਦਾ ਰੰਗ ਹਨੇਰੇ ਵਿਚ ਵਟਣ ਲੱਗਾ ਸੀ। ਜਿੰਦੋ ਨੇ ਜ਼ੁਬਾਨ ਖੋਲ੍ਹੀ, 'ਵੀਰ, ਲੋਕੀ ਵੇਖ ਰਹੇ ਨੇ। ਖਵਰੇ ਸੋਚਦੇ ਹੋਣ ਕੌਣ ਕੁੜੀ ਮੁੰਡਾ ਏਧਰ ਉਧਰ ਫਿਰੀ ਜਾਂਦੇ ਆ।'

'ਕਿਸੇ ਦੀ ਕੀ ਮਜਾਲ।' ਮੈਂ ਮਰਦ ਹਓਂ ਵਿਚ ਆਖਿਆ। ਪਰ ਮੈਂ ਵੀ ਧਿਆਨ ਕੀਤਾ। ਸ਼ਾਮ ਦੇ ਘੁਸਮੁਸੇ ਵਿਚ ਏਧਰ ਉਧਰ ਖੜ੍ਹੇ ਕੁਝ ਬੰਦਿਆਂ ਦਾ ਧਿਆਨ ਸਾਡੇ ਵਿਚ ਸੀ। ਪਤਾ ਨਹੀਂ ਕੀ ਸੋਚਦੇ ਹੋਣ ? ਖ਼ੈਰ, ਸਾਨੂੰ ਕੀ ? ਨਹੀਂ, ਉਹ ਜ਼ਰੂਰ ਮੇਰੇ ਤੇ ਜਿੰਦੋ ਬਾਰੇ ਕੁਝ ਗ਼ਲਤ ਸੋਚਦੇ ਹੋਣਗੇ। ਇਸ ਗ਼ਲਤ ਦਾ ਕਿਆਸ ਵੀ ਮੈਨੂੰ ਚੰਗਾ ਲੱਗਾ। ਮੈਂ ਫੇਰ ਅੰਬਰਸਰੋਂ ਆਉਣ ਵਾਲੀ ਬੱਸ ਦਾ ਰਾਹ ਵੇਖਣ ਲੱਗਾ। ਅਖੀਰ ਦੂਰੋਂ ਇਕ ਰੋਸ਼ਨੀਆਂ ਦਾ ਬਿੰਦੂ ਜੋੜਾ ਪ੍ਰਗਟ ਹੋਇਆ ਤੇ ਅੱਡੇ ਤੇ ਆ ਕੇ ਬੱਸ ਰੁਕ ਗਈ। ਭਰੀ ਬੱਸ ਵਿਚ ਮੈਂ ਜਿੰਦੋ ਨੂੰ ਪਹਿਲਾਂ ਚੜ੍ਹਾਇਆ ਤੇ ਫਿਰ ਮੈਂ ਆਪ ਚੜ੍ਹਿਆ। ਇਕ ਮਾਈ ਲਾਗੇ ਥੋੜ੍ਹਾ ਥਾਂ ਬਣਾ ਕੇ ਮੈਂ ਜਿੰਦੋ ਨੂੰ ਬਿਠਾ ਕੇ ਆਪ ਲਾਗੇ ਖਲੋ ਗਿਆ। ਉਹਦੇ ਮੋਢੇ ਨਾਲ ਲੱਗ ਕੇ ਉਪਰੋਂ ਰੇਲਿੰਗ ਫੜ ਕੇ ਖਲੋਤਿਆਂ ਜਿਵੇਂ ਊਂਘਣ ਲੱਗਾ। ਦਸ ਯਾਰਾਂ ਕਿਲੋਮੀਟਰ ਦਾ ਪੰਧ ਅੱਖ ਦੇ ਫੋਰ 'ਚ ਮੁੱਕ ਗਿਆ। ਬਟਾਲਾ ਆ ਗਿਆ ਸੀ। ਬੱਸ ਚੋਂ ਉੱਤਰ ਮੈਂ ਜਿੰਦੋ ਨੂੰ ਇਕ ਥਾਂ ਖਲਿਹਾਰਿਆ ਤੇ ਆਪ



ਚੂੰਗੀ ਦੀ ਕੰਧ ਨਾਲ ਖਲੋਤਾ ਸਾਇਕਲ ਫੜਿਆ ਤੇ ਜਿੰਦੋ ਨੂੰ ਮਗਰ ਬਿਠਾ ਕੇ ਘਰ ਲੈ ਆਇਆ। ਘਰ ਬੈਠੀ ਉਡੀਕਦੀ ਮਾਸੀ ਨੇ ਸਾਨੂੰ ਵਾਰੋ ਵਾਰੀ ਪਿਆਰ ਦਿੱਤਾ। ਨਾਨੀ, ਮਾਮੀ ਤੇ ਨਿੱਕੇ ਜੁਆਕਾਂ ਦਾ ਹਾਲ ਹਵਾਲ ਪੁੱਛਿਆ ਤੇ ਜਿੰਦੋ ਨੂੰ ਭੈਣ ਸਤਵੰਤ ਦੇ ਘਰ ਲੈ ਗਈ।

ਰਾਤੀਂ ਮਹਿਸੂਸ ਹੋਇਆ ਕਿ ਮੈਨੂੰ ਭੁੱਖ ਬਿਲਕੁਲ ਨਹੀਂ ਸੀ। ਸੌਣ ਲੱਗਿਆਂ ਜਾਪਿਆ ਕਿ ਨੀਂਦ ਵੀ ਨਹੀਂ ਹੈ। ਸ਼ਾਮ ਦਾ ਸਾਰਾ ਘਟਨਾਕ੍ਰਮ ਜਿਵੇਂ ਸੰਘ ਵਿਚ ਕੰਡੇ ਵਾਂਗ ਪੁੜਿਆ ਪਿਆ ਸੀ। ਫਿਰ ਮੈਂ ਆਪਣੇ ਹੱਕ ਤੇ ਵਿਰੋਧ ਵਿਚ ਦਲੀਲਾਂ ਜੁਟਾਉਣ ਲੱਗ ਪਿਆ। ਇੰਜ ਸੋਚੀਦਾ ਕੋਈ ? ਨਿੱਘਾ ਤੇ ਅਪਣੱਤ ਭਰਿਆ ਰਿਸ਼ਤਾ ਤਾਂ ਪਹਿਲਾਂ ਹੀ ਮੌਜੂਦ ਹੈ ਮੇਰੇ ਤੇ ਜਿੰਦੋ ਵਿਚਾਲੇ। ਫਿਰ ਇਹ ਕੈਸੇ ਊਟਪਟਾਂਗ ਖਿਆਲ ਨੇ ਜੋ ਮੇਰੇ ਜ਼ਿਹਨ ਵਿਚ ਸਰਪੱਟ ਦੌੜ ਰਹੇ ਨੇ ? ਕਿਉਂ ? ਫਿਰ ਕਿਧਰੋਂ ਅਣਪਛਾਤੇ ਪਾਸਿਓਂ ਆਵਾਜ਼ ਆਈ-ਮਾਸੀਆਂ ਦੀਆਂ ਧੀਆਂ, ਮੇਰੀਆਂ ਭੈਣਾਂ ਹੋਰ ਵੀ ਤੇ ਹੈਣ। ਫਿਰ ਜਿੰਦੋ ਹੀ ਕਿਉਂ ਤੇ ਉਹਦੇ ਬਾਰੇ ਹੀ ਕਿਉਂ ਤੂੰ ਤਰਲੋਮੱਛੀ ਹੈਂ ? ਰਾਤ ਡੂੰਘੀ ਹੁੰਦੀ ਗਈ। ਜਿੰਦੋ ਦੇ ਨਕਸ਼ ਵੀ ਡੂੰਘੇ ਲਹਿੰਦੇ ਗਏ। ਮੈਂ ਪਾਸੇ ਪਰਤੇ, ਅੱਖਾਂ ਮੀਟੀਆਂ, ਖਿਆਲਾਂ ਦੇ ਆਪਮੁਹਾਰੇ ਮੁਹਾਣਾਂ ਨੂੰ ਹੋੜਿਆ ਪਰ ਕੁਝ ਵੀ ਨਾ ਬਣਿਆ। ਗੁਰਦੁਆਰੇ ਤੋਂ ਸੁਖਮਨੀ ਦਾ ਪਾਠ ਸ਼ੁਰੂ ਹੋ ਗਿਆ। ਰਾਤ ਬੀਤ ਗਈ ਤੇ ਦਿਨ ਚੜ੍ਹ ਗਿਆ।

ਦਿਨ ਚੜ੍ਹਿਆ ਤੇ ਲਹਿ ਗਿਆ। ਉਸ ਮੌਸਮ ਦੀ ਗਰਮ ਰੁੱਤ ਲੰਘੀ ਤੇ ਅਗਲੀ ਆ ਗਈ। ਮੇਰੀ ਮਾਤਾ ਤੇ ਮਾਸੀ ਦਰਮਿਆਨ ਕਿਸੇ ਧੀ ਪੁੱਤਰ ਦੇ ਰਿਸ਼ਤੇ ਨੂੰ ਲੈ ਕੇ ਮਨ ਮੁਟਾਵ ਹੋ ਗਿਆ ਜੋ ਏਨਾ ਵਧ ਗਿਆ ਕਿ ਇਕ ਦੂਜੇ ਵੱਲ ਆਉਣਾ ਜਾਣਾ ਵੀ ਬੰਦ ਹੋ ਗਿਆ। ਮਾਸੀ ਹੋਰਾਂ ਜਿੰਦੋ ਦੇ ਵਿਆਹ ਤੇ ਸੱਦਿਆ ਈ ਨਾ। ਇਸ ਗੱਲ ਦੀ ਮੇਰੇ ਮਨ ਨੂੰ ਕੋਈ ਬਹੁਤੀ ਸੱਟ ਵੀ ਨਾ ਵੱਜੀ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਉਹ ਕਿਧਰੇ ਡੇਰੇ ਬਾਬੇ ਨਾਨਕ ਵੱਲ ਵਿਆਹੀ ਗਈ ਸੀ। ਏਧਰ ਮੈਂ ਬੀ.ਏ. ਕਰਨ ਉਪਰੰਤ ਅਮ੍ਰਿਤਸਰੋਂ ਐੱਮ.ਏ. ਕਰ ਰਿਹਾ ਸਾਂ ਜਦ ਇਸ ਗੱਲ ਦਾ ਪਤਾ ਲੱਗਾ ਮੇਰਾ ਜਮਾਤੀ ਬਲਵਿੰਦਰ ਉਸ ਪਿੰਡੋਂ ਆਉਂਦਾ ਸੀ ਜਿੱਥੇ ਜਿੰਦੋ ਵਿਆਹੀ ਹੋਈ ਸੀ।ਬਲਵਿੰਦਰ ਉਸ ਟੱਬਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ।ਐੱਮ.ਏ. ਫਾਈਨਲ ਦੇ ਪੇਪਰਾਂ ਤੋਂ ਬਾਅਦ ਮੈਂ ਉਹਦੇ ਨਾਲ ਉਸ ਪਿੰਡ ਜਾਣ ਦਾ ਪ੍ਰੋਗਰਾਮ ਬਣਾਇਆ। ਜਾਂਦੇ ਵੇਲੇ ਮੈਂ ਉਹਦੇ ਨਾਲ ਕੋਈ ਅਜਿਹਾ ਉਚੇਚ ਜ਼ਾਹਰ ਨਾ ਕੀਤਾ ਕਿ ਮੇਰੇ ਮਨ ਦੇ ਧੁਰ ਅੰਦਰ ਕਿਧਰੇ ਜਿੰਦੋ ਨੂੰ ਵੇਖਣ ਦੀ ਖ਼ਾਹਸ਼ ਪਲ਼ ਰਹੀ ਸੀ। ਅਸੀਂ ਦੋਵੇਂ ਮਿੱਤਰ ਕਿਸੇ ਕੋਲੋਂ ਮੰਗੇ ਮੋਟਰ ਸਾਇਕਲ ਤੇ ਪਿੰਡ ਪਹੁੰਚ ਗਏ। ਦੋਸਤ ਦੇ ਘਰ ਰਾਤ ਸੁੱਤਿਆਂ ਮੈਨੂੰ ਅਚਵੀ ਜਿਹੀ ਲੱਗੀ ਰਹੀ। ਜਿੰਦੋ ਨੂੰ ਮਿਲਿਆਂ ਛੇ ਸੱਤ ਸਾਲ ਹੋ ਗਏ ਸਨ। ਮੇਰਾ ਮੂੰਹ ਦਾੜ੍ਹੀ ਮੁੱਛਾਂ ਨਾਲ ਭਰ ਗਿਆ ਸੀ। ਪਰ ਉਹ ਲਲਕ ਜਿਓਂ ਦੀ ਤਿਓਂ ਕਾਇਮ ਸੀ। ਸਵੇਰੇ ਉੱਠ ਕੇ ਮੈਂ ਕਾਹਲੀ ਨਾਲ ਤਿਆਰ ਹੋਇਆ। ਉਸੇ ਕਾਹਲੀ ਨਾਲ ਨਾਸ਼ਤਾ ਕੀਤਾ। ਕਿਹੋ ਜਿਹੀ ਹੋਵੇਗੀ ਜਿੰਦੋ ? ਉਸ ਨੂੰ ਵੇਖਣ ਲਈ ਮੇਰੀਆਂ ਅੱਖਾਂ ਉਤੇਜਤ ਹੋ ਰਹੀਆਂ ਸਨ।

ਮੈਂ ਤੇ ਬਲਵਿੰਦਰ ਉਸ ਘਰ ਪਹੁੰਚੇ ਜਿੱਥੇ ਜਿੰਦੋ ਰਹਿ ਰਹੀ ਸੀ। ਇਕ ਬਜ਼ੁਰਗ ਤੇ ਇਕ ਜੁਆਨ ਬੰਦੇ ਨੇ ਸਾਡਾ ਸੁਆਗਤ ਕੀਤਾ ਤੇ ਬਾਹਰਲੇ ਗੇਟ ਨਾਲ ਲੱਗਦੀ ਬੈਠਕ ਵਿਚ ਬਿਠਾ ਦਿਤਾ ਤੇ ਆਪ ਉਹ ਫਿਰ ਬਾਹਰ ਨਿਕਲ ਗਏ। ਬਲਵਿੰਦਰ ਨੇ ਦੱਸਿਆ ਕਿ ਬਜ਼ੁਰਗ ਇਲਾਕੇ ਦਾ ਮੰਨਿਆ ਪ੍ਰਮੰਨਿਆ ਠੇਕੇਦਾਰ ਹੈ ਤੇ ਦੂਜਾ ਇਹਦਾ ਮੁੰਡਾ ਐ, ਇਹ ਵੀ ਚੰਗਾ ਮਿਸਤਰੀ ਆ।

**ਬਾਕੀ ਪੰਨਾ ਨੰ : 55 'ਤੇ**

ਮੇਰਾ ਜਨਮ 26 ਅਗਸਤ, 1957 ਨੂੰ ਕਸਬਾ ਵੂਲ ਵਿੱਚ ਹੋਇਆ। ਮੈਂ ਪੰਜਾਬ ਦੇ ਇੱਕ ਇਤਿਹਾਸਿਕ ਪਿੰਡ ਵਿੱਚ ਸੁਰਤ ਸੰਭਾਲੀ। ਸ਼ਾਹ ਮੁਹੰਮਦ ਜੰਗਨਾਮਾ ਹਿੰਦ-ਪੰਜਾਬ ਵਿੱਚ ਜ਼ਿਕਰ ਕਰਦਾ ਹੈ -

ਇੱਕ ਪਿੰਡ ਜੀਹਦਾ ਨਾਂ ਮੁਦਕੀ ਸੀ ।

ਇੱਥੇ ਮੇਰੇ ਪਿਤਾ ਜੀ ਪੰਜਾਬੀ ਅਧਿਆਪਕ ਸਨ। ਅਸੀਂ ਸੇਠ ਦੀ ਦੋ ਮੰਜ਼ਿਲੀ ਹਵੇਲੀ ਵਿੱਚ ਰਹਿੰਦੇ ਸਾਂ, ਹਵੇਲੀ ਦੀ ਬਣਤਰ ਬਾਰੇ ਮੈਨੂੰ ਥੋੜ੍ਹਾ ਥੋੜ੍ਹਾ ਯਾਦ ਹੈ -ਪਹਿਲੀ ਮੰਜ਼ਲ 'ਤੇ ਸਾਡੇ ਪਾਸ ਦੋ ਕਮਰੇ ਸਨ ਤੇ ਉਹਨਾਂ ਦੇ ਉੱਪਰ ਇੱਕ ਚੋਬਾਰਾ ਸੀ ਅਸੀਂ ਚੋਬਾਰੇ ਦੇ ਅੱਗੇ ਪੱਕੇ ਵਿਹੜੇ ਵਿੱਚ ਮੰਜੇ ਡਾਹ ਕੇ ਸੌਂਦੇ ਸਾਂ ਮੈਂ ਪਿਤਾ ਜੀ ਨਾਲ ਸੌਂਦਾ ਸੀ। ਇੱਕ ਰਾਤ ਤਲਵੰਡੀ ਭਾਈ ਵਾਲੇ ਪਾਸਿਓਂ ਰੋਸ਼ਨੀਆਂ ਦੇ ਬਿੰਦੂ ਜਿਹੇ ਲਗਾਤਾਰ ਇੱਧਰ ਨੂੰ ਆ ਰਹੇ ਸਨ। ਦਾਰਜੀ (ਮੈਂ ਪਿਤਾ ਜੀ ਨੂੰ ਦਾਰਜੀ ਕਹਿੰਦਾ ਸਾਂ ਤੇ ਬੀਬੀ ਸਰਦਾਰ ਜੀ) ਨੇ ਦੱਸਿਆ ਕਿ ਚੀਨ ਨਾਲ ਜੰਗ ਲੱਗੀ ਹੋਈ ਹੈ ਤੇ ਇਹ ਮਿਲਟਰੀ ਦੀਆਂ ਗੱਡੀਆਂ ਹਨ ਤੇ ਫਰੀਦਕੋਟ ਵੱਲ ਜਾ ਰਹੀਆਂ ਹਨ ।

ਬਸ ਅੱਡੇ ਕੋਲ ਧਰਮਸ਼ਾਲਾ ਵਿੱਚ ਪ੍ਰਾਇਮਰੀ ਸਕੂਲ ਸੀ ਜਿਸ ਵਿੱਚ ਮੈਨੂੰ ਪਿਤਾ ਜੀ ਇੱਕ ਦਿਨ ਛੱਡ ਆਏ ਸਨ। ਅਸੀਂ ਕੁਝ ਪੌੜੀਆਂ ਚੜ ਕੇ ਕਲਾਸ ਵਾਲੇ ਕਮਰੇ ਵਿੱਚ ਜਾਂਦੇ ਸਾਂ। ਅਧਿਆਪਕ ਦੀ ਧੁੰਦਲੀ ਜਿਹੀ ਆਕ੍ਰਿਤੀ ਚੇਤੇ ਵਿੱਚ ਆਉਂਦੀ ਹੈ। ਸਕੂਲ ਬਾਰੇ ਹੋਰ ਕੁਝ ਯਾਦ ਨਹੀਂ। ਕਿਸੇ ਜਮਾਤੀ ਬਾਰੇ ਵੀ ਕੁਝ ਨਹੀਂ।

ਇੱਕ ਹੋਰ ਯਾਦ-ਕਮਰੇ ਵਿੱਚ ਪਿਆ ਆਪਣਾ ਕਾਇਦਾ ਜਾਂ ਕਿਤਾਬ ਪੜ੍ਹ ਰਿਹਾ ਸੀ -

ਨਾਨੀ ਆਈ, ਨਾਨੀ ਆਈ।
ਝੋਲੇ ਦੇ ਵਿੱਚ ਬਰਫ਼ੀ ਲਿਆਈ।

ਉਸੇ ਵਕਤ ਜਾਂ ਉਸੇ ਦਿਨ ਮੇਰੀ ਨਾਨੀ ਸਾਨੂੰ ਮਿਲਣ ਆ ਗਈ ਤੇ ਉਹ ਝੋਲੇ ਵਿੱਚ ਬਰਫ਼ੀ ਲਿਆਈ।

ਸਕੂਲ ਮੈਂ ਥੋੜ੍ਹੇ ਦਿਨ ਹੀ ਗਿਆ ਹੋਵਾਂਗਾ। ਪਿਤਾ ਜੀ ਨੇ ਆਪਣੀ ਬਦਲੀ ਸਾਡੇ ਪਿੰਡ ਦੇ ਨਜ਼ਦੀਕ ਹਰੀਕੇ ਕਲਾਂ ਸਕੂਲ ਦੀ ਕਰਵਾ ਲਈ ਸੀ ਤੇ ਅਸੀਂ ਹੁਣ ਆਪਣੇ ਪਿੰਡ ਰਿਹਾ ਕਰਨਾ ਸੀ। ਮੈਨੂੰ ਆਪਣੇ ਪਿੰਡ ਦਾ ਚਾਅ ਚੜ੍ਹਿਆ ਹੋਇਆ ਸੀ। ਮੁਦਕੀ ਤੋਂ ਆਉਣ ਵਾਲਾ ਇੱਕ ਸੀਨ ਮੇਰੇ ਯਾਦ ਹੈ - ਪਿੰਡੋਂ ਮੇਰਾ ਚਾਚਾ ਤੇ ਉਹਦਾ ਦੋਸਤ ਅਮਰ ਸਿੰਘ ਟਰੈਕਟਰ ਟਰਾਲੀ ਲੈ ਕੇ ਆਏ ਸਨ। ਲਾਲ ਰੰਗ ਦੇ ਸਟਾਰ ਟਰੈਕਟਰ (ਇਹ ਟਰੈਕਟਰ ਅੱਜਕਲ੍ਹ ਨਹੀਂ ਆਉਂਦੇ ਤੇ ਇਹਨਾਂ ਦਾ ਨਾਂ ਵੀ ਸ਼ਾਇਦ ਸਟੀਅਰ ਜਾਂ ਕੁਝ ਹੋਰ ਸੀ ਪਰ ਪਿੰਡਾਂ ਵਾਲੇ ਸਟਾਰ ਹੀ ਕਹਿੰਦੇ ਸਨ) ਦੇ ਚੌੜੇ ਮਡਗਾਰਡ 'ਤੇ ਮੈਂ ਤੇ ਪਿਤਾ ਜੀ ਬੈਠੇ ਸਾਂ। ਬੀਬੀ ਪਿੱਛੇ ਟਰਾਲੀ ਵਿੱਚ ਸਾਮਾਨ ਕੋਲ ਬੈਠੀ ਸੀ। ਟਰੈਕਟਰ ਪੱਕੀ ਸੜਕ 'ਤੇ ਸੀ । ਤੇ ਬੱਸ... ਹੋਰ ਕੁਝ ਯਾਦ ਨਹੀਂ।

ਹਵੇਲੀ ਦੇ ਬਾਹਰ ਕੁਝ ਖੁੱਲ੍ਹਾ ਥਾਂ, ਸ਼ਾਇਦ ਇੱਥੇ ਪਥਕਣ ਸੀ-ਔਰਤਾਂ ਪਾਥੀਆਂ ਪਥਦੀਆਂ ਸਨ। ਇੱਥੇ ਇੱਕ ਪੁਰਾਣਾ ਟੁੱਟਿਆ ਫੁੱਟਿਆ ਲੱਕੜ ਦਾ ਸੰਦੂਕ ਜਿਹਾ ਪਿਆ ਹੁੰਦਾ



ਸੀ। ਮੈਂ ਤੇ ਇੱਕ ਹਾਨਣ ਕੁੜੀ ਇਸ ਸੰਦੂਕ ਦੇ ਓਹਲੇ ਵਿੱਚ ਸੀ। ਪੁਲਸੀਆ ਭਾਸ਼ਾ ਵਿੱਚ ਅਸੀਂ ਰੰਗਰਲੀਆਂ ਮਨਾਉਣ ਦੀ ਤਿਆਰੀ ਕਰ ਰਹੇ ਸਾਂ ਤਾਂ ਇੱਕ ਔਰਤ ਉਪਰੋਂ ਆ ਕੇ ਵੇਖਣ ਲੱਗ ਪਈ। ਮੈਂ ਸ਼ੂਟ ਵੱਟ ਗਿਆ ਪਰ ਉਸ ਕੁੜੀ ਦੇ ਉਸਨੇ ਕੁਝ ਜੜ ਦਿੱਤੀਆਂ ਸਨ। ਉਸਤੋਂ ਬਾਅਦ ਮੈਂ ਹਮੇਸ਼ਾ ਹੀ ਉਸ ਔਰਤ ਦੇ ਮੱਥੇ ਲੱਗਣੋਂ ਡਰਦਾ ਰਿਹਾ। ਉਹ ਹਾਨਣ ਕੁੜੀ ਕੌਣ ਸੀ ਕੀ ਨਾਂ ਸੀ? ਔਰਤ ਕੌਣ ਸੀ? ਉਹਨਾਂ ਦੇ ਚਿਹਰੇ ਮੋਹਰੇ ਕਿਹੋ ਜਿਹੇ ਸਨ? ਕੋਈ ਯਾਦ ਨਹੀਂ।

****

ਇੱਕ ਹੋਰ ਨਾਂ ਯਾਦ ਆ ਗਿਆ ਹੈ-ਸੁੱਖਾ। ਇਹ ਮੇਰਾ ਬਚਪਨ ਦਾ ਸਾਥੀ ਸੀ। ਇਹਦਾ ਵੀ ਚੇਹਰਾ ਮੋਹਰਾ ਕੋਈ ਯਾਦ ਨਹੀਂ। ਬਾਅਦ ਵਿੱਚ ਬੀਬੀ ਹੀ ਦੱਸਦੀ ਹੁੰਦੀ ਸੀ ਕਿ ਤੂੰ ਸੁੱਖੇ ਨਾਲ ਖੇਡਦਾ ਹੁੰਦਾ ਸੀ।

ਜਦੋਂ ਤੋਂ ਮੁਦਕੀ ਛੱਡ ਕੇ ਆਏ ਹਾਂ ਤਾਂ ਦੁਬਾਰਾ ਨਹੀਂ ਜਾ ਸਕੇ। ਅਨੇਕਾਂ ਵਾਰ ਇੱਥੋਂ ਲੰਘਣਾ ਪਿਆ ਹੈ। ਜਦੋਂ ਮੁਦਕੀ ਆਉਂਦਾ ਹੈ ਤਾਂ ਬਸ ਦੇ ਸ਼ੀਸ਼ੇ ਵਿੱਚੋਂ ਮੂੰਹ ਬਾਹਰ ਕੱਢ ਕੇ ਵੇਖਦਾ ਹਾਂ। ਸ਼ਾਇਦ ਕਿਧਰੇ ਹਵੇਲੀ ਦਿਸ ਜਾਵੇ। ਇੱਕ ਵਾਰ ਕੁਝ ਦੋਸਤਾਂ ਨਾਲ ਕਾਰ 'ਤੇ ਇੱਥੋਂ ਲੰਘ ਰਿਹਾ ਸਾਂ ਤਾਂ ਹਵੇਲੀ ਵੇਖਣ ਦੀ ਇੱਛਾ ਜਾਗ ਪਈ। ਮੇਰੇ ਦਿਮਾਗ ਵਿੱਚ ਸੀ ਕਿ ਬਸ ਅੱਡੇ ਕੋਲੋਂ ਚੌੜੀ ਗਲੀ ਹਵੇਲੀ ਕੋਲ ਹੀ ਜਾਂਦੀ ਹੈ। ਪਰ ਜਦੋਂ ਅਸੀਂ ਕਾਰ ਅੱਗੇ ਲੈ ਕੇ ਗਏ ਤਾਂ ਉੱਥੇ ਕੋਈ ਹਵੇਲੀ ਨਹੀਂ ਸੀ। ਚਾਰ ਦਹਾਕਿਆਂ ਬਾਅਦ ਮੈਂ ਇਸ ਥਾਂ ਆਇਆ ਸੀ। ਚਾਰ ਦਹਾਕੇ ਪਹਿਲਾਂ ਮਨ ਵਿੱਚ ਵਸੀ ਤਸਵੀਰ ਵਰਗਾ ਇੱਥੇ ਕੁਝ ਵੀ ਨਹੀਂ ਸੀ। ਕਿਸੇ ਤੋਂ ਕੁਝ ਪੁੱਛਣ ਦਾ ਹੀਆ ਹੀ ਨਾ ਪਿਆ। ਉਵੇਂ ਹੀ ਮੁੜ ਪਏ। ਘਰ ਆ ਕੇ ਬੀਬੀ ਨੂੰ ਦੱਸਿਆ ਤਾਂ ਉਹ ਬੋਲੀ-ਲਾਲਾ ਹਰਬਿਲਾਸ ਦੀ ਹਵੇਲੀ ਪੁੱਛ ਲੈਣੀ ਸੀ।

ਪਿੰਡ ਆ ਕੇ ਹੀ ਮੈਂ ਪਹਿਲੀ ਵਿੱਚ ਦਾਖਲ ਹੋਇਆ। ਮੁੱਦਕੀ ਤਾਂ ਸ਼ਾਇਦ ਮੇਰਾ ਨਾਂ ਦਾਖਲ ਹੀ ਨਹੀ ਕਰਵਾਇਆ ਗਿਆ ਸੀ, ਮੈਂ ਉਂਝ ਹੀ ਚਲਾ ਜਾਂਦਾ ਸੀ। ਪਿੰਡ ਵੀ ਅਸੀਂ ਬਹੁਤ ਸਮਾਂ ਨਹੀਂ ਰਹਿ ਸਕੇ। ਮੇਰੇ ਪਿਤਾ ਜੀ ਦੀ ਪਦਉੱਨਤੀ ਹੋ ਗਈ ਸੀ। ਉਹ ਪੰਜਾਬੀ ਟੀਚਰ ਤੋਂ ਸ.ਸ. ਮਾਸਟਰ ਬਣ ਗਏ ਸਨ ਅਤੇ ਉਹਨਾਂ ਦੀ ਨਿਯੁਕਤੀ ਸਰਕਾਰੀ ਮਿਡਲ ਸਕੂਲ, ਝੁੰਬਾ ਜੋ ਉਦੋਂ ਸਾਡੇ ਬਲਾਕ (ਗਿੱਦੜਬਾਹਾ) ਵਿੱਚ ਹੀ ਪੈਂਦਾ ਸੀ, ਦੀ ਹੋ ਗਈ। ਅਸੀਂ ਹੁਣ ਝੁੰਬੇ ਹੀ ਰਹਿਣਾ ਸੀ। ਇਸ ਸਮੇਂ ਮੈਂ ਤੀਸਰੀ ਵਿੱਚ ਸੀ। ਜਦੋਂ ਪਿਤਾ ਜੀ ਨੇ ਝੁੰਬੇ ਤੋਂ ਬਦਲੀ ਪਿੰਡ ਦੇ ਨਾਲ ਵਾਲੇ ਪਿੰਡ ਹਰੀਕੇਕਲਾਂ ਦੀ ਕਰਵਾਈ ਤਾਂ ਮੈਂ ਉਸ ਸਮੇਂ 10ਵੀਂ ਵਿੱਚ ਸੀ। ਇਹਨਾਂ ਸਾਲਾਂ ਵਿੱਚ ਅਸੀਂ ਛੁੱਟੀਆਂ ਵਿੱਚ ਪਿੰਡ ਆਉਂਦੇ । ਪਿੰਡ ਆਉਣ ਦਾ ਮੈਨੂੰ ਪੂਰਾ ਚਾਅ ਹੁੰਦਾ ਸੀ। ਉਦੋਂ ਸਾਡੇ ਪਿੰਡ ਨੂੰ ਸੜਕ ਨਹੀਂ ਸੀ ਬਣੀ ਤੇ ਨਾ ਹੀ ਕੋਈ ਬਸ ਚਲਦੀ ਸੀ। ਸਾਡੇ ਪਿੰਡ ਦੀ ਸਥਿਤੀ ਕੁਝ ਅਜਿਹੀ ਹੀ ਸੀ ਕਿ ਇਸ ਬਾਰੇ ਪਿੰਡਾਂ ਵਿੱਚ ਇਹ ਟੋਟਕਾ ਪ੍ਰਚਲਿਤ ਸੀ -

ਭੁੱਟੀਵਾਲੇ ਵਿੱਚ ਭਾਅ ਨਹੀਂ,
ਹਰੀਕਿਆਂ ਵਿੱਚ ਨਿਆਂ ਨਹੀਂ,
ਤੇ ਸੂਰੇਵਾਲੇ ਨੂੰ ਰਾਹ ਨਹੀਂ ।

ਅਸੀਂ ਕਦੇ ਜੈਤੋ ਤੋਂ ਡੋਲਿਆਂਵਾਲੀ ਹੋ ਕੇ ਪਿੰਡ ਪਹੁੰਚਦੇ, ਕਦੇ ਕੋਟਕਪੂਰੇ ਤੋਂ ਖਾਰੇ ਹੁੰਦੇ ਹੋਏ ਤੇ ਕਦੇ ਦੋਦੇ ਤੋਂ । ਪਰ ਜਦੋਂ ਪਿੰਡ ਦੀ ਜੂਹ ਵਿੱਚ ਦਾਖਲ ਹੁੰਦੇ ਤਾਂ ਮੈਨੂੰ ਅਜੀਬ ਜਿਹਾ ਚਾਅ ਚੜ ਜਾਂਦਾ । ਅਸੀਂ ਝੁੰਬੇ 7 ਸਾਲ ਰਹੇ ਪਰ ਮੈਨੂੰ ਉਸ ਪਿੰਡ ਨਾਲ ਕਦੇ ਲਗਾਉ ਨਹੀਂ ਰਿਹਾ।

ਬਿਗਾਨਾ ਪਿੰਡ ਹੀ ਜਾਪਦਾ ਸੀ। ਉਥੋਂ ਆਉਣ ਤੋਂ ਬਾਅਦ ਹੁਣ ਤੱਕ ਸਿਰਫ਼ ਦੋ ਕੁ ਵਾਰ ਹੀ ਡੁੰਬੇ ਜਾ ਸਕਿਆ ਹਾਂ। ਹਾਲਾਂਕਿ ਉਥੇ ਮੇਰਾ ਬਚਪਨ ਤੇ ਮੁੱਢਲੀ ਕਿਸ਼ੋਰ ਅਵਸਥਾ ਦਾ ਸਮਾਂ ਬੜਾ ਹੀ ਸ਼ਾਨਦਾਰ ਬੀਤਿਆ ਹੈ। ਪਿਤਾ ਜੀ ਸਕੂਲ ਦੇ ਹੈਡ ਮਾਸਟਰ ਸਨ । ਸਭ ਅਧਿਆਪਕ/ਅਧਿਆਪਕਾਵਾਂ ਪਿਆਰ ਕਰਦੇ। ਉਂਝ ਵੀ ਮੈਂ ਪੜ੍ਹਨ ਵਿੱਚ ਹੁਸ਼ਿਆਰ ਸੀ। ਦਿਨ ਦਾ ਬਹੁਤਾ ਸਮਾਂ ਸਕੂਲ ਵਿੱਚ ਹੀ ਬੀਤਦਾ । ਛੁੱਟੀ ਮਿਲਣ ਤੋਂ ਬਾਅਦ ਫਿਰ ਸ਼ਾਮ ਨੂੰ ਸਕੂਲ ਵਿੱਚ ਖੇਡਣ ਆ ਜਾਂਦੇ । ਸਕੂਲ ਪਿੰਡੋਂ ਬਾਹਰ ਅਤੇ ਬੜੀ ਰਮਣੀਕ ਥਾਂ ਸੀ। ਸਕੂਲ ਮਿਡਲ ਤੋਂ ਹਾਈ ਹੋ ਗਿਆ ਤਾਂ ਪਿਤਾ ਜੀ ਨੇ ਦੋ ਦਰਜਾ ਚਾਰ ਕਰਮਚਾਰੀ ਹੋਰ ਰੱਖੇ। ਚੌਂਕੀਦਾਰ ਦੀ ਆਸਾਮੀ ਤੇ ਮਲੋਟ ਵੱਲ ਦਾ ਇੱਕ ਨੌਜਵਾਨ ਮਜ਼ਬੀ ਸਿੱਖਾਂ ਦਾ ਮੁੰਡਾ ਰੱਖਿਆ ਗਿਆ ਉਹ ਸਕੂਲ ਵਿੱਚ ਹੀ ਚੌਂਕੀਦਾਰ ਲਈ ਬਣੇ ਕੁਆਟਰ ਵਿੱਚ ਰਹਿਣ ਲੱਗਾ। ਸ਼ਾਮ ਨੂੰ ਜਦੋਂ ਮੁੰਡੇ ਖੇਡਣ ਆਉਂਦੇ ਤਾਂ ਉਹ ਮਹਿਫਲ ਲਾ ਲੈਂਦਾ। ਉਹ ਆਪਣੇ ਤਜਰਬੇ ਸੁਣਾਉਂਦਾ। ਲੁੱਚੀਆਂ ਗੱਲਾਂ ਸੁਣਾਉਂਦਾ। ਉਸਦੇ ਸਰੋਤਿਆਂ ਵਿੱਚ ਤੀਸਰੀ ਤੋਂ ਅੱਠਵੀਂ/ਦਸਵੀਂ ਦੇ ਵਿਦਿਆਰਥੀ ਸ਼ਾਮਲ ਹੁੰਦੇ। ਸ਼ਾਮ ਨੂੰ ਫ਼ਿਰ ਉਹ ਨਹਾ ਧੋ ਕੇ ਪਟੇ ਵਾਹ ਕੇ 'ਵਿਹੜੇ' ਦਾ ਗੇੜਾ ਲਾਉਂਦਾ। ਉਸ ਨੇ ਸਫ਼ਲਤਾ ਪ੍ਰਾਪਤ ਕੀਤੀ ਤੇ ਵਿਹੜੇ ਦੀ ਇੱਕ ਕੁੜੀ ਫਸਾ ਲਈ। ਬਾਅਦ ਵਿੱਚ ਉਸ ਨਾਲ ਹੀ ਉਸਦਾ ਵਿਆਹ ਹੋ ਗਿਆ। ਕੁੜੀ ਦੇ ਗਰੀਬ ਮਾਪਿਆਂ ਨੂੰ ਨੌਕਰੀ ਲੱਗਿਆ ਮੁੰਡਾ ਮਿਲ ਗਿਆ ਸੀ। ਉਸਦੀਆਂ ਗੱਲਾਂ ਬੜੀਆਂ ਦਿਲਚਸਪ ਹੁੰਦੀਆਂ। ਉਸਨੇ ਇੱਕ ਵਾਰ ਟੂਣਾ/ਤਵੀਤ/ਮੰਤਰ ਦੱਸਿਆ -

ਜਦੋਂ ਚਿੜ੍ਹਾ ਚਿੜ੍ਹੀ ਤੇ ਚੜ੍ਹਦਾ ਹੈ ਤਾਂ ਉਦੋਂ ਰੱਸੀ ਨੂੰ ਇੱਕ ਗੰਢ ਮਾਰ ਲਵੋ। ਇਸ ਤਰ੍ਹਾਂ ਜਦੋਂ ਦੂਜੀ ਵਾਰ ਚੜ੍ਹੇ ਤਾਂ ਦੂਜੀ ਗੰਢ ਮਾਰ ਲਵੋ। ਜੇ ਸੱਤ ਗੰਢਾਂ ਵੱਜ ਜਾਣ ਤਾਂ ਤੁਹਾਡਾ ਝੁਰਲੂ ਤਿਆਰ ਹੋ ਗਿਆ। ਇਸ ਝੁਰਲੂ ਨੂੰ ਕਿਸੇ ਵੀ ਕੁੜੀ ਦੇ ਪੈਰਾਂ ਵਿੱਚ ਸੁੱਟ ਦਿਓ, ਉਸੇ ਵਕਤ ਉਸ ਦੀ ਸਲਵਾਰ ਦਾ ਨਾਲਾ ਪਟੱਕ ਦੇ ਕੇ ਟੁੱਟ ਜਾਵੇਗਾ ਤੇ ਸਲਵਾਰ ਗਿੱਟਿਆਂ ਤੇ ਆ ਡਿੱਗੇਗੀ।

ਸਵ੍ਹਾਤ ਤੇ ਖੁੱਲ੍ਹੇ ਤਖਤੇ ਤੇ ਇੱਕ ਚਿੜ੍ਹਾ ਚਿੜ੍ਹੀ ਆਪਣੀ ਖੇਡ ਵਿੱਚ ਮਸਤ ਸਨ। ਮੈਂ ਵੀ ਰੱਸੀ ਲੈ ਕੇ ਤਿਆਰ ਬੈਠਾ ਸੀ। ਝੁਰਲੂ ਬਣ ਗਿਆ ਸੀ। ਪਰ ਹੁਣ ਸਮੱਸਿਆ ਇਹ ਸੀ ਕਿ ਇਸਨੂੰ ਕਿਸ ਦੇ ਪੈਰ੍ਹਾਂ ਵਿੱਚ ਸਿੱਟਿਆ ਜਾਵੇ। ਅੱਠਵੀਂ ਵਿੱਚ ਪੜ੍ਹਦੀ ਪ੍ਰਵੀਨ ਬਾਲਾ ਸਾਡੇ ਘਰ ਦੇ ਅੱਗੋਂ ਦੀ ਲੰਘਦੀ ਹੁੰਦੀ ਸੀ। ਬਹੁਤ ਚਿੱਟਾ-ਚਿੱਟਾ ਰੰਗ ਤੇ ਕਾਲੀਆਂ ਸ਼ਾਹ ਅੱਖਾਂ ! ਮੈਨੂੰ ਬਹੁਤ ਸੋਹਣੀ ਲੱਗਦੀ। ਤੇ ਮੈਂ ਝੁਰਲੂ ਉਸਦੇ ਪੈਰ੍ਹਾਂ ਵਿੱਚ ਸੁੱਟ ਦਿੱਤਾ - ਪਰ ਕੁਝ ਵੀ ਨਾ ਵਾਪਰਿਆ। ਇਹ ਮੰਤਰ ਫੇਲ੍ਹ ਹੋ ਗਿਆ ਸੀ।

ਉਹਨਾਂ ਦਿਨਾਂ ਵਿੱਚ ਪਿਤਾ ਜੀ ਨੂੰ ਜੇ ਕਦੇ ਬਾਹਰ ਰਾਤ ਰਹਿਣਾ ਪੈ ਜਾਂਦਾ ਤਾਂ ਮੇਰੀ ਬੀਬੀ ਗੁਆਂਢੀ 'ਬਾਵਿਆਂ' ਦੀ ਬਜ਼ੁਰਗ ਔਰਤ ਨੂੰ ਸੱਦ ਲੈਂਦੀ। ਸ਼ਾਮ ਨੂੰ ਰੋਟੀ ਖਾ ਕੇ ਮੈਂ ਉਸ ਮਾਤਾ ਨੂੰ ਸੱਦ ਕੇ ਲਿਆਉਂਦਾ। ਉਹ ਆਉਂਦੀ ਤੇ ਮੰਜੇ ਤੇ ਪੈਣ ਸਾਰ ਘਰਾੜੇ ਮਾਰਨ ਲੱਗ ਪੈਂਦੀ। ਸ਼ਾਇਦ ਵਿਚਾਰੀ ਦਿਨ ਭਰ ਦੀ ਥੱਕੀ ਟੁੱਟੀ ਹੁੰਦੀ ਸੀ।

ਇੱਕ ਵਾਰੀ ਪਿਤਾ ਜੀ ਪਿੰਡ ਆਏ ਹੋਏ ਸਨ।

"ਬੀਬੀ, ਆਪਾਂ ਅੱਜ ਬਾਵਿਆਂ ਦੀ ਬੁੜੀ ਨੂੰ ਨਹੀਂ ਪਾਉਣਾ, ਉਹ ਤਾਂ ਆਉਣ ਸਾਰ ਸੌਂ ਜਾਂਦੀ ਹੈ।" ਮੈਂ ਆਪਣੀ ਬੀਬੀ ਨੂੰ ਕਿਹਾ।

"ਹੋਰ ਕਿਸ ਨੂੰ ਪਾਵਾਂਗੇ ?" ਬੀਬੀ ਨੇ ਪੁੱਛਿਆ।

"ਆਪਾਂ ਅੱਜ ਪ੍ਰਵੀਨ ਨੂੰ ਪਾਵਾਂਗੇ। ਮੈਂ ਪਹਿਲਾਂ ਹੀ ਸੋਚਿਆ ਉੱਤਰ ਦਿੱਤਾ। ਬੀਬੀ



ਕੁਝ ਚਿਰ ਚੁੱਪ ਰਹੀ ਤੇ ਫ਼ਿਰ ਬੋਲੀ।

"ਚੰਗਾ ਸੱਦਾ ਲਿਆਈਂ, ਜੇ ਉਹਨਾਂ ਭਾਵੜਿਆਂ ਨੇ ਭੇਜ ਤਾਂ।"

ਮੈਨੂੰ ਚਾਅ ਚੜ੍ਹ ਗਿਆ। ਪਰ ਸ਼ੰਕਾ ਵੀ ਸੀ ਕਿ ਘਰਦਿਆਂ ਨੇ ਉਸਨੂੰ ਨਾ ਭੇਜਿਆ ਤਾਂ....।

ਸ਼ਾਮ ਨੂੰ ਮੈਂ ਪ੍ਰਵੀਨ ਕੇ ਘਰ ਗਿਆ ਤੇ ਪਿਤਾ ਜੀ ਦੇ ਪਿੰਡ ਜਾਣ ਬਾਰੇ ਦੱਸਿਆ। ਉਹਨਾਂ ਖੁਸ਼ੀ-ਖੁਸ਼ੀ ਪ੍ਰਵੀਨ ਨੂੰ ਮੇਰੇ ਨਾਲ ਭੇਜ ਦਿੱਤਾ।

ਉਸ ਰਾਤ ਮੈਂ ਪ੍ਰਵੀਨ ਨਾਲ ਸੁੱਤਾ। ਕੂਲਾ ਕੂਲਾ ਪਿੰਡਾ ਸੀ ਜਾਂ ਕੱਪੜੇ ਹੀ ਕੂਲੇ ਕੂਲੇ ਲੱਗ ਰਹੇ ਸੀ। ਮੈਨੂੰ ਪੈਣ ਸਾਰ ਨੀਂਦ ਆ ਗਈ ।

*****

ਮੈਂ ਅੱਠਵੀਂ ਵਿੱਚ ਹੋ ਗਿਆ ਸੀ। ਅਸੀਂ ਘਰ ਵੀ ਬਦਲ ਲਿਆ ਸੀ। ਇੱਕ ਨਵੀਂ ਆਈ ਭੈਣਜੀ ਸਾਡੇ ਘਰ ਤੋਂ ਨੇੜੇ ਹੀ ਇੱਕ ਘਰ ਦੇ ਚੁਬਾਰੇ ਵਿੱਚ ਰਹਿਣ ਲੱਗ ਪਈ । ਉਸ ਦੀ ਦਾਦੀ ਵੀ ਨਾਲ ਰਹਿੰਦੀ ਸੀ। ਇੱਕ ਦਿਨ ਬੀਬੀ ਨੇ ਉਸ ਪਾਸ ਕੁਝ ਦੇਣ ਭੇਜਿਆ। ਗਰਮੀਆਂ ਦੇ ਦਿਨ ਸਨ। ਅਸੀਂ ਦਿਨ ਛਿਪਦੇ ਤੱਕ ਗੱਲਾਂ ਮਾਰੀ ਗਏ। ਫਿਰ ਤਾਂ ਰੋਜ਼ਾਨਾ ਹੀ ਮੈਂ ਕਿਸੇ ਨਾ ਕਿਸੇ ਬਹਾਨੇ ਉਸ ਕੋਲ ਚਲਾ ਜਾਂਦਾ ਤੇ ਦਿਨ ਛਿਪੇ ਹੀ ਘਰੇ ਮੁੜਦਾ। ਉਸਦੀਆਂ ਛੋਟੀਆਂ-ਛੋਟੀਆਂ ਅੱਖਾਂ ਬੜੀਆਂ ਨਸ਼ੀਲੀਆਂ ਸਨ। ਇੱਕ ਦਿਨ ਉਸ ਨੇ ਨੇਲ ਕਟਰ ਨਾਲ ਮੇਰੇ ਹੱਥਾਂ ਦੇ ਨਹੁੰ ਕੱਟੇ। ਮੈਨੂੰ ਬੜਾ ਚੰਗਾ ਲੱਗਿਆ। ਫਿਰ ਉਸਨੇ ਮੇਰੇ ਹੱਥ ਆਪਣੇ ਹੱਥਾਂ ਵਿੱਚ ਫੜ੍ਹੀ ਰੱਖੇ।

ਇੱਕ ਦਿਨ ਆਥਣੇ ਮੈਂ ਬੀਬੀ ਨੂੰ ਕਿਹਾ ਕਿ ਮੈਂ ਤਾਂ ਕੋਠੇ ਤੇ ਪੈਣਾ ਹੈ ।

"ਪੈ ਜਾ ਫਿਰ।"

"ਪਰ ਆਪਣੇ ਕੋਠੇ ਤੇ ਤਾਂ ਪਰਦੀ ਨਹੀਂ ਮੈਂ ਭੈਣ ਜੀ ਕੋਲ ਜਾ ਕੇ ਪੈ ਜਾਵਾਂ।"

ਬੀਬੀ ਨੇ ਪਿਤਾ ਜੀ ਤੋਂ ਪੁੱਛਿਆ ਤੇ ਇਜਾਜ਼ਤ ਮਿਲ ਗਈ।

ਚੁਬਾਰੇ ਦੇ ਮੂਹਰੇ ਥੋੜ੍ਹਾ ਹੀ ਥਾਂ ਸੀ। ਮਸਾਂ-ਮਸਾਂ ਤਿੰਨ ਮੰਜੇ ਡਾਹੇ। ਭੈਣ ਜੀ ਵਿਚਾਲੜੇ ਮੰਜੇ ਤੇ ਸਨ। ਤੇ ਇੱਕ ਪਾਸੇ ਮੇਰਾ ਮੰਜਾ ਸੀ ਤੇ ਦੂਜੇ ਪਾਸੇ ਦਾਦੀ ਦਾ। ਬਿਸਤਰੇ ਬਿਛਾ ਕੇ ਪਏ ਤਾਂ ਚੰਨ ਦੀ ਚਾਨਣੀ ਨੇ ਪੂਰਾ ਦਿਨ ਚੜ੍ਹਾ ਛੱਡਿਆ ਸੀ। ਠੰਡੀ-ਠੰਡੀ ਹਵਾ ਦੇ ਬੁੱਲੇ ਆ ਰਹੇ ਸਨ। ਮੱਛਰ ਦਾ ਤਾਂ ਉਦੋਂ ਸਾਡੇ ਪਿੰਡਾਂ ਵਿੱਚ ਨਾਮੋ ਨਿਸ਼ਾਨ ਹੀ ਨਹੀ ਹੁੰਦਾ ਸੀ।

ਪਤਾ ਨਹੀਂ ਕਦੋਂ ਅੱਖ ਲੱਗ ਗਈ !

ਅਗਲੀ ਸਵੇਰ ਜਦੋਂ ਉਹਨਾਂ ਦੇ ਘਰੋਂ ਨਿਕਲਿਆ ਤਾਂ ਸਾਹਮਣੇ ਆਪਣੀ ਹੱਟੀ ਦੇ ਬਾਰ ਵਿੱਚ ਬਾਣੀਆਂ ਦਾ ਕਾਲਜ ਪੜ੍ਹਦਾ ਮੁੰਡਾ ਕ੍ਰਿਸ਼ਨ ਉਰਫ਼ ਕਿੱਛੀ ਬੈਠਾ ਸੀ। ਮੈਨੂੰ ਵੇਖ ਉਹ ਸੜ ਬਲ ਗਿਆ ਤੇ ਕੋਈ ਤੰਨਜ ਵੀ ਕਸੀ।

ਕੁਝ ਦਿਨਾਂ ਬਾਅਦ ਮੈਨੂੰ ਫ਼ਿਰ ਭੈਣਜੀ ਕੋਲ ਪੈਣ ਦੀ ਇਜਾਜ਼ਤ ਮਿਲ ਗਈ। ਅਸਮਾਨ ਦੀ ਇੱਕ ਨੁਕਰੇ ਚੰਦ ਦੀ ਕਾਤਰ ਜਿਹੀ ਦਿਸ ਰਹੀ ਸੀ। ਅਚਾਨਕ ਬੱਦਲਵਾਹੀ ਵੀ ਹੋ ਗਈ। ਅਸੀਂ ਬਹੁਤ ਚਿਰ ਗੱਲਾਂ ਕੀਤੀਆਂ ਤੇ ਹੁਣ ਚੁੱਪ ਸਾਂ। ਪਰ ਹੁਣ ਦਾਦੀ ਸ਼ੁਰੂ ਹੋ ਗਈ ਸੀ।

ਇਸ ਰਾਤ ਮੈਂ ਆਪਣੀ ਨੀਂਦ ਤੇ ਕਾਬੂ ਪਾਉਣ ਦੀ ਧਾਰੀ ਹੋਈ ਸੀ।

ਦਾਦੀ ਆਪ ਮੁਹਾਰੇ ਹੀ ਬੋਲੀ ਜਾ ਰਹੀ ਸੀ। ਜੇ ਚੁੱਪ ਕਰਦੀ ਤਾਂ ਖੰਘਣ ਲੱਗ ਪੈਂਦੀ।

ਕਦੇ ਮੰਜੇ ਦੇ ਪਾਵੇ ਨਾਲ ਸੋਟੀ ਮਾਰਦੀ ਜਿਵੇਂ ਬਿੱਲੀ ਨੂੰ ਭਜਾ ਰਹੀ ਹੋਵੇ। ਅੱਖਾਂ ਬੋਝਲ ਹੋ ਰਹੀਆਂ ਸਨ।

ਤੇ ਫਿਰ ਕਣੀਆਂ ਆ ਗਈਆਂ। ਪਹਿਲਾਂ ਕੋਈ-ਕੋਈ ਤੋਂ ਫਿਰ ਤੇਜ਼।

ਮੰਜੇ ਤਾਂ ਅੰਦਰ ਕਰਨੇ ਹੀ ਪੈਣੇ ਸਨ। ਚੁਬਾਰਾ ਛੋਟਾ ਹੀ ਸੀ। ਪਹਿਲਾਂ ਦਾਦੀ ਦਾ ਮੰਜਾ ਕਰਵਾਇਆ। ਫਿਰ ਭੈਣਜੀ ਨੇ ਆਪਣਾ ਡਾਹਿਆ। ਫ਼ਿਰ ਜਦੋਂ ਮੇਰਾ ਮੰਜਾ ਡਾਹੁਣ ਲੱਗੇ ਤਾਂ ਥਾਂ ਥੋੜਾ ਰਹਿ ਗਿਆ। ਮੰਜਾ ਡਹੇ ਨਾ।

" ਚਲੋਂ ਮੈਂ ਤੇ ਹਰਜਿੰਦਰ ਪੈ ਜਾਂਦੇ ਹਾਂ। " ਭੈਣਜੀ ਨੇ ਕਿਹਾ। ਇਸ ਵਕਤ ਦਾਦੀ ਨੇ ਆਪਣਾ ਮੰਜਾ ਹੋਰ ਪਰ੍ਹਾਂ ਧੱਕ ਕੇ ਕਾਫ਼ੀ ਥਾਂ ਬਣਾ ਦਿੱਤੀ । ਜਿਸ ਵਿੱਚ ਮੇਰਾ ਮੰਜਾ ਆਸਾਨੀ ਨਾਲ ਡਹਿ ਗਿਆ। ਅੱਖਾਂ ਹੁਣ ਹੋਰ ਬੋਝਲਪਣ ਬਰਦਾਸ਼ਤ ਨਾ ਕਰ ਸਕੀਆਂ .....।

ਉਸਦੇ ਬਾਅਦ ਫਿਰ ਕਦੇ ਵੀ ਚੁਬਾਰੇ ਵਿੱਚ ਪੈਣ ਦੀ ਆਗਿਆ ਨਾ ਮਿਲੀ।

---

**ਪੰਨਾ 81 ਦਾ ਬਾਕੀ**

"ਓ ਅੰਕਲ ਧੀ ਦਿਆ ਖਸਮਾਂ... ਤੂੰ ਆਪਣੀ ਕੁੜੀ ਦੇ ਘਰ ਆਇਆ ਸੀ...ਹੁਣ ਆਵੀਂ ਕਿਸੇ ਦਿਨ।"

ਮੈਂ ਉਸ ਨੂੰ ਗਾਲ੍ਹਾਂ ਕੱਢ ਰਿਹਾ ਸੀ ਤਾਂ ਉਹ ਮੇਰੇ ਨਾਲ ਸੋਫੇ ਉਤੇ ਹੋਰ ਲਾਗੇ-ਲਾਗੇ ਹੁੰਦੀ ਜਾਂਦੀ ਸੀ ਤੇ ਕਦੇ-ਕਦੇ ਖੁਸ਼ੀ ਵਿੱਚ ਸੋਫੇ 'ਤੇ ਉਛਲਣ ਵੀ ਲੱਗ ਪੈਂਦੀ ਸੀ। ਜਦ ਮੈਂ ਉਸ ਨੂੰ ਗਾਲ੍ਹਾਂ ਦਾ ਚੋਖਾ ਰਾਸ਼ਨ ਪਾ ਹਟਿਆ ਤਾਂ ਉਹ ਖ਼ੁਸ਼ੀ ਵਿੱਚ ਖੀਵੀ ਹੋਕੇ ਚੀਕਣ ਲੱਗੀ, "ਬਹੁਤ ਗੁੱਡ ਹੋਇਆ ਅੱਜ...ਬਹੁਤ ਗੁੱਡ ਹੋਇਆ...ਥੈਂਕਸ ਤੇਰਾ...ਹੁਣ ਤੂੰ ਮੇਰੀ ਵਾਈਨ ਵਿੱਚ ਵਿਸਕੀ ਪਾਉਣ ਦਾ ਹੱਕਦਾਰ ਹੋ ਗਿਆ।"

"ਹਾਂ...ਹਾਂ...ਹੁਣ ਮੈਂ ਪਾਵਾਂਗਾ ਤੇਰੀ ਵਾਈਨ ਵਿੱਚ ਵਿਸਕੀ।"

"ਹਾਂ ਪਾ..ਪੱਕਾ...ਪਾ...ਪਾ..ਤੂੰ ਕਰ ਲੈ ਚਿੱਤ ਰਾਜ਼ੀ...।" ਵਿਸਕੀ ਦੀ ਅੱਧੀ ਗਲਾਸੀ ਵਾਈਨ ਵਿੱਚ ਮਿਲ ਗਈ ਸੀ।

"ਹੁਣ ਮੈਂ ਵੀ ਪਾਵਾਂਗੀ ਤੇਰੀ ਵਿਸਕੀ ਵਿੱਚ ਆਪਣੀ ਵਾਈਨ...ਲੈ ਆਹ...।" ਤੇ ਹੁਣ ਵਾਈਨ ਵਿਸਕੀ ਵਿੱਚ ਚਲੀ ਗਈ ਸੀ...ਦੋਵੇਂ ਗਲਾਸੀਆਂ ਦਾ ਰੰਗ ਕਾਲਾ ਸਿਆਹ ਹੋ ਗਿਆ ਸੀ!



## ਕੁਝ ਕਵਿਤਾਵਾਂ/ਸਵਰਨਜੀਤ ਸਵੀ



### ਚਿੜੀ ਉੱਡੀ

ਚਿੜੀ ਉੱਡੀ

ਚੀਂ ਚੀਂ ਕਰਦੇ ਚੂਚੇ
ਚੋਗ ਉਡੀਕਦੇ
ਮਾਂ ਚੱਲੀ ਬੱਚੇ ਪਾਲਣ
ਜੰਗਲ ਬੇਲਾ ਚਹਿਕਦਾ

ਕਾਂ ਉੱਡਿਆ

ਉਡੀਕਾਂ ਬਨੇਰੇ ਬੈਠੀਆਂ
ਕੋਈ ਆਵੇਗਾ ਸਾਡੇ ਵਿਹੜੇ

ਤਿਤਲੀ ਉੱਡੀ

ਫੁੱਲਾਂ 'ਚ ਘੁਸਰ ਮੁਸਰ ਹੋਈ
ਜਿੱਧਰ ਤਿਤਲੀ ਜਾਵੇ
ਫੁੱਲ ਘੁੰਮ ਘੁੰਮ ਦੇਖਣ
ਸਭ ਫੁੱਲਾਂ ਤੇ ਰੌਣਕਾਂ

ਪਤੰਗ ਉੱਡਿਆ

ਬੱਚਾ ਮਾਰੇ ਕਿਲਕਾਰੀਆਂ
ਦੁਆਲਾ ਮਾਰੇ ਉਡਾਰੀਆਂ
ਸਭ ਬੱਲੇ ਬੱਲੇ

ਧੂੰਆਂ ਉੱਡਿਆ

ਚਿਮਨੀ, ਕਾਰ ਜਾਂ ਹੋਰ ਕਿਤੋਂ
ਉੱਠਿਆ ਗੁਬਾਰ
ਬਨਸਪਤੀ ਰੁੱਖ ਜੀਆ ਜੰਤ ਤੇ ਨਾਂ ਧਰਤੀ
ਸਭ ਕਸਮਸਾ ਕੇ ਰਹਿ ਗਏ
ਲਾਚਾਰੀ ਤੇ ਸਹਿਮ 'ਚ ਸਭ
ਦਮ ਘੋਟੂ ਹੁੰਦਾ ਜਾ ਰਿਹਾ

ਪਲਾਸਟਿਕ ਉੱਡਿਆ

ਉੱਡਿਆ ਇਕ ਲਿਫਾਫਾ ਪਲਾਸਟਿਕ ਦਾ
ਹਵਾ 'ਚ ਪਹਾੜਾਂ ਤੇ
ਪੁੰਗਰਦੇ ਬੂਟਿਆਂ ਨੇ
ਅੱਖਾਂ ਖੋਲ੍ਹਦੇ ਫੁੱਲਾਂ ਨੇ
ਘਾਹ ਦੀਆਂ ਤਿੜਾਂ ਨੇ
ਕੰਬਦੇ ਜਿਹੇ ਝਾਕਿਆ ਉਸ ਵੱਲ
ਇੱਲ ਮੂਕ ਹਾਹਾ ਕਾਰ
ਫੈਲ ਗਈ ਸੋਗੀ ਲਹਿਰ ਵਾਂਗ
....

ਹੰਕਾਰੀ ਜਿਹਾ ਸ਼ਬਦ ਉੱਡਿਆ

ਧਰਮ ਗੁਰੂ ਦਾ
ਕਿਸੇ ਕੱਟੜਪੰਥੀ ਜਾਂ
ਹੰਕਾਰੀ ਰਾਜੇ ਦਾ
ਕ੍ਰਿਪਾਨਾਂ ਮਿਆਨ ਛੱਡੇ
ਬੰਦੂਕਾਂ ਸਿਰ ਚੱਕੇ
ਬੰਦ ਮੁੱਠੀਆਂ ਕ੍ਰੋਧ 'ਚ ਉੱਠੀਆਂ
ਮਨੁੱਖ ਸਹਿਮ ਗਿਆ
ਸੜਕਾਂ-ਬੂਹਾਂ ਟਰੇਨਾਂ 'ਚ
ਲਹੂ ਵਹਿ ਤੁਰਿਆ

ਮਾਂ ਦਾ ਪੱਲੂ ਉਡਿਆ

ਬੱਚੇ ਦੀ ਅੱਖ ਖੁੱਲ੍ਹੀ
ਮਾਂ ਹੱਸੀ
ਪੋਲਾ ਜਿਹਾ ਹੱਥ ਬੱਚੇ ਨੂੰ ਛੂਹਿਆ
ਵਿਹੜਾ ਕਿਲਕਾਰੀਆਂ ਨਾਲ ਹੱਸ ਉੱਠਿਆ
. . . . .

## ਮੇਰੀ ਬੱਚੀ

ਡੂੰਘੀ ਰਾਤ
ਨਾਲ ਪਈ ਮੇਰੀ ਬੱਚੀ
ਮਲਕ ਜਹੇ ਸੀ ਹੱਸੀ
ਸੁੱਤਿਆਂ ਵੀ ਉਹ ਮਗਨ
ਕਿਹੜੀਆਂ ਖੇਡਾਂ
ਕਿਹੜੇ ਸੁਪਨੇ
. . .
ਚਾਬੀ ਵਾਲਾ ਕੋਈ ਖਿਡੌਣਾ
ਭੱਜ ਪਿਆ ਹੈ ਖੜਾ ਖੜੋਤਾ
ਕੈਰਮ ਬੋਰਡ ਤੋਂ ਕੋਈ ਗੀਟੀ
ਭੁੜਕ ਕੇ ਝੋਲੀ ਆ ਪਈ ਹੋਵੇ

ਮੰਮੀ ਦੀ ਪੱਪੀ ਆਨੰਦ
ਵੀਰੇ ਨੂੰ ਛੇੜਨ ਦੀ ਕਾਹਲ਼ੀ
ਜਾਂ ਫਿਰ ਸ਼ੀਸ਼ੇ ਅੱਗੇ ਬਹਿ ਕੇ
ਬੋਬੋ ਬਣ ਬਣ ਲਾ ਕੇ ਬਿੰਦੀ
ਤਾਲੀ ਮਾਰ ਕੇ ਹੱਸ ਪਈ ਹੋਵੇ

ਮੈਡਮ ਦੀ ਸਿਖਲਾਈ ਕਵਿਤਾ
ਐਕਸ਼ਨ ਨਤਲ ਪਈ ਗਾਉਂਦੀ ਹੋਵੇ
'ਹੈਲਦੀ ਵੈਲਦੀ ਐਂਡ ਵਾਈਜ਼' ਕਹਿੰਦਿਆਂ
ਹੱਥਾਂ ਦੀ ਮੁਦਰਾ ਨਾਲ ਹੱਸਦੀ
ਹੱਥਾਂ ਤੇ ਜਿਉਂ ਤਿਤਲੀ ਬਹਿ ਕੇ
ਫੁੱਲਾਂ ਦੇ ਵੱਲ ਉੱਡ ਗਈ ਹੋਵੇ

ਇਕ ਨਿੱਕੇ ਜੇ ਹਾਸੇ ਦੇ ਲਈ
ਲਹਿਰ ਉੱਠੀ ਮੋਹ ਪਿਆਰ ਦੀ
ਦਿਲ ਕੀਤਾ ਕਿ ਮੱਥਾ ਚੁੰਮਾਂ
ਲਾਡ ਕਰਾਂ ਬਾਹਾਂ ਵਿੱਚ ਘੁੱਟਕੇ
ਹੱਸਦੀ ਰਹਿ ਤੂੰ ਲਾਡੋ ਰਾਣੀ

ਜਿਉਂ ਹੀ ਮੈਂ ਜਦੋਂ ਆਪਣਾ
ਸਿਰ ਤੇ ਰੱਖਣ ਲਈ ਚੱਕਿਆ ਹੱਥ
ਰੁੱਕ ਜਾਂਦਾ ਹੈ
ਮਤਾਂ
ਇਕ ਦਮ ਕਿਧਰੇ ਜਾਗ ਨਾ ਜਾਵੇ
ਹੱਸਦੇ ਪਲ ਤੋਂ ਨਿੱਖੜ ਨਾ ਜਾਵੇ
. . . .

## ਮੰਤਰ

ਜਿਸਮ ਤੇ ਪੈਂਦੇ ਚਿਮਟਿਆਂ ਨਾਲ
ਲੂਸਿਆ ਗਿਆ
ਜਿਸਮ ਕੂਲਾ ਕੂਲਾ

ਵਿਲਕਦੀਆਂ ਅੱਖਾਂ ਦੇਖ
ਰੂਹ ਕੰਬ ਗਈ
ਤੇ ਉਹ ਬਾਬਾ
ਕਿਸੇ ਰੂਹ ਤੋਂ ਮੁਕਤ ਕਰਵਾਉਣ ਲਈ
ਬੇਰਹਿਮੀ ਨਾਲ ਮਾਰਦਾ
ਪਤਾ ਨਹੀਂ
ਕਿਹੜੇ ਮੰਤਰ ਪੜ੍ਹੀ ਜਾਂਦਾ !!!



## ਕੀ ਹੈ ?

ਕਿੱਥੇ ਹਾਂ ਮੈਂ ?
ਤਾਂ ਬਹੁਤ ਕੁਝ ਇਕ ਦਮ ਦੂਰ ਜਾ ਖਲੋਂਤਾ ਹੈ
ਮਸਲਨ
ਤੂੰ, ਧਰਤੀ, ਲੋਕ, ਗ੍ਰਹਿ, ਹੁਨੇਰ-ਚੁਪ
ਸਭ ਕੁਝ

ਕੀ ਹਾਂ ਮੈਂ ?
ਇਕ ਦੂਰੀ ਤੇ ਹੋ ਜਾਂਦਾ ਹਾਂ ਮੈਂ
ਆਪਣੀ ਦੇਹ ਤੋਂ

ਇਹ ਮਨ ਕੀ ਹੈ ?
ਤਾਂ ਮੇਰੇ ਵਿਚੋਂ ਇਹ ਵੀ ਦੂਰ ਜਾ ਖਲੋਂਦਾ ਹੈ

ਚੇਤਨਾ ਕੀ ਹੈ
ਇਹ ਕੌਣ ਦੇਖ ਰਿਹਾ ਹੈ

ਕੀ ਇਹ ਮੈਂ ਹਾਂ ?
ਤਾਂ ਇਕ ਪਾਰਦਰਸ਼ੀ ਜਿਹਾ ਕੁਝ
ਹਰ ਤਰਫ ਦੇਖ ਰਿਹਾ ਹੈ
ਹਵਾ, ਚੇਤਨਾ, ਸ਼ਬਦ, ਕਾਲ, ਮੈਂ
ਨਹੀਂ-
ਕੁਝ ਹੋਰ ਹੈ
ਜੋ ਮੇਰੇ ਵਿਚੋਂ ਦੇਖ ਰਿਹਾ ਹੈ-ਸਭ ਕੁਝ-ਮੇਰੇ
ਰਾਹੀਂ
ਕੀ ਹੈ ???

## ਤੂੰ

ਤੂੰ
ਨਾ ਗਿਆਨ
ਨਾ ਅਗਿਆਨ ਕਾਰਨ ਹੈਂ
ਤੂੰ ਤਾਂ ਬੱਸ
ਮੇਰੇ ਜਿਸਮ ਦੀ ਕਿਤਾਬ ਨੂੰ
ਘੁੱਣ ਵਾਂਗ ਚੱਟ ਰਹੀ ਹੈਂ ਹਰ ਪੱਲ
ਥੇ ਉਹ ਗਰਦ
ਝੋ ਧੀਮੇ ਧੀਮੇ ਕਿਰਦਾ ਹੈ ਮੇਰੇ ਚੋਂ
ਇਸ ਗਰਦ ਦੀ ਦਹਿਸ਼ਤ
ਕੀ ਮੈਂ ਹੁਣੇ ਹਾਂ
ਤੇ ਹੁਣੇ ਨਹੀਂ

## ਡਾ. ਸਾਈਨਾਥ ਪਾਚਾਰਣੇ ਦੀਆਂ ਦੋ ਮਰਾਠੀ ਕਵਿਤਾਵਾਂ

### ਵਕਤ ਤੋਂ ਪਹਿਲਾਂ

ਵਕਤ ਤੋਂ ਪਹਿਲਾਂ
ਜਿਸ ਦੀ ਹੱਤਿਆ ਕਰ ਦਿੱਤੀ ਹੈ
ਉਨ੍ਹਾਂ ਦੀ ਔਲਾਦ
ਆਉਣ ਵਾਲੇ ਦਿਨਾਂ ਲਈ
ਥਾਂ ਥਾਂ
ਹਥਿਆਰ ਗਿਣ ਰਹੀ ਹੈ।

ਸ਼ਹਿਰਾਂ ਦੇ ਵਿਚਕਾਰ
ਖ਼ੂਨ ਨਾਲ ਲਥਪਥ ਹੋਈਆਂ
ਉਨ੍ਹਾਂ ਦੀਆਂ ਮਾਵਾਂ
ਅੱਖਾਂ 'ਚ ਅੱਗ ਲਪੇਟ ਕੇ
ਨਵੇਂ-ਨਵੇਂ ਕਬਰਸਤਾਨ
ਬਣਾ ਰਹੀਆਂ ਹਨ।

ਹੁਣ ਹਰੇਕ ਔਲਾਦ ਅੱਗ ਬਣ ਕੇ
ਤੇ ਉਨ੍ਹਾਂ ਦੀਆਂ ਪਰਛਾਈਆਂ
ਧੂੰਆਂ ਬਣ ਕੇ
ਸ਼ਹਿਰ 'ਚ ਘੁੰਮ ਰਹੀਆਂ ਹਨ
ਤੇ ਦੋਹਾਂ ਦੇ ਵਿਚਕਾਰ
ਖੁੱਲ੍ਹੀ ਸੜਕ 'ਤੇ
ਸ਼ਹਿਰ ਦੀ ਲਾਸ਼ ਚੀਕ ਰਹੀ ਹੈ।



### ਕਿਸੇ ਵੀ ਪ੍ਰਾਂਤ ਦਾ ਚਿਹਰਾ

ਕਿਸੇ ਵੀ ਪ੍ਰਾਂਤ ਦਾ ਚਿਹਰਾ
ਮੇਰੇ ਦੇਸ ਦਾ ਚਿਹਰਾ ਨਹੀਂ ਹੋ ਸਕਦਾ
ਜਿਵੇਂ ਕਿ
ਗੋਧਰਾ ਹੱਤਿਆਕਾਂਡ ਬਾਅਦ
ਤੁਸੀਂ ਕਹਿ ਸਕਦੇ ਹੋ
ਗੁਜਰਾਤ...

ਮੇਰੇ ਦੇਸ਼ ਦਾ ਚਿਹਰਾ
ਦੇਖਣ ਤੋਂ ਪਹਿਲਾਂ
ਤੁਹਾਨੂੰ ਖੜਕਾਉਣਾ ਹੋਊਗਾ
ਆਦਮੀਨੁਮਾ ਦਰਵਾਜ਼ਾ
ਜੋ ਕਿ ਪੁਰਾਣੀਆਂ ਪ੍ਰੰਪਰਾਵਾਂ ਨੂੰ
ਢੋਅ ਰਿਹਾ ਹੈ।

ਨਹੀਂ
ਮੈਂ ਪਾਰਲੀਮੈਂਟ ਦੇ ਉਸੇ ਦਰਵਾਜ਼ੇ ਦੀ ਗੱਲ
ਨਹੀਂ ਕਰ ਰਿਹਾ ਹਾਂ
ਜਿਥੇ ਮੇਰੇ ਦੇਸ ਦਾ ਨਕਸ਼ਾ
ਹਰੇਕ ਆਦਮੀ ਦੀ ਸੂਰਤ ਜਿਹਾ ਬਣ ਰਿਹਾ ਹੈ
ਪਾਰਲੀਮੈਂਟ ਦਾ ਦਰਵਾਜ਼ਾ ਖੜਕਾਉਣ ਤੋਂ ਪਹਿਲਾਂ
ਕੋਈ ਫਾਇਦਾ ਨਹੀਂ ਹੋਵੇਗਾ
ਹੁਣ ਉਥੇ ਕੋਈ ਲੋਕਤੰਤਰ ਨਹੀਂ ਰਹਿੰਦਾ।



ਮੇਰੇ ਦੇਸ ਦਾ ਚਿਹਰਾ ਦੇਖਣਾ ਹੈ
ਤਾਂ ਪਹਿਲਾਂ ਦੇਸ ਦੀ ਰਾਜਮੁਦਰਾ ਦੇਖੋ
ਉਸ 'ਤੇ ਤੁਹਾਨੂੰ
ਗਰੀਬ ਆਦਮੀਆਂ ਦੇ ਚਿਹਰੇ
ਛੱਪੇ ਹੋਏ ਨਜ਼ਰ ਆਉਣਗੇ
ਜਿਹੜੇ ਪਿੰਡ 'ਚ ਕਿਸੇ ਪੁਰਾਣੀ
ਝੌਂਪੜੀ ਦੇ ਦਰਵਾਜ਼ੇ 'ਤੇ
ਤੁਹਾਨੂੰ ਜੀ ਆਇਆਂ ਕਹਿਣ ਲਈ
ਬੈਠੇ ਹਨ।

ਤੁਸੀਂ ਦੇਖ ਸਕਦੇ ਹੋ
ਕਿਸੇ ਵੀ ਝੌਂਪੜੀ 'ਚ ਝਾਂਕ ਕੇ
ਉਥੇ ਹਨੇਰੇ ਨੇ ਬਣਾਇਆ ਹੋਇਆ
ਮੇਰੇ ਦੇਸ ਦਾ ਨਕਸ਼ਾ ਤੁਹਾਨੂੰ ਨਜ਼ਰ ਆਊਗਾ
ਜਿਹੜਾ ਕਿ ਖਾਲੀ ਪੇਟ
ਕੰਧ ਨਾਲ ਸੁੱਤਾ ਪਿਆ ਹੈ

ਤੁਸੀਂ ਉਸ ਦੇ ਕੋਲ ਜਾਉ
ਬੁਖਾਰ ਨਾਲ ਬੇਦਲ ਹੋਏ ਉਸ ਦੇ ਮੱਥੇ 'ਤੇ
ਆਪਣਾ ਹੱਥ ਰੱਖੋ
ਉਹ ਬੋਲਣ ਲਈ ਮੂੰਹ ਖੋਲ੍ਹੇਗਾ
ਤੇ ਆਖੇਗਾ.....ਭਾਰਤ
ਹਾਂ ਇਹੀ ਮੇਰੇ ਦੇਸ ਦਾ ਚਿਹਰਾ ਹੈ
ਤਮਾਮ ਭਾਰਤੀਆਂ ਦਾ ਚਿਹਰਾ
ਮੇਰੇ ਦੇਸ ਦਾ ਚਿਹਰਾ ਹੋ ਸਕਦਾ ਹੈ।

ਸੁਲਗਦਾ ਹੋਇਆ ਕਸ਼ਮੀਰ
ਜਾਂ ਸੜਦਾ ਹੋਇਆ ਗੁਜਰਾਤ
ਇਹ ਮੇਰੇ ਦੇਸ ਦਾ ਚਿਹਰਾ
ਨਹੀਂ ਹੋ ਸਕਦਾ....
ਨਹੀਂ ਹੋ ਸਕਦਾ
ਜੇ ਹੈ ਤਾਂ ਸਿਰਫ਼
ਮੇਰੇ ਦੇਸ ਦੇ
ਚਿਹਰੇ 'ਤੇ
ਪਿਆ ਹੋਇਆ
ਕਾਲਾ ਧੱਬਾ ਹੈ।

### ਕਵਿਤਾ-ਛੇਤੀ ਪਰਤ ਆਵੀਂ

**ਗੁਰਦੀਪ ਗਿੱਲ**

ਜਰਾ!
ਠਹਿਰ ਜਾਹ!
ਤੇਰੀ ਆਮਦ ਦਾ
ਸ਼ਬਦਾਂ ਸੰਗ ਜਸ਼ਨ ਮਨਾ ਲਵਾਂ
ਬੜੀ ਦੇਰ ਤੋਂ
ਕਾਗਜ਼, ਪੈਨ ਤੇ ਅਗਰਵੱਤੀ
ਤੇਰੀ ਇੰਤਜ਼ਾਰ 'ਚ ਨੇ।
ਅੱਖਾਂ 'ਚੋਂ ਵਗਦੇ ਹੰਝੂ
ਛਾਤੀ 'ਚ ਸੁਲਘਦੇ ਅਹਿਸਾਸ
ਤੇ ਹੋਰ ਬੜਾ ਕੁਝ
ਜੋ ਸ਼ਬਦਾਂ 'ਚ
ਬਿਆਨ ਨਹੀਂ ਕੀਤਾ ਜਾ ਸਕਦਾ
ਮੈਂ ਤੇਰੇ ਕਦਮਾਂ 'ਚ ਧਰ ਦੇਵਾਂ।
ਖ਼ਬਰੇ! ਤੂੰ ਫਿਰ ਕਦ ਪਰਤਣਾ ਏਂ?
ਮੈਂ ਸ਼ੁਕਰਗੁਜ਼ਾਰ ਹਾਂ
ਤੇਰੇ ਪਲ ਦੋ ਪਲ ਦਿੱਤੇ ਜਲੌਅ ਦਾ!!
ਅੱਛਾ! ਅਲਵਿਦਾ!!
ਕਵਿਤਾ।
ਤੂੰ ਫਿਰ ਜਲਦੀ ਪਰਤ ਆਵੀਂ!!

## ਦੱਬਿਆ ਹੌਂਕਾ/ਸਤਪਾਲ ਬਰਾੜ

ਜਦ ਅੰਬੀਆਂ ਨੂੰ ਬੂਰ ਪਿਆ ਸੀ,
ਅੰਗ ਅੰਗ ਵਿੱਚ ਸਰੂਰ ਪਿਆ ਸੀ।
ਡੁੱਲਿਆ ਜਿਵੇਂ ਕਪੂਰ ਪਿਆ ਸੀ,
ਕਾਸ਼! ਉਦੋਂ ਕਦੇ ਮਿਲੀ ਹੁੰਦੀ।

ਜਦ ਟੇਢੀ ਜਿਹੀ ਪੱਗ ਬੰਨਦਾ ਸਾਂ,
ਲੰਮਾ ਜਿਹਾ ਲੜ ਛੱਡਦਾ ਸਾਂ।
ਜਦ ਬਿਨਾਂ ਖੰਘ ਦੇ ਖੰਘਦੇ ਸਾਂ,
ਕਾਸ਼! ਉਦੋਂ ਕਦੇ ਮਿਲੀ ਹੁੰਦੀ।

ਨਹੀਂ ਨੀਦ ਰਾਤਾਂ ਨੂੰ ਆਉਂਦੀ ਸੀ,
ਜਿੰਦ ਪਿਆਰ ਪਿਆਰ ਕੁਰਲਾਉਂਦੀ ਸੀ।
ਤੇਰੀ ਯਾਦ ਬੜਾ ਸਤਾਉਂਦੀ ਸੀ,
ਕਾਸ਼! ਉਦੋਂ ਕਦੇ ਮਿਲੀ ਹੁੰਦੀ।

ਜਦ ਕਾਲਜ ਦੇ ਵਿੱਚ ਪੜਦੇ ਸੀ,
ਤੇਰੀ ਇੱਕ ਝਲਕ ਲਈ ਮਰਦੇ ਸੀ।
ਤੇਰੇ ਰਾਹਾਂ ਦੇ ਵਿੱਚ ਖੜਦੇ ਸੀ,
ਜਦ ਦੇਖ ਗੁਆਂਡੀ ਸੜਦੇ ਸੀ।
ਕਾਸ਼! ਉਦੋਂ ਕਦੇ ਮਿਲੀ ਹੁੰਦੀ।

ਨਹੀਂ ਹਾਸੇ ਰੋਕਿਆਂ ਰੁਕਦੇ ਸੀ,
ਜਦ ਮੋਢਿਆਂ ਤੋਂ ਦੀ ਥੁੱਕਦੇ ਸੀ।
ਤੇਰੇ ਹੁਸਨਾਂ ਅੱਗੇ ਝੁਕਦੇ ਸੀ,
ਦੰਦਾਂ ਵਿੱਚ ਬੁੱਲ੍ਹ ਟੁੱਕਦੇ ਸੀ।
ਕਾਸ਼! ਉਦੋਂ ਕਦੇ ਮਿਲੀ ਹੁੰਦੀ।

ਕਰ ਡਿਗਰੀ ਬੇਰੁਜ਼ਗਾਰ ਬਣੇ,
ਘਰਦਿਆਂ ਦੇ ਲਈ ਭਾਰ ਬਣੇ।
ਜਦ ਭੂਆ ਬਣੀ ਵਿਚੋਲਣ ਸੀ,
ਬਹੂ ਆਗੀ, ਘਰ ਵਿੱਚ ਕਾਰ ਸਣੇ।
ਕਾਸ਼! ਉਦੋਂ ਕਦੇ ਮਿਲੀ ਹੁੰਦੀ।

ਚੜ੍ਹ ਜਹਾਜ਼ੇ ਜਦ ਪ੍ਰਦੇਸ ਤੁਰੇ,
ਮਾਂ ਮਿੱਟੀ ਤੋਂ ਹੋਏ ਦੂਰ ਪਰ੍ਹੇ
ਨਾ ਵਾਪਸ ਆਏ ਕਈ ਵਰ੍ਹੇ,
ਜਿਉਣ ਦੇ ਲਈ ਹਰ ਰੋਜ਼ ਮਰੇ।
ਕਾਸ਼! ਉਦੋਂ ਕਦੇ ਮਿਲੀ ਹੁੰਦੀ।

ਪਰ ਅੱਜ,
ਤੂੰ ਮਿਲਗੀ ਸ਼ਾਬਾਸ਼ੇ,
ਪਰ ਮੈਥੋਂ ਮਿਲਿਆ ਨਹੀਂ ਜਾਣਾ।
ਮੈਂ ਆਪ ਉਹਦੇ ਵਿੱਚ ਉਲਝ ਗਿਆ
ਹੱਥੀਂ ਜੋ ਬੁਣਿਆਂ ਸੀ ਤਾਣਾ।

ਚਾਂਦੀ ਦੀਆਂ ਬੇੜੀਆਂ ਪੈਰਾਂ ਵਿੱਚ,
ਸੋਨੇ ਦੀਆਂ ਲੱਗੀਆਂ ਹੱਥਕੜੀਆਂ।
ਚਾਹ ਕੇ ਵੀ ਬਦਲ ਨਾ ਸਕਦੇ ਹਾਂ,
ਲੇਖਾਂ ਵਿੱਚ ਮੇਖਾਂ ਖੁਦ ਜੜੀਆਂ।

ਜਿਉਂਦੇ ਜੀ ਕਾਹਦਾ ਆ ਸਕਣਾ,
ਤੂੰ ਆਕੇ ਮਿਲ ਵਿੱਚ ਮੜ੍ਹੀਆਂ।
ਭੁੱਲ ਜਾ ਕੰਬਖਤ ਬਰਾੜ ਤਾਈਂ,
ਐਵੇਂ ਨਾ ਸੱਜਣਾ ਕਰ ਅੜੀਆਂ।



## ਮਹਿੰਗੇ ਪਲ/ਸਤਪਾਲ ਬਰਾੜ

ਅਚਾਣਕ,
ਤੈਨੂੰ ਸਾਹਮਣਿਉਂ ਆਉਂਦਿਆਂ ਦੇਖ,
ਮੈਂ ਆਪਣਾ ਰਸਤਾ ਬਦਲਣ ਦੀ
ਅਸਫਲ ਕੋਸ਼ਿਸ਼ ਕੀਤੀ।
ਕਿਉਂਕਿ,
ਇਸ ਸ਼ਹਿਰ ਵਿੱਚ,
ਤੇਰੇ ਨਾਲ ਨਜ਼ਰਾਂ ਮਿਲਾਣ ਦੀ
ਮੇਰੇ ਵਿੱਚ ਹਿੰਮਤ ਨਹੀਂ।
ਇੱਕ ਬੱਚਾ ਕੁੱਛੜ
ਦੂਸਰਾ ਉਂਗਲ ਲਾਈ,
ਤੂੰ ਕਿਸੇ ਜੇਤੂ ਵਾਂਗ
ਮੇਰੇ ਸਾਹਮਣੇ ਆ ਖੜੀ।
ਘਬਰਾਹਟ ਜਿਹੀ ਵਿੱਚ
ਮੇਰੇ ਮੂੰਹੋਂ
ਸਤਿ ਸ੍ਰੀ ਅਕਾਲ ਨਿਕਲਣਾ
ਅਤੇ ਪੁੱਛਣਾ,
'ਕੀ ਹਾਲ ਐ ਤੇਰਾ?'
'ਮੇਰੇ ਹਾਲ ਨੂੰ,
ਤੇਰੇ ਨਾਲੋਂ ਜ਼ਿਆਦਾ ਕੌਣ ਜਾਣਦੈ?'
ਤੇਰਾ ਜੁਆਬ ਉੱਤਰ ਗਿਆ
ਬਰਛੀ ਬਣਕੇ ਮੇਰੇ ਸੀਨੇ ਅੰਦਰ।

ਮੱਥੇ ਤੋਂ ਪਸੀਨਾ ਪੂੰਝਿਦਆਂ,
ਹੱਥ ਜੇਬ ਅੰਦਰ ਚਲਾ ਗਿਆ।
ਸੌ ਡਾਲਰ ਦਾ ਨੋਟ,
ਬੱਚੇ ਦੇ ਹੱਥ ਦੇਣ ਲੱਗਿਆ
ਤੂੰ ਮੇਰਾ ਹੱਥ ਰੋਕ ਦਿੱਤਾ।
'ਪੈਸੇ ਨਾਲ ਜਜ਼ਬਾਤ ਖਰੀਦਣ ਦੀ
ਤੇਰੀ ਪੁਰਾਣੀ ਆਦਤ ਗਈ ਨਹੀਂ?'
ਕਹਿਕੇ ਤੂੰ ਚਲੀ ਗਈ ਆਪਣੇ ਰਾਹ।
ਚੌਂਧੀ ਲੱਗੇ ਇਨਸਾਨ ਵਾਂਗ,
ਮੈਂ ਖੜਾਂ ਰਹਿ ਗਿਆ ਉੱਥੇ ਹੀ।

ਹੱਥ ਵਿੱਚ ਨੋਟ ਫੜੀ ਦੇਖ,
ਪਿੱਛੋਂ ਆ ਰਹੀ
ਪਤਨੀ ਨੇ ਅਚਾਣਕ ਪੁੱਛਿਆ।
'ਕੁਝ ਖਰੀਦਣ ਲੱਗੇ ਸੀ?'
'ਹਾਂ ਕੁਝ ਪੁਰਾਣੇ ਪਲ!'
ਪਰ ਲਗਦੈ,
ਡਾਲਰ
ਹਰ ਦੇਸ਼ ਵਿੱਚ ਨਹੀਂ ਚੱਲਦੇ।

# ਕਾਲੀ ਸ਼ਾਹ ਕਬੂੱਤਰੀ/ਗੁਰਮੇਲ ਮਡਾਹੜ

ਮੈਂ ਕਈ ਵਾਰ ਜਦ ਇਕਾਂਤ ਵਿਚ ਬੈਠਾ ਹੁੰਦਾ ਹਾਂ ਤਾਂ ਸੋਚਦਾ ਹਾਂ ਕਿ ਮਨੁੱਖ ਜੋ ਚਾਹੁੰਦਾ ਹੈ ਉਹ ਉਸਨੂੰ ਮਿਲਦਾ ਨਹੀਂ ਜਾਂ ਕਰ ਨਹੀਂ ਪਾਉਂਦਾ ਪਰ ਜੋ ਨਹੀਂ ਚਾਹੁੰਦਾ ਉਹ ਮਿਲ ਜਾਂਦਾ ਹੈ ਤੇ ਕਰਨਾ ਪੈ ਜਾਂਦਾ ਹੈ। ਭਵਿੱਖ ਬਾਰੇ ਕਿਸੇ ਨੂੰ ਕੁਝ ਨਹੀਂ ਪਤਾ.... ਜੋਤਸ਼ ਵਗੈਰਾ ਸਭ ਫਜ਼ੂਲ ਦੀਆਂ ਗੱਲਾਂ ਹਨ। ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਤੇ ਸੁਖਦੇਵ ਸਿੰਘ ਉਰਫ ਸਾਭੋ ਅੱਜ ਜਿਥੇ ਪਹੁੰਚ ਗਏ ਹਾਂ, ਤੇ ਜੋ ਬਣ ਗਏ ਹਾਂ ਉਹ ਬਣ ਜਾਵਾਂਗੇ।

ਜਦ ਮੈਂ ਉਸ ਨੂੰ ਸਿਵਿਆਂ ਵਲ ਜਾਂਦੇ ਨੂੰ ਜਾਂ ਸਿਵਿਆਂ ਵਿਚ ਭਗਤੀ ਕਰਦੇ ਨੂੰ ਦੇਖਦਾ ਹਾਂ ਤਾਂ ਸੋਚਦਾ ਹਾਂ ਕਿ ਮੇਰਾ ਇਹ ਉਹ ਬਚਪਨ ਦਾ ਦੋਸਤ ਹੈ, ਜਿਸ ਦਾ ਬਚਪਨ ਬੇਹੱਦ ਗਰੀਬੀ ਅਤੇ ਤੰਗ ਦਸਤੀ ਵਿਚ ਬੀਤਿਆ। ਜਿਸ ਦਾ ਬਚਪਨ ਵਿਚ ਹੀ ਮਾਂ ਸਾਥ ਛੱਡ ਗਈ ਸੀ ਤੇ ਜਦ ਉਹ ਛੇਵੀਂ ਜਮਾਤ ਵਿਚ ਪੜ੍ਹਦਾ ਸੀ ਤਾਂ ਪਿਤਾ ਅਧਰੰਗ ਦਾ ਮਰੀਜ਼ ਹੋ ਗਿਆ ਸੀ, ਜਿਸ ਕਰਕੇ ਉਸ ਨੂੰ ਛੋਟੀ ਉਮਰ ਵਿਚ ਹੀ ਰੋਜੀ ਰੋਟੀ ਲਈ ਦਿਹਾੜੀ ਕਰਨੀ ਪੈ ਗਈ ਸੀ। ਤੇ ਫੇਰ ਪੁਲਿਸ ਵਿਚ ਸਿਪਾਹੀ ਭਰਤੀ ਹੋ ਕੇ ਸਾਰੀ ਉਮਰ ਰਿਟਾਇਰਮੈਂਟ ਤਕ ਸੌ ਪ੍ਰਤੀਸ਼ਤ ਇਮਾਨਦਾਰ ਰਿਹਾ ਹੈ। ਬੱਚੇ ਪਾਲੇ। ਪੜ੍ਹਾਏ। ਕਿਤਿਆਂ ਤੇ ਲਵਾਏ। ਤੇ ਵਿਆਹ ਕੇ ਜਦ ਵਿਹਲਾ ਹੋਇਆ ਤਾਂ.......। ਇਹ ਮੇਰਾ ਉਹੀ ਮਿੱਤਰ ਹੈ ਜਿਸ ਨਾਲ ਰਲਕੇ ਮੈਂ ਕਬੂੱਤਰਬਾਜ਼ੀ ਕਰਦਾ ਰਿਹਾ ਹਾਂ। ਕਬੂਤਰ ਉਡਾਉਣੇ, ਸ਼ਰਤਾਂ ਲਾਉਂਣੀਆਂ। ਸ਼ਰਤਾਂ ਦੀ ਜਿੱਤ ਹਾਰ ਤੇ ਰੌਲਾ ਪੈ ਜਾਣ ਤੇ ਲੜਾਈਆਂ ਕਰਨੀਆਂ, ਕਦੇ ਇਹ ਸਾਡੇ ਬਚਪਨ ਦੇ ਸੁਭਾਅ ਦਾ ਮੁੱਖ ਭਾਗ ਸੀ। ਹੈਰਾਨ ਹਾਂ ਕਿ ਇਸ ਦੀ ਜ਼ਿੰਦਗੀ ਵਿਚ, ਇਸਦੇ ਸੁਭਾਅ ਵਿਚ ਇਹ ਅਚਾਨਕ ਤਬਦੀਲੀ.... ?

ਸਾਡੇ ਦੋਹਾਂ ਦੇ ਕਬੂੱਤਰ ਰੱਖੇ ਹੋਏ ਹੋਣ ਕਰਕੇ ਉਹ ਮੇਰੇ ਘਰ ਮੈਂ ਉਸਦੇ ਘਰ ਅਕਸਰ ਆਉਂਦੇ ਜਾਂਦੇ ਸੀ। ਮੈਂ ਵੀ ਦਸਵੀਂ ਪਾਸ ਕਰਕੇ ਗਰਾਮ ਰਖਸ਼ਾ ਦੱਲ ਪੰਜਾਬ ਵਿਚ ਇੰਸਟਰੱਟਰ ਦੇ ਤੌਰ ਤੇ ਨੌਕਰੀ ਕਰ ਲਈ। ਘਰੇਲੂ ਰੁਝੇਵੇਂ ਦੋਹਾਂ ਦੇ ਵਧ ਗਏ ਪਰ ਕਬੂੱਤਰਾਂ ਦਾ ਸ਼ੌਕ ਹੋਰ ਤੇਜ਼ੀ ਫੜ ਗਿਆ।

ਗੱਲ 1963 ਦੀ ਹੈ, ਓਦੋਂ ਮੈਂ ਨੌਕਰੀ ਵਿਚ ਆ ਗਿਆ ਸੀ ਤੇ ਸਾਭੋ ਅੱਜੇ ਵੀ ਦਿਹਾੜੀ ਕਰਦਾ ਸੀ। ਸਾਡੇ ਦੋਹਾਂ ਦਾ ਇਕ ਹੋਰ ਸਾਂਝਾ ਦੋਸਤ ਸੁਰਜੀਤ ਸਿੰਘ ਜੋ ਮੇਰਾ ਗੁਆਂਢੀ ਵੀ ਸੀ, ਕੋਲ ਇਕ ਪੀਲੀਆਂ ਅੱਖਾਂ ਦਾ ਬਿਲਕੁਲ ਕਾਂ ਵਰਗਾ ਕਾਲਾ ਸ਼ਾਹ ਕਬੂਤਰ ਕਿਤੋਂ ਆ ਗਿਆ, ਜਿਸ ਦਾ ਜੋੜਾ ਬਨਾਉਣ ਲਈ ਉਸ ਨੇ ਸਾਡੀ ਮਦਦ ਮੰਗੀ। ਦੋਸਤ ਦੀ ਮੰਗ ਪੂਰੀ ਕਰਨ ਲਈ ਪੀਲੀਆਂ ਅੱਖਾਂ ਦੀ ਕਾਲੀ ਸ਼ਾਹ ਕਬੂੱਤਰੀ ਦੀ ਤਲਾਸ਼ ਸ਼ੁਰੂ ਹੋ ਗਈ। ਕਬੂੱਤਰਬਾਜ਼ਾਂ ਤੋਂ ਪੁੱਛ-ਗਿੱਛ ਕਰਨੀ ਸ਼ੁਰੂ ਕਰ ਦਿੱਤੀ ਤਾਂ ਇਕ ਦਿਨ ਪਤਾ ਲੱਗਿਆ ਕਿ ਰਾਜ ਹਾਈ ਸਕੂਲ ਦੇ ਗਰਾਉਂਡਾਂ ਵਿਚ ਕਿਤੋਂ ਸਿਕਲੀਗਰ ਨੇ ਆ ਕੇ ਡੇਰੇ ਲਾਏ ਹੋਏ ਹਨ। ਉਨ੍ਹਾਂ ਕੋਲ ਪੀਲੀਆਂ ਅੱਖਾਂ ਦੇ ਕਾਲੇ ਸ਼ਾਹ ਕਬੂੱਤਰ ਹਨ। ਕਬੂੱਤਰੀ ਦੀ ਪ੍ਰਾਪਤੀ ਲਈ ਅਸੀਂ ਪਹੁੰਚ ਗਏ ਸਿਕਲੀਗਰਾਂ ਦੇ ਡੇਰੇ। ਕਬੂੱਤਰਾਂ ਦੇ ਮਾਲਕ ਨੂੰ ਸਾਭੋ ਨੇ ਪੁੱਛਿਆ, "ਭਾਈ ਸਾਹਿਬ ਕਬੂੱਤਰ ਵਿਕਾਊ ਨੇ ?"

"ਹਾਂ...," ਉਸ ਨੇ ਕਿਹਾ।

"ਦਿਖਾਇਓ ...," ਸਾਭੋ ਨੇ ਕਿਹਾ।

ਮਾਲਕ ਨੇ ਕਾਬੁੱਕ ਵਿਚੋਂ ਇਕ ਇਕ ਕਬੂੱਤਰ ਕੱਢਕੇ ਸਾਨੂੰ ਦਿਖਾਉਣਾ ਸ਼ੁਰੂ ਕਰ ਦਿੱਤਾ। ਸਭ ਤੋਂ ਅੱਗੇ ਮੈਂ ਸੀ। ਮੇਰੇ ਸੱਜੇ ਹੱਥ ਸੁਰਜੀਤ ਸੀ ਤੇ ਅੰਤ ਵਿਚ ਉਸ ਦੇ ਸੱਜੇ ਹੱਥ ਸਾਭੋ



ਸੀ। ਮੈਂ ਕਬੂੱਤਰ ਫੜਦਾ। ਦੇਖਦਾ । ਪਰਖਦਾ। ਤੇ ਅੱਗੇ ਸੁਰਜੀਤ ਨੂੰ ਫੜਾ ਦਿੰਦਾ। ਸੁਰਜੀਤ ਕਬੂੱਤਰ ਦੀ ਛਾਣਬੀਣ ਕਰਕੇ ਅੱਗੇ ਸਾਭੋ ਨੂੰ ਫੜਾ ਦਿੰਦਾ। ਸਾਭੋ ਅੱਗੇ ਕਬੂਤਰ ਦੀ ਜਾਂਚ ਕਰਕੇ ਛੱਡ ਦਿੰਦਾ। ਕਬੂੱਤਰ ਜਾਂ ਤਾਂ ਸਾਹਮਣੇ ਛੱਤਰੀ ਤੇ ਜਾ ਬੈਠਦਾ ਜਾਂ ਉਡ ਜਾਂਦਾ। ਜਦ ਸਾਰੇ ਕਬੂੱਤਰ ਦੇਖ ਲਏ ਤਾਂ ਅਸੀਂ ਕਬੂੱਤਰੀ ਦਾ ਸੌਦਾ ਕਰਨ ਲਗ ਪਏ ਪਰ ਸਾਭੋ ਕਹਿੰਦਾ, " ਇਹ ਤਾਂ ਬਿਲਕੁਲ ਕੰਮ ਦੇ ਨਹੀਂ ਚਲੋ ਚਲੀਏ।" ਅਸੀਂ ਗੱਲਾਂ ਕਰੀਏ ਪਰ ਸਾਭੋ ਸਾਡੀਆਂ ਬਾਹਾਂ ਫੜ ਫੜ ਖਿਚੇ। ਅਖੀਰ ਅਸੀਂ ਗੱਲ ਵਿਚਾਲੇ ਛੱਡਕੇ ਆਪੋ ਆਪਣੇ ਸਾਈਕਲਾਂ ਤੇ ਚੜ੍ਹ ਗਏ। ਸੁਰਜੀਤ ਦਾ ਘਰ ਪਹਿਲਾਂ ਆਉਂਦਾ ਸੀ। ਉਸ ਦੇ ਘਰ ਜਾਕੇ ਮੈਂ ਕਿਹਾ,"ਐਨੀ ਕਿਹੜੀ ਅੱਗ ਅੱਗੀ ਸੀ ਜਿਹੜੀ ਤੂੰ ਤਮੱਚੀ ਚੱਕ ਦਿੱਤੀ ਕਿ ਚਲੋ.... ਚਲੋ।"

"ਧਮੱਚੀ ਨਾ ਚੱਕਦਾ ਤਾਂ ਹੋਰ ਕੀ ਕਰਦਾ ਉਹਦੀ ਸਿਰੇ ਦੀ ਕਬੂੱਤਰੀ ਤਾਂ ਮੈਂ ਆਪਣੀ ਡੱਬ ਵਿਚ ਦੇ ਲਈ ਸੀ। ਜੇ ਕਿਤੇ ਉਹ ਕਬੂੱਤਰ ਗਿਣ ਲੈਂਦਾ ਤਾਂ ਮੇਰਾ ਤਾਂ ਹੁਲੀਆ ਤਬਦੀਲ ਕਰ ਦਿੰਦਾ।" ਕਹਿਕੇ ਉਸ ਨੇ ਪੀਲੀਆਂ ਅੱਖਾਂ ਦੀ ਕਾਲੀ ਸ਼ਾਹ ਕਬੂਤਰੀ ਡੱਬ ਵਿਚੋਂ ਕੱਢਕੇ ਸੁਰਜੀਤ ਦੇ ਖੁੱਡੇ ਵਿਚ ਛੱਡ ਦਿੱਤੀ। ਜਦ ਮੈਂ ਗੌਰ ਨਾਲ ਦੇਖਿਆ ਤਾਂ ਇਹ ਪਤਾ ਨਾ ਚਲੇ ਕਿ ਕਬੂੱਤਰੀ ਕਿਹੜੀ ਹੈ ਤੇ ਕਬੂੱਤਰ ਕਿਹੜਾ ਏਨੇ ਇਕ ਦੂਜੇ ਨਾਲ ਮਿਲਦੇ ਸੀ। ਸੁਰਜੀਤ ਦੇ ਕਬੂੱਤਰਾਂ ਦਾ ਜੋੜਾ ਤਾਂ ਬਣ ਗਿਆ ਪਰ ਜਿੰਨੀ ਦੇਰ ਸਿਕਲੀਗਰਾਂ ਦਾ ਡੇਰਾ ਚੁੱਕਿਆ ਨਹੀਂ ਗਿਆ ਮੇਰੇ ਅੰਦਰ ਧੁੜਕੂ ਲੱਗਿਆ ਰਿਹਾ ਕਿ ਜੇ ਕਿਤੇ ਕਬੂੱਤਰੀ ਦਾ ਮਾਲਕ ਸਿਕਲੀਗਰ ਚਾਕੂ, ਛੁੱਰੀਆਂ, ਤਵੇ ਵੇਚਦਾ ਵੇਚਦਾ ਅਚਾਨਕ ਸੁਰਜੀਤ ਦੀ ਗਲੀ ਵਿਚ ਆ ਗਿਆ ਤੇ ਉਸਨੇ ਛੱਤਰੀ ਤੇ ਬੈਠੀ ਜਾਂ ਹੇਠਾਂ ਵਿਹੜੇ ਵਿਚ ਚੁਗਦੀ ਕਬੂੱਤਰੀ ਸਿਆਣ ਲਈ ਤਾਂ ਮੇਰੀ ਤਾਂ ਸਾਮਤ ਆ ਜਾਵੇਗੀ।

ਇਹ ਗੱਲ ਉਨੀ ਸੌ ਚੌਹਟ ਦੀ ਹੈ ਓਦੋਂ ਸਾਭੋ ਪੁਲਿਸ ਵਿਚ ਬਤੌਰ ਸਿਪਾਹੀ ਭਰਤੀ ਹੋ ਗਿਆ ਸੀ। ਮੈਂ ਕਿਸੇ ਦਾ ਔਂਟਲਿਆ ਹੋਇਆ ਚਿੱਟੀਆਂ ਅੱਖਾਂ ਦਾ, ਚਿੱਟੇ ਰੰਗ ਦਾ, ਜਿਸ ਦੇ ਪੰਜੇ ਤੇ ਚੁੰਝ ਵੀ ਚਿੱਟੀ ਸੀ, ਬਹੁਤ ਖੂਬਸੂਰਤ ਤਾਰਾ ਕਬੂੱਤਰ ਫੜਿਆ ਲਿਆ ਸੀ। ਮਾਲਕ ਨੇ ਬੜੇ ਸ਼ੌਕ ਨਾਲ ਉਸਦੇ ਚਾਂਦੀ ਦੀਆਂ ਝਾਂਜਰਾਂ ਬਣਵਾਕੇ ਪਾਈਆਂ ਹੋਈਆਂ ਸੀ, ਜਿਨ੍ਹਾਂ ਵਿਚ ਸਾਈਕਲ ਦੇ ਪੈਡਲਾਂ ਦੀਆਂ ਬਰੀਕ ਗੋਲੀਆਂ ਪਾਈਆਂ ਹੋਣ ਕਰਕੇ ਬਹੁਤ ਖੜਕਦੀਆਂ ਸਨ। ਉਸ ਲਈ ਕਬੂੱਤਰੀ ਦੀ ਤਲਾਸ਼ ਜਾਰੀ ਹੋ ਗਈ। ਇਕ ਦਿਨ ਸਾਭੋ ਨੇ ਆਕੇ ਮੈਨੂੰ ਖਬਰ ਦਿੱਤੀ। "ਧੂਰੀ ਪਿੰਡ ਦੇ ਬੇਨੜਾ ਗੇਟ ਕੋਲ ਇਕ ਮੰਦਰ ਹੈ ਜਿਸ ਉਤੇ ਇਕ ਬਿਲਕੁੱਲ ਤੇਰੇ ਕਬੂੱਤਰ ਵਰਗੀ ਤਾਰੀ ਕਬੂੱਤਰੀ ਗੋਲੇ ਕਬੂਤਰਾਂ ਵਿਚ ਆਜ਼ਾਦ ਰਹਿੰਦੀ ਹੈ। ਜਿਸਨੇ ਇਕ ਗੋਲੇ ਕਬੂੱਤਰ ਨਾਲ ਮਿਲਕੇ ਬੱਚੇ ਵੀ ਕੱਢੇ ਹੋਏ ਹਨ। ਮੈਂ ਦੇਖ ਆਇਆ ਉਹ ਕਿਥੇ ਬਹਿੰਦੀ ਹੈ, ਚਲ ਅੱਜ ਰਾਤ ਨੂੰ ਫੜਕੇ ਲਿਆਈਏ।"

"ਚਲ ਚੱਲੀਏ।" ਮੈਂ ਵੀ ਬਿਨਾਂ ਸੋਚੇ ਸਮਝੇ ਹਾਂ ਕਰ ਦਿੱਤੀ।

ਉਸੇ ਵੇਲੇ ਸਾਭੋ ਵਾਲਾ ਸਾਈਕਲ ਚੁੱਕਿਆ ਤੇ ਦੋਹੇ ਜਣੇ ਚੱਲ ਪਏ ਧੂਰੀ ਵਲ। ਪੂਰੇ ਸੋਲ੍ਹਾਂ ਕਿਲੋਮੀਟਰ ਦਾ ਫਾਸਲਾ ਤਹਿ ਕਰਕੇ ਅਸੀਂ ਰਾਤ ਦੇ ਸਾਢੇ ਅੱਠ ਵਜੇ ਮੰਦਰ ਕੋਲ ਪਹੁੰਚ ਗਏ।

"ਔਸ ਆਲੇ ਵਿਚ ਬਹਿੰਦੀ ਐ।" ਉਸ ਨੇ ਮੰਦਰ ਦੇ ਇਕ ਰੌਸ਼ਨਦਾਨ ਜਿਹੇ ਵਲ ਇਸ਼ਾਰਾ ਕਰਕੇ ਕਿਹਾ।

"ਯਾਰ ਉਹ ਤਾਂ ਬਹੁਤ ਉਚੈ ਉਥੋਂ ਕਿਵੇਂ ਫੜਾਂਗੇ....ਏਥੋਂ ਤਾਂ ਕਿਤੋਂ ਪੌੜੀ ਵੀ ਨਹੀਂ ਮਿਲਣੀ।" ਮੈਂ ਫਿਕਰ ਜਾਹਰ ਕੀਤਾ।

"ਪੌੜੀ ਦੀ ਕੀ ਲੋੜ ਐ।ਐਂ ਕਰ ਮੰਦਰ ਦੀ ਕੰਧ ਨਾਲ ਸਾਈਕਲ ਲਾ ਕੇ ਖੜਾਅ।ਤੂੰ ਸਾਈਕਲ ਤੇ ਚੜ੍ਹ ਜਾਈਂ ਮੈਂ ਤੇਰੇ ਮੋਢਿਆਂ ਤੇ ਚੜ੍ਹ ਜਾਊਂ।ਫੇਰ ਆਪਾਂ ਦੋਵੇਂ ਕੰਧ ਦਾ ਸਹਾਰਾ ਲੈ ਕੇ ਸਿਧੇ ਖੜੇ ਹੋ ਜਾਵਾਂਗੇ।ਇਸ ਤੋਂ ਮਗਰੋਂ ਮੈਂ ਬੜੇ ਅਰਾਮ ਨਾਲੇ ਆਲੇ ਵਿਚੋਂ ਆਪੇ ਕਬੂੱਤਰੀ ਫੜ ਲਉਂ," ਉਸਨੇ ਕਿਹਾ।

ਸਾਡੇ ਸਲਾਹਾਂ ਕਰਦੇ ਕਰਦੇ ਅੱਧਾ ਘੰਟਾ ਹੋਰ ਬੀਤ ਗਿਆ। ਜਨਵਰੀ ਦੀ ਕੋਹਰਾ ਬਰਸਾਉਂਦੀ ਰਾਤ ਸੀ।ਲੋਕੀ ਛੇਤੀ ਹੀ ਆਪੋ ਆਪਣੇ ਘਰਾਂ ਵਿਚ ਦੁਬਕ ਗਏ ਸੀ।ਦੂਰ ਦੂਰ ਕੋਈ ਤੁਰਦਾ ਫਿਰਦਾ ਨਜ਼ਰ ਨਹੀਂ ਆ ਰਿਹਾ ਸੀ।ਮੈਂ ਸਾਈਕਲ ਮੰਦਰ ਦੀ ਕੰਧ ਨਾ ਲਾਕੇ ਉਸ ਉਤੇ ਚੜ ਕੇ ਬਹਿ ਗਿਆ।ਉਹ ਮੇਰੇ ਮੋਢਿਆਂ 'ਤੇ ਚੜ ਗਿਆ।ਫੇਰ ਅਸੀਂ ਮੰਦਰ ਦੀ ਕੰਧ ਨੂੰ ਹੱਥ ਪਾ ਕੇ ਦੋਹੇ ਸਿਧੇ ਖੜੇ ਹੋ ਗਏ।ਤੇ ਜਦ ਉਸ ਨੇ ਆਲੇ ਵਿਚ ਹੱਥ ਮਾਰਿਆ ਤਾਂ ਹੱਥ ਕੰਧ ਦੇ ਸਾਰਪਾਰ ਨਿਕਲ ਗਿਆ ਤੇ ਕਬੂੱਤਰੀ ਅਗੇ ਉੜਕੇ ਮੰਦਰ ਵਿਚ ਜਾ ਵੜੀ।ਕਬੂੱਤਰੀ ਦੇ ਉੜਨ ਦਾ ਖੜਕਾ ਸੁਣਕੇ ਪੁਜਾਰੀ ਬੋਲਿਆ, "ਕੌਣ ਐ ?" ਪੁਜਾਰੀ ਦੀ ਆਵਾਜ਼ ਸੁਣਕੇ ਸਾਭੋ ਨੇ ਮੇਰੇ ਮੋਢਿਆਂ ਤੋਂ ਛਾਲ ਮਾਰ ਦਿੱਤੀ।ਛਾਲ ਦਾ ਖੜਕਾ ਸੁਣਕੇ ਪੁਜਾਰੀ ਨੇ ਚੋਰ ...ਚੋਰ ਪੁਕਾਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਗੱਲ ਅੱਗੇ ਵਧਦੀ ਮੈਂ ਸਾਈਕਲ ਤੇ ਚੜ ਕੇ ਭਜਾ ਲਿਆ ਤੇ ਕੁਝ ਦੇਰ ਤਾਂ ਉਹ ਮੇਰੇ ਬਰਾਬਰ ਭੱਜਿਆ ਆਇਆ, ਫੇਰ ਅੱਗੇ ਆ ਕੇ ਸਾਈਕਲ ਤੇ ਬਹਿ ਗਿਆ।ਧੂਰੀ ਤੋਂ ਸੰਗਰੂਰ ਤਕ ਦਾ ਸੋਲ੍ਹਾਂ ਕਿਲੋਮੀਟਰ ਦਾ ਫਾਸਲਾ ਪੂਰੀ ਠੰਢ ਵਿਚ ਅਸੀਂ ਕਿਨਾ ਔਖਾ ਤਹਿ ਕੀਤਾ ਇਸ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ, ਬਿਆਨ ਨਹੀਂ....

ਹੁਣ ਜਦ ਉਹ ਮੈਨੂੰ ਕਿਤੇ ਮਿਲਦਾ ਹੈ ਤਾਂ ਮੈਂ ਸੋਚਦਾ ਹਾਂ ਕਿ ਮਿੱਤਰਾਂ ਦੇ ਸ਼ੌਕ ਪੂਰਨ ਲਈ ਆਪਣੀ ਜਾਨ ਦੀ ਪ੍ਰਵਾਹ ਨਾ ਕਰਨ ਵਾਲਾ, ਬੜੇ ਤੇਜ਼ ਤਰਾਰ ਦਿਮਾਗ ਦਾ ਮਾਲਕ ਅੱਜ ਸਭ ਕੁਝ ਤਿਆਗ ਕੇ ਕਿਵੇਂ ਸਿਵਿਆਂ ਵਿਚ ਬਹਿਕੇ ਭਗਤੀ ਕਰਨ ਲੱਗ ਪਿਆ ਹੈ ? ਬੜੀ ਕੋਸ਼ਿਸ਼ ਕੀਤੀ ਹੈ ਕਿ ਮੈਂ ਆਪਣੇ ਇਸ ਸਵਾਲ ਦਾ ਜਵਾਬ ਲਭਣ ਲਈ ਉਸਦੇ ਮਨ ਦੇ ਬੰਦ ਦਰਵਾਜ਼ੇ ਵਿਚ ਝਾਤੀ ਮਾਰਾਂ ਪਰ ਉਸ ਨੇ ਤਾਂ ਪਤਾ ਨਹੀਂ ਮਨ ਨੂੰ ਕਿਹੜਾ ਰੋਪੜੀ ਜਿੰਦਾ ਲਾਇਆ ਹੋਇਆ ਹੈ ਕਿ ਪਤੰਦਰ ਕੋਈ ਮੌਕਾ ਹੀ ਨਹੀਂ ਦਿੰਦਾ ਆਪਣੇ ਮਨ ਦੇ ਅੰਦਰ ਝਾਕਣ ਦਾ........। ਅੱਜ ਕਲ੍ਹ ਜਦੋਂ ਕਦੇ ਮੈਂ ਧੂਰੀ ਗੁਲਜ਼ਾਰ ਸਿੰਘ ਸ਼ੌਕੀ ਦੇ ਘਰ ਜਾਂਦਾ ਹਾਂ ਤਾਂ ਮੇਰੀ ਨਜ਼ਰ ਉਸ ਮੰਦਰ ਉਤੇ ਜਾਂਦੀ ਹੈ ਤੇ ਸੋਚਦਾ ਹਾਂ ਕਿ ਕੀ ਸਿਕਲੀਗਰਾਂ ਦੀ ਕਬੂੱਤਰੀ ਚੋਰੀ ਕਰਨ ਵੇਲੇ ਜਾਂ ਮੰਦਰ ਦੇ ਆਲੇ ਵਿਚੋਂ ਕਬੂੱਤਰੀ ਫੜਨ ਲਈ ਚੜਨ ਵਾਲੇ ਸਾਭੋ ਦਾ ਸਾਥ ਦੇਣ ਵਾਲਾ ਮੈਂ ਹੀ ਸਾਂ....ਸੱਚ ਪੁੱਛੋਂ ਮੈਨੂੰ ਤਾਂ ਆਪਣੇ ਆਪ ਉਤੇ ਯਕੀਨ ਨਹੀਂ ਆਉਂਦਾ.....ਸ਼ਾਇਦ ਉਸ ਨੂੰ ਵੀ ਨਾ ਆਉਂਦਾ ਹੋਵੇ.....

---

**ਪੰਨਾ ਨੰ. 84 ਦਾ ਬਾਕੀ**

ਅਗਲੀ ਮੀਟਿੰਗ ਤੇ ਮੈਂ ਉਨ੍ਹਾਂ ਦੇ ਦੋਵੇਂ ਨਾਵਲ ਨਾਲ ਲੈ ਗਿਆ ਅਤੇ ਮੌਕਾ ਮਿਲਦੇ ਹੀ ਉਨ੍ਹਾਂ ਦੇ ਅੱਗੇ ਜਾ ਸੁੱਟੇ।ਉਹ ਬੋਲਣ ਲੱਗੇ ਪਰ ਮੈਂ ਉਨ੍ਹਾਂ ਬੋਲਣ ਤੋਂ ਵੱਧ ਤੇਜ਼ੀ ਨਾਲ ਪਿੱਛੇ ਹਟ ਕੇ ਦੂਰ ਜਾ ਬੈਠਿਆ।ਮੈਨੂੰ ਉਮੀਦ ਸੀ ਕਿ ਹੁਣ ਉਹ ਮੈਨੂੰ ਰੁਪਏ ਜ਼ਰੂਰ ਵਾਪਸ ਕਰ ਦੇਣਗੇ। ਪਰ ਮੇਰੀ ਉਮੀਦ, ਉਮੀਦ ਹੀ ਰਹਿ ਗਈ।ਉਸਤੋਂ ਬਾਅਦ ਕਿੰਨੀਆਂ ਹੀ ਮੀਟਿੰਗਾਂ ਹੋ ਗਈਆਂ, ਮੇਰੀਆਂ ਦੋ ਕਿਤਾਬਾਂ ਵੀ ਛਪ ਗਈਆਂ ਪਰ ਉਨ੍ਹਾਂ ਹੁਣ ਤੱਕ ਰੁਪਏ ਵਾਪਸ ਨਹੀਂ ਕੀਤੇ।ਉਹ ਸਾਢੇ ਚਾਰ ਸੌ ਰੁਪਈਆ ਲੁੱਟੇ ਜਾਣ ਦਾ ਦੁੱਖ ਅੱਜ ਵੀ ਮੇਰੇ ਦਿਲ ਵਿੱਚ ਕੱਚੀ ਕੰਧ 'ਚ ਗੱਡੇ ਕਿੱਲ ਵਾਂਗ ਖੁੰਭਿਆ ਪਿਆ ਹੈ।

---



## ਵਾਈਨ 'ਚ ਵਿਸਕੀ !/ਨਿੰਦਰ ਘੁਗਿਆਣਵੀ

ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆਈ।ਸਾਰੀ ਰਾਤ ਸੋਚਦਾ ਰਿਹਾ ਸਾਂ ਕਿ ਕਿੰਨੀ ਚੰਦਰੀ ਹੈ ਇਹ ਵਲੈਤ...! ਏਥੇ ਕੋਈ ਕਿਸੇ ਦਾ ਨਹੀਂ ਹੈ। ਕਿੱਥੇ ਗਏ ਸਾਡੇ ਰਿਸ਼ਤੇ-ਨਾਤੇ...ਕਿੱਥੇ ਗਈਆਂ ਸਾਡੀਆਂ ਅਣਖਾਂ...? ਕੀ ਅਸੀਂ ਇਹ ਧੀਆਂ-ਭੈਣਾਂ ਪਰਦੇਸਾਂ ਵਿੱਚ ਰੋਲਣ ਲਈ ਜੰਮੀਆਂ ਸਨ ? ਕੀ ਪੌਂਡਾਂ ਦੀ ਚਮਕ-ਦਮਕ ਪਿੱਛੇ ਅਸੀਂ ਸਭ ਕੁਝ ਦਾਅ 'ਤੇ ਲਗਾ ਦਿੱਤਾ ਹੈ ? ਇਹ ਆਪ ਦਸਦੀ ਹੈ ਕਿ ਮੇਰੇ ਜਿਹੀਆਂ ਹੋਰ ਕੁੜੀਆਂ ਵੀ ਬਹੁਤ ਨੇ ਏਥੇ...ਜਿਨ੍ਹਾਂ ਦੇ ਸਿਰ 'ਤੇ ਨਾ ਪੇਕੇ...ਨਾ ਸਹੁਰੇ...ਨਾ ਅੱਗਾ...ਨਾ ਪਿੱਛਾ...! ਕੀ ਕਰਨ ? ਕਿੱਧਰ ਜਾਣ ? ਕੀ ਇਹੋ ਕੁਝ ਹੁੰਦਾ ਰਹੇਗਾ ? ਕਦੋਂ ਤੱਕ...? ਜੇ ਰੁਕੇਗਾ, ਤਾਂ ਕਦੋਂ... ਤੇ ਕਿਵੇਂ ? ਕੀ ਸਾਨੂੰ ਸਮਝ ਆ ਜਾਵੇਗੀ ? ਜੇ ਮੈਂ ਇੰਡੀਆ ਜਾਕੇ ਲੋਕਾਂ ਨਾਲ ਇਸ ਬਾਰੇ ਗੱਲ ਕਰਾਂਗਾ ਤਾਂ ਅਵੱਸ਼ ਉਹ ਮੇਰੀ ਗੱਲ ਦਾ ਝੂਠ ਮੰਨਣਗੇ।ਨਾ ਭੇਜੋ ਕੁੜੀਆਂ ਵਲੈਤ...ਚੰਗੈ ਕਿ ਖੂਹ ਵਿੱਚ ਧੱਕਾ ਦੇ ਦਿਓ...ਜੇ ਨਹੀਂ ਭੇਜਣੋਂ ਟਲਣਾ! ਏਦੂੰ ਤਾਂ ਅੱਧੀ ਖਾਧੀ ਚੰਗੀ... ।

ਸੋਚਦਾ ਰਿਹਾ ਮੈਂ ਸਵੇਰੇ ਚਾਰ ਕੁ ਵਜੇ ਸੁੱਤਾ ਸੀ।

*****

"ਮੈਂ ਤਾਂ ਹੈਰਾਨ ਈ ਹੋ ਗਿਆ...ਏਥੇ ਏਹ ਕੁਝ ਦੇਖਕੇ...।"

"ਕਿਉਂ ? ਕੀ ਦੇਖਕੇ...?"

"ਲਗਦੈ ਏਥੇ ਅੱਧੀਓਂ ਵੱਧ ਤੀਮੀਆਂ ਨੇ ਆਪਣੇ ਬੰਦੇ ਛੱਡੇ ਹੋਏ ਆ...ਜਾਂ ਏਹ ਕਹਿ ਲਓ ਕਿ ਅੱਧੀਓਂ ਵੱਧ ਬੰਦਿਆਂ ਨੇ ਆਪਣੀਆਂ ਤੀਮੀਆਂ ਛੱਡੀਆਂ ਹੋਈਆਂ ਨੇ...ਕਿਉਂ ਮੇਰੀ ਗੱਲ ਸਹੀ ਨਹੀਂ ?"

"ਹਾਂ, ਤੂੰ ਠੀਕ ਕਹਿੰਨਾ...ਪਰ ਅੱਧੇ ਨਹੀਂ...ਐਹੋ-ਜਿਹੀ ਕੋਈ ਗੱਲ ਨਹੀਂ...ਤੂੰ ਥੋੜ੍ਹਾ ਜਿਹੇ ਜ਼ਿਆਦਾ ਕਹਿੰਨੈ...ਚਲ ਪੈਂਤੀ ਪ੍ਰਸੈਂਟ ਲਾ ਲੈ...ਜਿਹੜੇ ਮਰਦਾਂ-ਔਰਤਾਂ ਦੇ ਡਿਵੋਰਸ ਹੋਏ-ਹੋਏ ਆ...ਜਾਂ ਦੂਜੇ ਵਿਆਹ ਜਾਂ ਫਿਰ ਹੁਣ ਜਿਹੜੇ ਸਿੰਗਲ-ਸਿੰਗਲ ਨੇ...ਤੇ ਮੌਜਾਂ ਕਰਦੇ ਨੇ ਆਪਣੀਆਂ-ਆਪਣੀਆਂ ਗਰਲ-ਫਰੈਂਡਾਂ ਨਾਲ...ਬੁਆਇਜ਼ ਨਾਲ...ਜੋ ਮਨ ਚਾਹੇ ਕਰੋ...ਜੇ ਮਨ ਭਰ ਜਾਵੇ ਨਵਾਂ ਫਰੈਂਡ ਬਣਾਓ ਜਦੋਂ ਮਰਜ਼ੀ...ਹੌਲੀ-ਡੇ ਕੱਟਣ ਜਾਓ...।"

"ਅੱਛਾ ਤੂੰ ਠੀਕ ਈ ਕਹਿੰਦੀ ਹੋਵੇਂਗੀ।"

"ਤੂੰ ਸੁਣਾ ਕੋਈ ਚੱਜ ਦੀ ਗੱਲ...ਆਪਣੀ ਕਿਸੇ ਗਰਲ-ਫਰੈਂਡ ਦੀ ਗੱਲ...ਆਪਣੇ ਲਵ ਦੀ ਗੱਲ ਸੁਣਾ...ਮਸੀਂ ਮਿਲਿਐਂ ਅੱਜ ਤੂੰ...।"

"ਸੁਣਾਊਂਗਾ...ਸੁਣਾਊਂਗਾ...ਐਨੀ ਕਾਹਲੀ ਕਾਹਦੀ ਪਈ ਹੋਈ ਐ ਤੈਨੂੰ ?"

"ਤੂੰ ਤਾਂ ਗੱਲ ਟਾਲਦੈਂ...ਹਰ ਵਾਰੀ ਗੱਲ ਟਾਲ ਜਾਨੈਂ...ਹੋਰ ਈ ਗੱਲਾਂ ਮਾਰੀ ਜਾਨੈਂ...ਮੈਂ ਕਿਹਾ ਇਸ਼ਕ ਦੀ ਗੱਲ ਸੁਣਾ ਆਪਣੀ...ਮੈਨੂੰ ਲਗਦਾ ਕਿ ਤੂੰ ਆਪਣੀ ਪ੍ਰਸਨਲ ਲਾਈਫ਼ ਬਾਰੇ ਮੇਰੇ ਨਾਲ ਗੱਲ ਨਹੀਂ ਕਰਨੀ ਚਾਹੁੰਦਾ...।"

"ਅਜੇ ਮਿਲਿਆਂ ਕੁਝ ਘੰਟੇ ਈ ਹੋਏ ਐ...ਕੱਲ੍ਹ ਤੱਕ ਤੇਰੇ ਕੋਲ ਆਂ...ਫਿਰ ਕਾਹਲ ਕਾਹਦੀ ਐ...ਸੁਣਾਊਂਗਾ ਤੈਨੂੰ ਸਭ ਕੁਝ ਦੱਸਾਂਗਾ....ਤੇ ਤੈਥੋਂ ਵੀ ਤੇਰੀ ਲਾਈਫ਼ ਸੁਣਾਂਗਾ...ਕਿੰਨੀ-ਨਿੱਕੀ ਜਿਹੀ ਏਜ਼ ਵਿੱਚ ਤੂੰ ਕਿੰਨੀ ਜ਼ਹੀਨ ਏਂ...ਤੇ 'ਕੱਲੀ ਏਂ...ਲਗਦੈ ਟੁੱਟ ਚੁੱਕੀ ਏਂ ਸਭ ਨਾਲੋਂ...ਕੀ ਗੱਲ, ਤੇਰੇ ਪੇਕੇ, ਤੇਰੇ ਸਹੁਰੇ...ਤੈਥੋਂ ਏਨੀ ਨਫ਼ਰਤ ਕਿਉਂ ਕਰਨ ਲੱਗਗੇ ਸੀ...ਦੱਸੇਂਗੀ

ਮੈਨੂੰ ਕੁਝ...?"

"ਤੂੰ ਫਿਰ ਓਹੀ ਗੱਲ ਕਰਦਾਂ...ਪਹਿਲਾਂ ਆਪਣੀ ਲਾਈਫ਼ ਦੱਸ...ਫ਼ੇਰ ਦੱਸੂੰਗੀ...ਰੋਣ ਬਹਿ ਗਿਆਂ ਮੇਰੇ ਸਹੁਰਿਆਂ-ਪੇਕਿਆਂ ਨੂੰ...।"

"ਚੰਗਾ...ਫਿਰ ਸ਼ਾਮੀਂ ਪੀਕੇ ਦੱਸੂੰਗਾ...।"

"ਕੀ ਤੂੰ ਵਿਸਕੀ ਪੀਵੇਂਗਾ? ਵਾਧੂੰ ਪਈ ਆ...ਮੈਂ ਤੇਰੇ ਨਾਲ ਵਾਈਨ ਪੀਊਂਗੀ...ਰੈੱਡ ਵਾਈਨ...।"

"ਆਏ-ਹਾਏ ਹਾਏ...ਫ਼ੇਰ ਤਾਂ ਸੁਆਦ ਈ ਆਊ ਗੱਲਾਂ ਪੁੱਛਣ-ਪੁਛਾਉਣ ਦਾ...ਤੂੰ ਤਾਂ ਚਾਹ ਨਾਲ ਮੇਰਾ ਅੰਦਰ ਸਾੜਕੇ ਮੇਰੇ ਇਸ਼ਕ ਦੇ ਕਿੱਸੇ ਸੁਣਨੇ ਚਾਹੁੰਨੀ ਐਂ...ਬਕਬਕੀ ਚਾਹ...ਮੇਰੇ ਜਿੱਡਾ ਕੱਪ...ਲਵੰਡਰ ਜਿਹਾ ਕੱਪ...ਭਾਰਾ...ਏਥੇ ਘਰ-ਘਰ ਅਜਿਹੇ ਕੱਪ ਨੇ...ਏਥੇ ਮੈਂ ਦੇਖੇ ਲਵੰਡਰ ਜਿਹੇ ਕੱਪ...।"

"ਏਹੋ-ਜਿਹੇ ਬੰਦੇ ਨੇ...ਲਵੰਡਰ ਕੱਪਾਂ ਵਰਗੇ...ਤੂੰ ਆਹ ਹੁਣੇ ਲਵੰਡਰ ਲਫ਼ਜ਼ ਨਵਾਂ ਕਿੱਥੋਂ ਕੱਢ ਮਾਰਿਆ...ਮਰ ਜਾਵੇਂ ਤੂੰ...।"

ਉਹ ਹੱਸ ਪਈ ਸੀ। 'ਲਵੰਡਰ' ਸ਼ਬਦ ਤੋਂ। ਮੋਹ ਨਾਲ 'ਮਰ ਜਾਣੇ' ਦੀ ਗਾਲ੍ਹ ਕੱਢ ਗਈ ਸੀ। ਅੱਜ ਵਲੈਤ ਵਿੱਚ ਮੇਰਾ ਸਭਨਾਂ ਦਿਨਾਂ ਨਾਲੋਂ ਸੁਹਾਵਣਾ ਤੇ ਰਮਣੀਕ ਦਿਨ ਸੀ। ਮੁੱਕੇ ਹੀ ਨਾ ਇਹ ਦਿਨ ਕਦੇ। ਖੜ੍ਹਿਆ ਰਹਵੇ...ਬੱਸ ਖੜ੍ਹਿਆ ਰਹਵੇ...! ਜਿੱਦਣ ਦਾ ਵਲੈਤ ਆਇਆ ਹਾਂ, ਖੜ੍ਹਨਾ ਨਹੀਂ ਮਿਲਿਆ ਕਿਤੇ। ਪ੍ਰਸ਼ੰਸਕਾਂ ਤੇ ਦੋਸਤਾਂ ਨਾਲ ਏਧਰ-ਓਧਰ...। ਸਮਾਗਮ। ਰੇਡੀਓ ਟੀਵੀ ਵਿੱਚ ਪ੍ਰੋਗਰਾਮ। ਸੈਮੀਨਾਰ। ਵਿਆਹ-ਪਾਰਟੀਆਂ। ਮਹਿਫਿਲਾਂ। ਅੰਬਿਆ ਪਿਐ ਸਰੀਰ। ਲੇਟ ਸੌਂਦਾ ਹਾਂ। ਲੇਟ ਉਠਦੈਂ। ਲੇਟ ਖਾਨੈਂ। ਭੁੱਖ ਨਹੀਂ ਲੱਗਦੀ ਕਈ ਵਾਰੀ। ਲੋਕ ਮਿਲਦੇ ਨੇ...ਪਰ ਬਹੁਤੇ ਰੁੱਖੀਆਂ ਤੇ ਘਸੀਆਂ-ਪਿਸੀਆਂ ਗੱਲਾਂ ਕਰਦੇ ਨੇ। ਇੱਕ ਦੂਜੇ ਦੀ ਚੁਗਲੀ-ਨਿੰਦਾ। ਈਰਖਾ-ਸਾੜਾ। ਆਪਣੀਆਂ ਸਿਫ਼ਤਾਂ। ਪੰਜਾਬ ਦਾ ਝੋਰਾ ਤੇ ਹੇਰਵਾ। ਇੰਡੀਆ ਦੀਆਂ ਘਾਟਾਂ ਤੇ ਔਗੁਣਾ ਨੂੰ ਕੋਸਦੇ। ਕੀ ਕਰਾਂ! ਕੀਹਦੀ ਸੁਣਾ। ਕੀਹਦੀ ਨਾ? ਸਭ ਦੀਆਂ ਸੁਣਦਾ ਹਾਂ। ਥੱਕ ਜਾਂਦਾ ਹਾਂ। ਮਿੱਠੀਆਂ-ਪਿਆਰੀਆਂ ਤੇ ਮੋਹ ਭਿੱਜੀਆਂ 'ਆਪਣੀਆਂ ਗੱਲਾਂ' ਪੁੱਛਣ-ਦੱਸਣ ਵਾਲਾ ਕੋਈ ਨਹੀਂ ਮਿਲਿਆ ਏਨੇ ਮਹੀਨੇ। ਅੱਜ ਲੱਗਿਆ ਕਿ ਕਿਸੇ ਕੋਲ ਬੈਠਾ ਹਾਂ। ਸਾਂਝ ਭਾਵੇਂ ਨਵੀਂ ਹੈ। ਪਹਿਲੀ ਵਾਰੀ ਮੇਲ! ਇਹ ਮੈਨੂੰ ਦੇਰ ਤੋਂ ਪੜ੍ਹਦੀ ਹੈ। ਕਿਤਾਬਾਂ ਵੀ ਰੱਖੀ ਬੈਠੀ ਹੈ ਆਪਣੇ ਰੂਮ ਵਿੱਚ ਮੇਰੀਆਂ... ਤੇ ਹੋਰਨਾਂ ਦੀਆਂ। ਮੇਰੇ ਛਪਦੇ ਕਾਲਮ ਵੀ ਪੜ੍ਹਦੀ ਹੈ। ਦਸਦੀ ਹੈ ਕਿ ਇੱਕ ਵਾਰੀ ਉਹਨੇ ਸਾਡੇ ਘਰ ਇੰਡੀਆ ਫ਼ੋਨ ਕੀਤਾ ਸੀ ਘਰ ਵਾਲੇ ਫੋਨ 'ਤੇ...ਮੇਰੀ ਮਾਂ ਨੇ ਫੋਨ ਚੁੱਕਿਆ ਸੀ ਤੇ ਕਿਹਾ ਸੀ ਕਿ "ਕੁੜੀਏ, ਅੱਗੇ ਤੋਂ ਸਾਡੇ ਘਰ ਫੋਨ ਨਾ ਕਰੀਂ।" ਉਹ ਕਹਿੰਦੀ ਹੈ ਕਿ "ਤੇਰੀ ਮਾਂ ਤਾਂ ਬੈਕਵਡ ਥਿੰਕਿੰਗ ਦੀ ਆ..ਮੈਨੂੰ ਫੋਨ 'ਤੇ ਬਹੁਤ ਪ੍ਰਾਊਡੀ ਲੱਗੀ...ਖ਼ੁਸ਼ਕ...।"

ਮੈਂ ਉਸ ਪਾਸ ਆਪਣੀ ਮਾਂ ਦੀਆਂ ਤਾਰੀਫ਼ਾਂ ਕਰਦਾ ਹਾਂ। ਉਹ ਨੱਕ ਸਕੋੜਦੀ ਹੈ ਤੇ ਗੱਲ ਟਾਲਦੀ ਹੈ। ਗੱਲ-ਗੱਲ 'ਤੇ ਮੈਨੂੰ 'ਮਰ ਜਾਣੇ' ਦੀ ਗਾਲ੍ਹ ਦਿੰਦੀ ਹੈ ਤਾਂ ਥੋੜ੍ਹਾ ਕੁ ਮੁਸਕਰਾ ਵੀ ਪੈਂਦੀ ਹੈ। ਮੈਨੂੰ ਉਹਦੀ ਇਹ ਅਦਾ ਚੰਗੀ ਲਗਦੀ ਹੈ। ਕਹਿੰਦੀ ਹੈ-"ਤੂੰ ਵੀ ਬਣਿਆ ਫਿਰਦਾਂ ਵੱਡਾ ਰਾਈਟਰ...ਮੇਰੀਆਂ ਕਵਿਤਾਵਾਂ ਪੜ੍ਹੀਂ...ਫ਼ੇਰ ਦੇਖੀਂ...ਨਾਲੇ ਗੱਲ ਸੁਣ..ਮੇਰੀ ਬੁੱਕ ਛਪਵਾ ਦੇ...ਨਾ ਛਪਵਾਈ ਤਾਂ ਦੇਖੀਂ ਫੇਰ...ਮੇਰੀਆਂ ਕਵਿਤਾਵਾਂ ਲੈ ਜਾ ਇੰਡੀਆ..ਓਕੇ? ਕਰਦੇ ਮੇਰਾ ਏਹ ਕੰਮ... ਤੂੰ ਹੀ ਕਰਨੈ ਮੇਰਾ ਏਹ ਕੰਮ...।"

"ਜੇ ਨਾ ਛਪਵਾਵਾਂ ਫੇਰ...?"



"ਫੇਰ...ਨਹੀਂ ਤਾਂ ਨਾ ਸਹੀ..ਚੰਗਾ...ਓਕੇ...ਬਾਏ...ਬਾਏ...ਮੈਨੂੰ ਨਾ ਬੁਲਾਈਂ...ਮੈਂ ਆਪੇ ਛਪਵਾਲੂੰਗੀ ਕਿਸੇ ਹੋਰ ਨੂੰ ਕਹਿਕੇ...ਮੈਨੂੰ ਅੱਜ ਟਾਈਡ ਲਗਦੈਂ ਤੂੰ...ਰੈਸਟ ਕਰਲੈ...ਕਰਨੀ ਆਂ ਰੈਸਟ...?"

"ਨਾਲੇ ਰੁੱਸੀ ਜਾਨੀ ਐ...ਬਾਏ ਬਾਏ ਵੀ ਕਹੀ ਜਾਨੀ ਐਂ...ਨਾਲੇ ਰੈਸਟ ਕਰਨ ਨੂੰ ਕਹੀ ਜਾਨੀ ਐਂ...ਐਨਾ ਕੁਝ 'ਕੱਠਾ? ਤੇਰਾ ਵੀ ਕੋਈ ਭੇਦ ਨਹੀਂ...ਰੱਬੀ ਰੂਹ ਲਗਦੀ ਐਂ ਤੂੰ...।"

"ਅੱਛਾ ਗੱਲ ਸੁਣ...ਮੇਰੇ ਬਾਰੇ ਲਿਖੇਂਗਾ?...ਲਿਖ ਦੇਈਂ ਕੁਝ...ਮੇਰਾ ਨਾਂ ਨਹੀਂ ਲਿਖਣਾ...ਏਹ ਤੇਰਾ ਇਮਤਿਹਾਨ ਆਂ...ਸੁਣਦੈਂ?"

"ਕਿਉਂ ਨਹੀਂ ਲਿਖਣਾ ਤੇਰਾ ਨਾਂ? ਲਿਖੂੰ...ਸਭ ਕੁਝ ਲਿਖੂੰ... ਤੂੰ ਫਿਕਰ ਨਾ ਕਰ...ਨਾਂ ਲਿਖਕੇ ਕੀ ਮੈਂ ਤੇਰੇ ਤੋਂ...!"

" ਹਾਂ...ਹਾਂ...ਬੋਲ-ਬੋਲ...ਗੱਲ ਕਿਉਂ ਕੱਟ ਗਿਆ...ਦੱਸ ..ਕੀ..ਮੇਰੇ ਤੋਂ? ਕੀ ਮੇਰੇ ਤੋਂ... ਦੱਸ ਹੁਣ?"

"ਆਹੋ ਕੀ ਲਿਖਣਾ ਤੇਰਾ ਨਾਂ...ਮੈਂ ਕਮਲਾ ਆਂ ਕਿਤੇ...?"

" ਇੱਕ ਗੱਲ ਹੋਰ...ਤੇਰੇ 'ਤੇ ਮੈਨੂੰ ਤਰਸ ਜਿਹਾ ਆਉਂਦੈ...ਤੇਰੀ ਜ਼ਿੰਦਗੀ ਬਾਰੇ ਜਾਣਕੇ...ਤੇ ਤੂੰ ਜਿਹੜੈ ਮੇਰੇ ਨਾਲ ਚੁਹਲ-ਮੁਹਲ ਜਿਹੇ ਕਰਦੀ ਐਂ...ਮੈਂ ਤਾਂ ਤੇਰੇ ਨਾਲ ਗੰਭੀਰ ਜਿਹਾ ਰਹਿਣਾ ਚਾਹੁੰਨੈ...ਸੱਚੀ ਗੱਲ ਐ।"

"ਡੌਂਟ ਵਰੀ...ਡੌਂਟ ਵਰੀ...ਲਾਈਫ਼ ਆ ਏਹੇ...ਗੁੱਡ ਆ..ਗੁੱਡ..ਬਸ ਲਾਈਫ ਨੂੰ ਇਨਜੁਆਏ ਕਰੋ...ਓਕੇ...ਬਹੁਤੇ ਫਿਕਰਾਂ 'ਚ ਨਾ ਪਿਆ ਕਰ...?"

ਅਸੀਂ ਕਿੰਨੇ ਚਿਰ ਤੋਂ ਝੱਲ-ਵਲੱਲੀਆਂ ਜਿਹੀਆਂ ਮਾਰੀ ਜਾ ਰਹੇ ਹਾਂ। ਨਹੀਂ ਕਿ ਮੈਂ ਇਹਨੂੰ ਪਹਿਲੀ ਵਾਰ ਮਿਲਿਆ ਹਾਂ। ਲ਼ਗਦਾ ਹੈ ਕਿ ਬਾਰ-ਬਾਰ ਮਿਲੇ ਹਾਂ। ਮਿਲਾਪੜੀ। ਰਲੌਟੀ। ਉਤੇਜਿਤ। ਸੋਹਣੀ। ਕਮਲੀ ਨਾ ਹੋਵੇ ਤਾਂ! ਨਿੱਕੀ ਉਮਰੇ ਈ ਇਕਲਾਪਾ ਕੱਟਣ ਲੱਗੀ ਹੋਈ ਐ। ਸਾਲੇ ਕਮੀਨੇ ਹੋਣੇ ਨੇ ਮਾਂ-ਪਿਓ ਵੀ ਤੇ ਸਹੁਰੇ ਵੀ। 'ਕੱਲੀ ਨੂੰ ਛੱਡਗੇ। ਉਹ ਦੱਸਦੀ ਹੈ-"ਇੰਡੀਆ ਤੋਂ ਆਇਆਂ ਤੂੰ ...ਤੈਨੂੰ ਕੀ ਪਤੈ ਵਲੈਤ ਬਾਰੇ...ਮੇਰੇ ਵਰਗੀਆਂ ਬਹੁਤ ਨੇ...ਨਾ ਘਰ ਦੀਆਂ ਨੇ...ਨਾ ਘਾਟ ਦੀਆਂ ਨੇ...ਨਾ ਪੇਕੇ ਬਣੇ...ਨਾ ਸਹੁਰੇ ਬਣੇ...ਤੈਨੂੰ ਸੱਚ ਦੱਸਦੀ ਆਂ...ਫਰੈਂਡਾਂ ਨਾਲ ਦਿਨ ਕਟੀ...ਫਰੈਂਡ ਵੀ ਸੈਲਫਿਸ਼ ਨਿਕਲਦੇ ਨੇ ਬਹੁਤੇ ਤੇ ਫਿਰ ਨਵਾਂ ਫਰੈਂਡ...ਕੁੜੀਆਂ ਵੀ ਘੱਟ ਨਹੀਂ...ਚੰਗੇ-ਚੰਗੇ ਮੁੰਡੇ ਰੋਲਤੇ ਏਥੇ...ਤੇ ਰੱਦੀ ਕਿਸਮ ਦੇ ਮੁੰਡਿਆਂ ਨੇ ਕੋਮਲ ਕਲੀਆਂ ਕੁੜੀਆਂ ਮਿੱਟੀ ਕਰਤੀਆਂ।" ਉਹ ਅਜਿਹੀਆਂ ਗੱਲਾਂ ਦੱਸਦੀ ਹੈ, ਮੈਨੂੰ ਸੱਚ ਨਹੀਂ ਆ ਰਿਹਾ। ਮੈਂ ਠਠੰਬਰ ਜਾਂਦਾ ਹਾਂ ਉਸਦੀਆਂ ਗੱਲਾਂ ਸੁਣ-ਸੁਣ ਕੇ! ਉਹ ਕਹਿੰਦੀ ਹੈ, "ਮੈਂ ਇੱਕ ਵੱਡਾ ਨਾਵਲ ਲਿਖਾਂਗੀ...ਦੇਖੀਂ ਜਾਈਂ ਤੂੰ...।"

ਮੈਂ ਕਹਿੰਦਾ ਹਾਂ-"ਤੂੰ ਆਹਾ ਗਾਲ੍ਹਾਂ ਕੱਢਣ ਵਾਲਾ ਕੰਮ ਮਾੜਾ ਕਰਦੀ ਐਂ...ਏਨੀ ਸਿਆਣੀ ਹੋਕੇ...ਤੇ ਆਹ ਪੀਣ ਪਿਲਾਣ ਵਾਲਾ ਕੰਮ ਵੀ...ਲਗਦੈ ਤੂੰ ਵੀ ਮੁੰਡਿਆਂ ਵਿੱਚ ਖਾਸਾ ਰਹਿ ਆਈ ਐਂ...ਗੁੱਸਾ ਨਾ ਕਰੀਂ ਮੇਰੀ ਗੱਲ ਦਾ...ਓਕੇ?"

"ਗੁੱਸਾ ਕਾਹਦਾ... ਸੱਚ ਕਹਿੰਨੈ ਤੂੰ।"

ਉਹ ਸਭ ਨੂੰ ਜਾਣਦੀ ਐ। ਪੰਜਾਬ ਦੇ ਸਾਰੇ ਕਲਮਕਾਰਾਂ ਨੂੰ। ਕਲਾਕਾਰਾਂ ਨੂੰ। ਪੱਤਰਕਾਰਾਂ ਨੂੰ। ਪੜ੍ਹਦੀ ਬਹੁਤ ਹੈ। ਜਿੱਦਣ ਦਾ ਮੈਂ ਵਲੇਤ ਆਇਆ ਹਾਂ, ਓਦਣ ਦਾ ਮੇਰਾ ਫੋਨ ਨੰਬਰ ਸਾਰੀਆਂ

ਅਖ਼ਬਾਰਾਂ ਵਿੱਚ ਛਪਦੈ, ਮੇਰੇ ਛਪੇ ਕਾਲਮਾਂ ਹੇਠ। ਇਹ ਓਦਣ ਦੀ ਫੋਨ ਕਰਦੀ ਹੈ, ਹਰ ਰੋਜ਼... ਬਿਨਾਂ ਨਾਗਾ। ਕਈ ਵਾਰੀ ਬਿਜ਼ੀ ਹੁੰਦਾ ਹਾਂ ਤਾਂ ਕਹਿ ਦਿੰਨਾ ਕਿ ਰੁਕ ਕੇ ਕਰੀਂ ਜ਼ਰਾ। ਉਹਨੂੰ ਪਤੈ ਕਿ ਮੈਂ ਫੋਨ ਨਹੀਂ ਕਰਾਂਗਾ, ਵਿਜ਼ਟਰ ਆਇਆ ਹਾਂ। ਵਿਜ਼ਟਰ ਨੂੰ ਫੋਨ ਕਾਫੀ ਮਹਿੰਗਾ ਪੈਂਦਾ ਹੈ। ਬਹੁਤ ਘੱਟ ਮਿੰਟ ਫਿਰੀ ਮਿਲਦੇ ਹਨ। ਫਿਰ ਇੱਥੇ ਕਈ ਲੋਕ ਫੋਨ ਉਤੇ ਹੀ ਆਪਣੀਆਂ ਕਹਾਣੀਆਂ ਤੇ ਕਵਿਤਾਵਾਂ ਸੁਣਾ ਕੇ ਆਪਣਾ ਗੁਭ-ਗੁਭਾਟ ਕੱਢਣ ਲੱਗਦੇ ਨੇ। ਇਹਦੇ ਫੋਨ ਵਿੱਚ ਡੇਢ ਹਜ਼ਾਰ ਮਿੰਟ ਫਿਰੀ ਹਨ। ਇਹੋ ਫੋਨ ਕਰਦੀ ਹੈ ਤੇ ਪੁੱਛਦੀ ਹੈ-"ਹੋ ਗਿਆ ਵਿਹਲਾ...ਕਰ ਲੈ ਗੱਲ ਹੁਣ ਤਾਂ?" ਇੱਕ ਦਿਨ, ਜਿਸ ਦਿਨ ਏਹਨੇ ਮੈਨੂੰ ਪਹਿਲੀ ਵਾਰੀ ਕਿਹਾ ਸੀ- "ਕਰ ਲੈ ਗੱਲ ਹੁਣ ਤਾਂ...ਮਰ ਜਾਣਿਆਂ...।" ਓਦਣ 'ਮਰ ਜਾਣੇ' ਦੀ ਗਾਲ੍ਹ ਕੱਢਕੇ ਮੇਰਾ ਦਿਲ ਲੁੱਟਕੇ ਲੈ ਗਈ ਸੀ। ਮੈਂ ਤਾਂ ਬਾਗੋਬਾਗ ਹੋ ਗਿਆ ਸਾਂ। ਏਨੀ ਫਾਰਵਡ ਕੁੜੀ! ਓਪਰੇ ਤੇ ਅਣਦੇਖੇ ਨੂੰ ਫੋਨ 'ਤੇ 'ਮਰ ਜਾਣਾ' ਕਹਿਣਾ ਏਨੀ ਅਪਣੱਤ ਨਾਲ! ਜਿੱਦਣ ਉਹਨੇ ਮੈਨੂੰ ਮੇਰੇ ਦੋਸਤ ਦੇ ਘਰੋਂ ਚੁੱਕਣ ਆਉਣਾ ਸੀ, ਮੈਂ ਸੁਭਾਵਕ ਹੀ ਪੁੱਛਿਆ ਸੀ ਕਿ ਤੇਰੇ ਨਾਲ ਹੋਰ ਕੀਹਨੇ ਆਉਣਾ? ਕਹਿੰਦੀ-"ਕੋਈ ਨਹੀਂ ਸਿਰਫ਼ ਮੈਂ ਈ...ਹੋਰ ਕੌਣ ਆਂ ਮੇਰਾ...ਮੇਰੀ ਤਾਂ ਕਾਰ ਵੀ ਟੂ-ਸੀਟਿਡ ਆ...ਨਾਲੇ ਮੈਨੂੰ ਪੁੱਠੇ ਸਿੱਧੇ ਸੁਆਲ ਨਾ ਕਰਿਆ ਕਰ।"

ਅਸੀਂ ਦਿਨੋ-ਦਿਨ ਫੋਨ 'ਤੇ ਖੁੱਲ੍ਹਦੇ ਗਏ ਸਾਂ।

"ਇੱਕ ਵਾਰੀ ਤੂੰ ਆਪਣੇ ਲੇਖ ਵਿੱਚ ਲਿਖਿਆ ਸੀ ਕਿ ਮਾਂਹ ਦੀ ਦਾਲ ਤੇਰੀ ਫੇਵਰਿਟ ਆ...ਅੱਜ ਬਣਾਈ ਆ ਮੈਂ...ਰੋਸਟ ਚਿਕਨ ਵੀ ਆ...।"

ਅੱਜ ਮੈਂ ਟੱਬ ਵਿੱਚ ਗਰਮ ਪਾਣੀ ਭਰਿਆ। ਲੰਮਾ ਪੈ ਗਿਆ। ਸਾਬਨ ਮਲ-ਮਲ ਨਹਾਤਾ। ਕਿੰਨਾ ਚਿਰ ਪਿਆ ਰਿਹਾ ਟੱਬ ਵਿੱਚ। ਹੱਡ ਪੈਰ ਖੁੱਲ੍ਹ ਜਿਹੇ ਗਏ ਲੱਗੇ। ਹਲਕਾ ਫੁੱਲ ਹੋਕੇ ਟੱਬ 'ਚੋਂ ਨਿਕਲਿਆ। ਉਹ ਕਿੰਨੇ ਵਾਰ ਆਈ, ਡੋਰ ਕਰਦੀ- "ਆ ਜਾਹ ਹੁਣ ਬਾਹਰ...ਅੰਦਰ ਬਹਿ ਗਿਆਂ ਡੇਰੇ ਲਾਕੇ? ਕੀ ਕਰਦਾਂ ...ਆ ਬਾਹਰ।"

ਜਦ ਮੈਂ ਆਪਣੇ ਰੂਮ ਵਿੱਚ ਆਣ ਕੇ ਨਾਈਟ-ਸੂਟ ਪਾਉਣ ਲੱਗਿਆ ਤਾਂ ਪਰਦਾ ਚੁੱਕ ਕੇ ਦੇਖਿਆ, ਬਾਹਰ ਹਨੇਰਾ ਉਤਰ ਆਇਆ ਹੈ। ਬਲਬਾਂ-ਬੱਤੀਆਂ ਨੇ ਹਨੇਰੇ ਦਾ ਸਵਾਗਤ ਕੀਤਾ ਹੈ। ਹੇਠਾਂ ਗਿਆ। ਉਹ ਰਸੋਈ ਵਿੱਚ ਰੁੱਝੀ ਹੋਈ ਸੀ।

"ਕੀ ਕਰਦਾ ਸੀ ਏਨਾ ਚਿਰ?"

"ਸੁਆਹ-ਖੇਹ...ਕੀ ਕਰਨਾ ਸੀ...ਪਿਆ ਰਿਹਾ ਟੱਬ 'ਚ...ਮੌਜ਼ ਨਾਲ...ਗਰਮ ਪਾਣੀ ਕਸਿਆ ਹੋਇਆ...ਬੜਾ ਅਨੰਦ ਆਇਆ ਅੱਜ...ਨਹੀਂ ਤੇ ਲੋਕਾਂ ਦੇ ਘਰੀਂ ਕਾਹਲੀ-ਕਾਹਲੀ ਨਹਾਇਆ ਕਰਦਾ ਸਾਂ...ਟੱਬਰ ਦੇ ਹੋਰਨਾਂ ਜੀਆਂ ਨੇ ਵੀ ਤਾਂ ਵਰਤਣੈ ਹੁੰਦੈ ਬਾਥਰੂਮ...ਲਿਆ ਫੇਰ ਪਾ ਦੇਹ ਹੁਣ ਮੈਨੂੰ ਹਲਕਾ ਜਿਅ੍ਹਾ ...।"

"ਪਾਏ ਪਏ ਆ..ਅਹੁ ਦੇਖ...ਮੇਰੀ ਵਾਈਨ ...ਤੇਰੀ ਵਿਸਕੀ...ਮੈਂ ਚਿਕਨ ਕੱਢ ਲਵਾਂ...ਬਣ ਗਿਆ।"

"ਰੋਟੀ ਵੀ ਰੱਖ ਲੈ ਨਾਲ ਇੱਕ-ਇੱਕ...ਅੱਜ ਛੇਤੀ ਸੌਣੈ...ਕਿੰਨੇ ਦਿਨਾਂ ਦਾ ਉਨੀਂਦਰਾ...।"

"ਅੱਛਾ...ਅੱਛਾ...ਅੱਜ ਉਨੀਂਦਰਾ ਚੜ੍ਹ ਗਿਆ...ਮੇਰੇ ਘਰ ਆਣ ਕੇ...ਚੰਗਾ... ਤੂੰ ਸੌਂ ਜਾ...ਖਾਹ ਲੈ ਹੁਣੇ...ਸੌਂ ਜਾਹ...।"

"ਓ ਹੋ ਹੋ...ਮੇਰੀ ਚੰਨੋ...ਗੁੱਸਾ ਕਾਹਦਾ?"



ਚੰਨੋ ਕਹਿਣ 'ਤੇ ਉਹਦਾ ਰੋਸਾ ਜਿਹਾ ਪਲ ਵਿੱਚ ਉਡ-ਪੁਡ ਗਿਆ। ਉਹਨੇ ਆਪਣੇ ਦੋਵੇਂ ਹੱਥ ਮੇਰੀਆਂ ਗੱਲ੍ਹਾਂ 'ਤੇ ਫੇਰੇ ਤੇ ਮੱਥੇ ਦਾ ਹਲਕਾ ਜਿਹਾ ਚੁੰਮਣ ਲੈ ਲਿਆ।

"ਮੇਰਾ ਚੁੰਮਣ ਲੈ ਗਈ ਏਂ ਚਲਾਕ ਕਿਸੇ ਥਾਂ ਦੀ...ਕੋਈ ਨਾ..ਕੋਈ ਨਾ...ਮੈਂ ਵੀ ਲਵਾਂਗਾ ਬਦਲਾ।"

"ਭੌਂਕ ਨਾ ਮਰਜੇਂ...।"

"ਕਿਉਂ ਨਾ ਭੌਂਕਾਂ...?"

ਰੋਸਟਡ ਚਿਕਨ ਤਾਂ ਵਾਕਈ ਬਹੁਤ ਸੁਆਦੀ ਸੀ। ਮੈਂ ਅੱਧੇ ਘੰਟੇ ਵਿੱਚ ਵਿਸਕੀ ਦਾ ਪੈੱਗ ਮੁਕਾਇਆ। ਉਹਨੇ ਵਾਈਨ ਦਾ। ਦਿਨ ਦੇ ਦੋਵੇਂ ਭੁੱਖੇ ਸਾਂ। ਗੱਲਾਂ ਤੋਂ ਵਿਹਲ ਨਹੀਂ ਮਿਲੀ ਅੱਜ। ਚਿਕਨ ਮੁੱਕ ਗਿਆ ਸਾਰਾ। ਦੋਵਾਂ ਲਈ ਆਪਣਾ-ਆਪਣਾ ਪੈੱਗ ਪਾ ਲਿਆਈ।

"ਭੈਣ ਚੋ ਨੇ ਏਥੇ ਕੱਪਾਂ ਵਰਗੇ ਬੰਦੇ... ਲਫੰਡਰ...ਦਿਲ ਕਰਦੈ ਕੰਧ 'ਚ ਮਾਰਕੇ ਭੰਨ ਦਿਆਂ ਲਫੰਡਰ ਜਿਹੇ ਕੱਪ..ਮੇਰੇ ਘਰ ਤੂੰ ਕੋਈ ਲਫੰਡਰ ਕੱਪ ਨਾ ਦੇਖੇਂਗਾ...ਉੱਠਕੇ ਦੇਖ ਲੈ ਭਾਵੇਂ...।" ਉਹ ਇਕ ਦਮ ਤਲਖ਼ਕੇ ਬੋਲੀ।

"ਓਏ...ਓਏ ਤੂੰ ਐਹੋ ਜਿਹੀਆਂ ਗਾਲ੍ਹਾਂ ਵੀ ਕੱਢ ਲੈਨੀ ਐਂ? ਭੈਣਾਂ-ਮਾਵਾਂ ਦੀਆਂ ਗਾਲ੍ਹਾਂ ਨਾ ਕਢਿਆ ਕਰ ਐਨੀਆਂ ਗਾਲ੍ਹਾਂ...?"

"ਆਪਣੇ ਫਰੈਂਡ ਤੋਂ ਸਿੱਖੀ ਆਂ ਭੈਣ ਚੋ ਤੋਂ...ਪਹਿਲਾਂ ਭੋਰਾ ਨ੍ਹੀਂ ਕੱਢਦੀ ਸੀ...ਨਾ ਪੀਂਦੀ ਸੀ...ਪਾਠ ਕਰਦੀ ਸੀ ਸਵੇਰੇ-ਸ਼ਾਮ...ਹੁਣ ਕਦੇ ਨ੍ਹੀ ਕੀਤਾ ਪਾਠ...।"

"ਕਿਹੜਾ ਤੇਰਾ ਫਰੈਂਡ...?"

"ਫੇਰ ਦੱਸੂੰਗੀ...ਮੈਂ ਹੋਰ ਦੱਸਦੀ ਆਂ ਤੈਨੂੰ...ਪੇਪਰ 'ਚ ਨਿਊਜ਼ ਸੀ..ਪੜ੍ਹਕੇ ਮੈਂ ਲੇਖਕਾਂ ਦੇ ਫੰਕਸ਼ਨ 'ਤੇ ਚਲੀ ਗਈ...ਬਹੁਤ ਰਸ਼ ਸੀ...ਸ਼ਾਮ ਦਾ ਫੰਕਸ਼ਨ ਸੀ...ਪਹਿਲੀ ਵਾਰ ਗਈ ਸੀ ਮੈਂ ਤਾਂ...ਮੈਂ ਕਵਿਤਾ ਪੜ੍ਹੀ..ਸਭ ਨੇ ਐਪਰੀਸ਼ਿਟ ਕੀਤਾ...ਜਦੋਂ ਫੰਕਸ਼ਨ ਫਿਨਿਸ਼ ਹੋਇਆ ਤਾਂ ਸਭ ਮੇਰੇ ਆਲੇ ਦੁਆਲੇ...ਕੋਈ ਕੁਛ ਪੁੱਛੇ...ਕੋਈ ਕੁਛ...ਕੋਈ ਫੋਨ ਮੰਗੇ ਤੇ ਕੋਈ ਈਮੇਲ... ਭਾਪੇ ਦੀ ਏਜ਼ ਦਾ ਇੱਕ ਬੰਦਾ..ਬਾਹਲ਼ਾ ਈ ਸਿਰ ਪਲੋਸੇ...ਮੈਂ ਭਾਪਾ ਸਮਝਕੇ ਸੈੱਲ ਫੋਨ ਨੰਬਰ ਦੇਤਾ...ਮਰ ਜਾਣੇ ਦਾ ਫੇਸ ਬੁੱਕ ਵੀ ਬਣਿਆ ਹੋਇਆ ਆ...ਚੈਟ ਵੀ ਕਰਦਾ ਆ ਲੋਕਾਂ ਨਾਲ...ਕਈ ਕੁੜੀਆਂ ਨੇ ਉਹਦੀ ਫਰੈਂਡ-ਲਿਸਟ 'ਚ...ਉਸੇ ਦਿਨ ਈ ਟੁਟੜੇ ਨੇ ਫਰੈਂਡ ਰਿਕੁਐਸਟ ਵੀ ਭੇਜਤੀ...ਮੇਰੇ ਫੇਸ ਬੁੱਕ 'ਤੇ...ਤੇ ਲੱਗ ਪਿਆ ਫੋਨ ਕਰਨ...ਮੈਸਿਜ਼ ਕਰਨ...ਨਾ ਦਿਨ ਵੇਖੇ..ਨਾ ਰਾਤ...ਆਥਣੇ ਦੋ ਘੁੱਟਾਂ ਲਾਕੇ ਡੇਲ੍ਹੀ ਫੋਨ ਕਰਿਆ ਕਰੇ...ਮੈਂ ਸਮਝਗੀ ..ਸਾਲਾ ਚੌਰਾ ਲਗਦਾ ਮੈਨੂੰ ਤਾਂ...ਮੈਂ ਫੋਨ ਸੁਣਨੋ ਹੱਟ ਗਈ...ਮਰ ਜਾਣਾ ਮੈਸਿਜ਼ ਭਰਨ ਲੱਗ ਪਿਆ ਮੇਰੀ ਵੁਆਇਸ ਮੇਲ 'ਤੇ..ਕਦੇ ਬੋਲੇ ਮੇਰਾ ਦਿਲ ਨਹੀਂ ਲੱਗਦਾ ਆ...ਮੈਂ ਤੈਨੂੰ ਬਹੁਤ ਮਿੱਸ ਕਰਦਾਂ...।"

"ਚੱਲ...ਪਹਿਲਾਂ ਵਾਈਨ ਚੁੱਕ ਆਬਦੀ ਤੇ ਕਰ ਫਿਨਿਸ਼...ਫ਼ੇਰ ਦੱਸੀਂ ਅਗਲੀ ਗੱਲ...।"

"ਆਹ ਲੈ...ਤੂੰ ਵੀ ਕਰ ਫਿਨਿਸ਼...।"

"ਧੀ ਦੇ ਖਸਮ ਨੇ ਖਹਿੜਾ ਈ ਨਾ ਛਡਿਆ...ਸੰਡੇ ਦੀ ਸ਼ਾਮ ਇੱਕ ਦਿਨ ਆ ਗਿਆ... ਰੈੱਡ ਕਲਰ ਦੀ ਕਾਰ ਮਰ ਜਾਣੇ ਦੀ..ਇੰਪੋਟਿਡ ਕਾਰ... ਮੈਂ ਕਿਹਾ, ਅੰਕਲ ਆਈ ਡੌਂਟ ਲਾਈਕ...ਨਾਲੇ ਤੂੰ ਮੇਰਾ ਪਤਾ ਕਿੱਥੋਂ ਲੱਭ ਲਿਆ? ਤੁਸੀਂ ਮੇਰੇ ਨਾਲ ਰੌਂਗ ਟਾਕ ਕਰਦੇ ਓਂ ਫੋਨ 'ਤੇ...ਅੰਕਲ ਮੈਂ ਥੋਡੀ ਧੀਆਂ ਵਰਗੀ ਆਂ...ਕੁਝ ਤਾਂ ਸੋਚੋ...।"

"ਕਿਹੜਾ ਲੇਖਕ ਆ..ਦੱਸ ਮੈਨੂੰ...ਓਸ ਕਮੀਨੇ ਬਾਰੇ।"

"ਤੂੰ ਕੀ ਉਹਦੇ ਮੁੰਡਾ ਮੰਗਣਾ ਪੁੱਛਕੇ..ਹੈਂਅ ਦੱਸ...ਹਾਂ ਸੱਚ... ਤੂੰ ਉਹਨੂੰ ਗਾਲ੍ਹਾਂ ਕੱਢ...?"

"ਤੂੰ ਮਲਵੱਈ ਬੋਲੀ ਤੇ ਠੇਠ ਗਾਲ੍ਹਾਂ ਕਿੱਥੋਂ ਸਿੱਖੀ... ਦੱਸ ਮੈਨੂੰ।"

"ਪਹਿਲਾਂ ਆਹ ਸੁਣ ਲੈ...ਕਹਿੰਦਾ ਸੌਰੀ ਆਂ ਮੈਂ...ਮੈਂ ਤੇਰੇ ਨਾਲ ਇੱਕ ਗੱਲ ਕਰਨੀ ਆਂ...ਕੀ ਮੈਂ ਤੇਰੇ ਅੰਦਰ ਆ ਸਕਦਾਂ...ਮੈਂ ਅੰਦਰ ਲੈ ਆਈ...ਕੀ ਖਾਜੂ ਮੈਨੂੰ? ਬਹਿ ਗਿਆ...ਘੁੱਟ ਲਾਕੇ ਆਇਆ ਲਗਦਾ ਸੀ...ਮੈਂ ਫਿਰ ਆਖਿਆ ਕਿ ਅੰਕਲ ਮੈਂ ਥੋਡੀ ਧੀਆਂ ਵਰਗੀ ਆਂ ...ਤੁਸੀਂ ਮੇਰੇ ਨਾਲ ਫੋਨ 'ਤੇ ਕਿੱਦਾਂ ਦੀ ਟਾਕ ਕੀਤੀ...ਇਹ ਰੌਂਗ ਆ...ਮੈਨੂੰ ਅੱਗਿਓਂ ਕਹਿੰਦਾ ਆ ...ਮੇਰੀ ਧੀ ਨੇ ਤਾਂ ਆਪ ਮੇਰੀ ਉਮਰ ਦਾ ਫਰੈਂਡ ਰੱਖਿਆ ਹੋਇਆ ਆ...ਤੂੰ ਨਈਂ ਬਣਾ ਸਕਦੀ ਮੈਨੂੰ ਆਪਣਾ ਫਰੈਂਡ? ਹਾਏ... ਹਾਏ... ਹਾਏ...ਮੈਂ ਤਾਂ ਸੋਫੇ 'ਚ ਧਸਦੀ ਜਾਵਾਂ...ਐਨਾ ਬੇਸ਼ਰਮ ਭਾਈਆ...? ਕਹਿੰਦਾ, ਤੂੰ ਕਾਹਤੇ ਸੰਗਦੀ ਆਂ...ਮੈਂ ਕਿਹਾ ਕੁੱਤਿਆ ਤੂੰ ਲੇਖਕ ਆਂ ਪੰਜਾਬੀ ਬੋਲੀ ਦਾ...ਚੌਰੇ ਦੀ ਦਾਹੜੀ ਬੱਧੀ ਹੋਈ ਸੀ...ਜੇ ਖੁੱਲ੍ਹੀ ਹੁੰਦੀ... ਮੈਂ ਵਾਲ-ਵਾਲ ਕਰ ਛਡਦੀ...ਸੋਫੇ ਉਤੋਂ ਉਠ ਖਲੋਇਆ...ਮੈਂ ਕਿਹਾ ਖੜ੍ਹ ਐਥੇ...ਕਮੀਨੇ...ਜਾਈਂ ਨਾ ਹੁਣ...ਜੇ ਤੇਰੀ ਕੁੜੀ ਚਗਲ ਆ...ਤਾਂ ਮੈਂ ਤਾਂ ਨਹੀਂ ਚਗਲ...ਤੂੰ ਮੇਰੇ ਘਰ ਆਇਆ ਕਿੱਦਾਂ ..ਦੱਸ ਮੈਨੂੰ...ਭਜਕੇ ਕਾਰ 'ਚ ਜਾ ਬੈਠਾ...ਤੇ ਜਦੇ ਈ ਦੌੜ ਗਿਆ...ਸੁਣਦੈਂ ਲੇਖਕਾਂ ਦੀ ਗੱਲਾਂ...ਤੈਨੂੰ ਹੋਰ ਵੀ ਦੱਸੂੰ...?"

"ਹੱਦ ਹੋਗੀ..ਹੱਦ ਹੋਗੀ...ਕੌਣ ਸੀ ਏਹ... ਦੱਸ ਤਾਂ ਦੇਹ... ਭੈਣ ਦਾ ਯਾਰ ਆਪਣੀ ਦਾ...।"

"ਡੌਂਟ ਵਰੀ..ਡੌਂਟ ਵਰੀ...ਪੈਨਿਕ ਨਾ ਹੋ...ਪੇਸਿੰ ਰੱਖ...ਤੂੰ ਉਹਨੂੰ ਫੋਨ ਕਰੀਂ...ਜਿੰਨੀਆਂ ਮਰਜ਼ੀ ਗਾਲ੍ਹਾਂ ਕੱਢੀਂ...ਪਹਿਲਾਂ ਆਹ ਤਾਂ ਮੁਕਾ ਲੈ...ਲੈ ਫਿਰ ਆਪਾਂ ਕਰਦੇ ਆਂ ਫਿਨਿਸ਼...ਫਿਰ ਕਰਦੇ ਆਂ ਸਾਰੇ ਕੰਮ...।"

"ਕਿਹੜੇ ਸਾਰੇ ਕੰਮ?"

"ਭੌਂਕ ਨਾ...ਪੀ ਇਹਨੂੰ...।"

"ਨਾ...ਨਾ...ਮੈਂ ਤੇਰੀ ਵਾਈਨ 'ਚ ਵਿਸਕੀ ਪਾਉਣੀ ਆਂ।"

"ਬਕਵਾਸ ਨਾ ਕਰ ਮਰ ਜਾਣਿਆਂ ਸਟੂਪਿਡ ਨਾ ਹੋਵੇ ਤਾਂ।"

"ਮੈਂ ਤਾਂ...ਪਾਉਣੀ ਆਂ ਵਾਈਨ 'ਚ ਵਿਸਕੀ।"

"ਪਾ ਲਈਂ...ਪਾ ਲਈਂ ਜੋ ਮਰਜ਼ੀ।"

"ਦੱਸ...ਕਿਹੜਾ ਸੀ ਓਹ ਭੈਣ...ਚੋ....।"

ਉਸਨੇ ਆਪਣੇ ਸੈੱਲ ਫੋਨ ਤੋਂ ਸਟਾਰ ਵਗੈਰਾ ਲਾਕੇ ਉਹਦਾ ਫੋਨ ਲਗਾਇਆ, ਤਾਂ ਕਿ ਇਹਦਾ ਨੰਬਰ ਉਹਦੇ ਫੋਨ 'ਤੇ ਨਾ ਜਾਵੇ। ਰਿੰਗ ਜਾਂਦੀ ਸੀ। ਬੜੀ ਧੀਮੀਂ ਜਿਹੀ ਜਿਹੀ 'ਹੈਲੋਅ ਸੁਣੀ, "ਹਾਂਅ ਜੀ ਕੌਣ?"

"ਦੱਸਾਂਗਾ...ਦੱਸਾਂਗਾ...ਕਾਹਲਾ ਨਾ ਹੋ...ਲੋਕਾਂ ਦੀਆਂ ਕੁੜੀਆਂ ਨਾਲ ਇਸ਼ਕ ਭੋਰਦਾਂ ਭੈਣ ਦਿਆ ਖਸਮਾਂ...ਸ਼ਰਮ ਨਹੀਂ ਆਉਂਦੀ...ਨਾ ਹਾਣ... ਨਾ ਪਰਵਾਣ...ਹੈਂਅ?"

" ਅੱਛਾ..ਅੱਛਾ...ਤੂੰ ਓਸ ਗਸ਼ਤੀ ਦਾ ਫਰੈਂਡ ਬੋਲਦਾ ਆਂ... ਸਮਝ ਗਿਆ ਮੈਂ...ਦੱਸ ਕੀ ਗੱਲ ਆ ਹਰਾਮ ਦਿਆ?"

**ਬਾਕੀ ਪੰਨਾ ਨੰ. 65 'ਤੇ**



## ਸਾਹਿਤਕ ਠੱਗੀ/ਪਰਗਟ ਸਿੰਘ ਸਤੌਜ

ਮੇਰੇ ਕਿਸੇ ਦੋਸਤ ਨੇ ਰਾਏ ਦਿੱਤੀ, "ਤੂੰ ਸਾਹਿਤ ਸਭਾ ਦੀਆਂ ਮੀਟਿੰਗਾਂ ਵਿੱਚ ਜ਼ਰੂਰ ਜਾਇਆ ਕਰ। ਬੜਾ ਕੁਝ ਸਿੱਖਣ ਨੂੰ ਮਿਲਦੈ।"

ਮੈਨੂੰ ਇਸ ਤੋਂ ਪਹਿਲਾਂ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਬਾਰੇ ਭੋਰਾ ਪਤਾ ਨਹੀਂ ਸੀ। ਬੱਸ ਘਰ ਬੈਠਾ ਲਿਖਦਾ ਰਹਿੰਦਾ, ਰਚਨਾਵਾਂ ਅਖ਼ਬਾਰਾਂ, ਮੈਗਜ਼ੀਨਾਂ ਵਿੱਚ ਛਪਦੀਆਂ ਰਹਿੰਦੀਆਂ। ਇਸ 'ਬੜਾ ਕੁਝ ਸਿੱਖਣ' ਦੀ ਲਾਲਸਾ ਨੇ ਮੇਰੇ ਅੰਦਰ ਖਲਵਲੀ ਮਚਾ ਦਿੱਤੀ। ਪਰ ਮੇਰੇ ਮਨ ਅੰਦਰ ਕਿਤੇ ਇਹ ਗੱਲ ਵੀ ਬੈਠੀ ਸੀ ਕਿ ਸਾਹਿਤ ਸਭਾ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ, ਨੌਕਰੀ ਲੈਣ ਵਾਂਗ ਕੋਈ ਫਾਰਮ ਭਰਨੇ ਪੈਂਦੇ ਹੋਣਗੇ, ਇਟਰਵਿਊ ਹੁੰਦੀ ਹੋਵੇਗੀ। ਲੇਖਕ ਦੀਆਂ ਰਚਨਾਵਾਂ ਨੂੰ ਵਾਚਿਆ ਜਾਂਦਾ ਹੋਵੇਗਾ, ਫੇਰ ਕਿਤੇ ਜਾ ਕੇ ਸਾਹਿਤ ਸਭਾ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਹਰੀ ਝੰਡੀ ਮਿਲਦੀ ਹੋਵੇਗੀ।

ਇਸ ਸਭ ਦੀ ਜਾਣਕਾਰੀ ਲੈਣ ਲਈ ਮੈਂ ਮੇਰੇ ਕਾਲਜ ਸਮੇਂ ਦੇ ਪ੍ਰੋਫੈਸਰ ਤੇਜਵੰਤ ਮਾਨ ਦਾ ਕੁੰਡਾ ਜਾ ਖੜਕਾਇਆ (ਉਹ ਖ਼ੁਦ ਬੜੇ ਵਿਦਵਾਨ ਆਲੋਚਕ ਹਨ ਅਤੇ ਮੈਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬੜਾ ਪ੍ਰਭਾਵਿਤ ਰਿਹਾ ਹਾਂ। ਉਨ੍ਹਾਂ ਕੋਲੋਂ ਹੀ ਮੇਰੀ ਸਾਹਿਤਕ ਚੇਟਕ ਨੂੰ ਹੋਰ ਬਲ ਮਿਲਿਆ ਸੀ। ਉਨ੍ਹਾਂ ਨੂੰ ਵੇਖ ਕੇ ਹੀ ਮੈਂ ਆਪਣੇ ਮਨ ਵਿਚ ਸਾਰੇ ਲੇਖਕਾਂ ਦੀ ਸ਼ਖ਼ਸੀਅਤ ਉਨ੍ਹਾਂ ਵਰਗੀ ਹੀ ਚਿਤਰ ਲਈ ਸੀ) ਉਨ੍ਹਾਂ ਨੇ ਮੈਨੂੰ ਬਿਠਾ ਕੇ ਪਿਆਰ ਨਾਲ ਗੱਲਾਂ ਕੀਤੀਆਂ ਅਤੇ ਮੇਰੀਆਂ ਰਚਨਾਵਾਂ ਨੂੰ ਵਧੀਆ ਹੁੰਗਾਰਾ ਦਿੱਤਾ। ਚਾਹ ਪੀਂਦਿਆਂ ਮੈਂ ਉਨ੍ਹਾਂ ਨੂੰ ਆਪਣੇ ਮਨ ਦੀ ਗੱਲ 'ਸਾਹਿਤ ਸਭਾ ਦਾ ਮੈਂਬਰ ਬਣਨ ਦੀ' ਵੀ ਦੱਸ ਦਿੱਤੀ।

"ਅੱਛਾ ਬੇਟਾ! ਤੁਹਾਡੇ ਪਿੰਡ ਕੋਲੇ ਕਿਹੜਾ-ਕਿਹੜਾ ਸ਼ਹਿਰ ਪੈਂਦੇ।" ਮਾਨ ਸਾਹਿਬ ਨੇ ਪੁੱਛਿਆ।

"ਸਰ ਜੀ ਫਲਾਣਾ-ਫਲਾਣਾ।" ਮੈਂ ਦੋ ਤਿੰਨ ਸ਼ਹਿਰਾਂ ਦੇ ਨਾਂ ਗਿਣਾ ਦਿੱਤੇ।

"ਅੱਛਾ ਬੇਟਾ, ਮੈਂ ਫਲਾਣੇ ਸ਼ਹਿਰ ਦੀ ਸਾਹਿਤ ਸਭਾ ਦੇ ਪ੍ਰਧਾਨ ਨੂੰ ਫੋਨ ਕਰ ਦਿਆਂਗਾ। ਜਿਸ ਦਿਨ ਮੀਟਿੰਗ ਹੋਵੇਗੀ, ਉਹ ਤੁਹਾਨੂੰ ਬੁਲਾ ਲੈਣਗੇ। ਤੁਸੀਂ ਆਪਣਾ ਪਤਾ ਲਿਖਵਾ ਦਿਓ।"

ਮੈਂ ਆਪਣਾ ਪਤਾ ਲਿਖਵਾਇਆ ਅਤੇ ਜੰਗ ਜਿੱਤ ਕੇ ਮੁੜੇ ਫ਼ੌਜੀ ਵਾਂਗ ਚੌੜਾ ਹੋਇਆ ਵਾਪਸ ਆ ਗਿਆ।

ਮੈਂ ਬੇਸਵਰਿਆਂ ਵਾਂਗ ਕਈ ਦਿਨ ਉਡੀਕਦਾ ਰਿਹਾ ਕਿ ਕੋਈ ਸੁਨੇਹਾ ਆਇਆ ਕਿ ਆਇਆ। ਮੇਰੀਆਂ ਉਡੀਕਦੇ ਦੀਆਂ ਅੱਖਾਂ ਪੱਕ ਗਈਆਂ। ਫਿਰ ਅਚਾਨਕ ਇਕ ਦਿਨ ਅਖ਼ਬਾਰ ਦੇ ਸਾਹਿਤਕ ਪੰਨੇ ਤੇ ਨਜ਼ਰ ਮਾਰਦਿਆਂ ਮੇਰੀ ਨਿਗ੍ਹਾ ਉਸ ਲੇਖਕ ਦੇ ਨਾਮ ਉਪਰ ਪੈ ਗਈ ਜਿਸਦਾ ਜ਼ਿਕਰ ਮਾਨ ਸਾਹਿਬ ਨੇ ਕੀਤਾ ਸੀ। ਉਸਦੀ ਕਹਾਣੀ ਹੇਠ ਹੀ ਉਸਦਾ ਮੋਬਾਇਲ ਨੰਬਰ ਸੀ। ਮੇਰੇ ਅੰਦਰਲੀ ਖੁਸ਼ੀ ਸਾਂਭੀ ਨਾ ਗਈ। ਮੈਂ ਝੱਟ ਹਰਭਜਨ ਨੀਰ ਨੂੰ ਫੋਨ ਲਾ ਲਿਆ। ਅੱਗੋਂ ਹਰਭਜਨ ਨੀਰ ਦੀ ਬੜੀ ਪਿਆਰੀ ਆਵਾਜ਼ ਆਈ, "ਹਾਂ ਕਾਕਾ ਜੀ, ਜਦੋਂ ਵੀ ਤੁਹਾਡੇ ਕੋਲ ਟਾਇਮ ਹੋਇਆ ਮੈਨੂੰ ਪਹਿਲਾਂ ਫੋਨ ਕਰਕੇ ਆ ਜਾਣਾ। ਨਾਲੇ ਆਪਣੀਆਂ ਰਚਨਾਵਾਂ ਲੈ ਆਉਣੀਆਂ, ਆਪਾਂ ਸੁਣਾਂਗੇ।"

"ਠੀਕ ਐ ਜੀ।" ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੇ ਦਿਮਾਗ਼ ਤੋਂ ਮਣਾ-ਮੂੰਹੀਂ ਭਾਰ ਲਹਿ ਗਿਆ ਹੋਵੇ। ਟਾਇਮ ਹੋਣ ਵਾਲੀ ਕਿਹੜੀ ਗੱਲ ਸੀ। ਏਸ ਕੰਮ ਲਈ ਤਾਂ ਮੈਂ ਕਦੋਂ ਦਾ ਹੱਥਾਂ

ਵਿੱਚ ਬੁੱਕੀਂ ਬੈਠਾ ਸੀ।

ਮੈਂ ਅਗਲੇ ਦਿਨ ਹੀ ਨੀਰ ਜੀ ਨੂੰ ਫੋਨ ਕਰਕੇ, ਆਪਣੀਆਂ ਰਚਨਾਵਾਂ ਦਾ ਪਲੰਦਾ ਲਿਫ਼ਾਫ਼ੇ ਵਿੱਚ ਪਾ ਤੁਰ ਗਿਆ। ਉਹਨਾਂ ਮੈਨੂੰ ਆਪਣੇ ਘਰ ਦੀ ਨਿਸ਼ਾਨਦੇਹੀ ਫੋਨ ਉੱਤੇ ਹੀ ਦੱਸ ਦਿੱਤੀ ਸੀ। ਜਦ ਮੈਂ ਉਨ੍ਹਾਂ ਦਾ ਘਰ ਲੱਭਿਆ ਤਾਂ ਵੇਖ ਕੇ ਦੰਗ ਰਹਿ ਗਿਆ। ਅਜਿਹੀ ਮਹਿਲਨੁਮਾ ਕੋਠੀ ਵਿੱਚ ਮੈਂ ਪਹਿਲੀ ਵਾਰ ਪੈਰ ਰੱਖਿਆ ਸੀ। ਮੈਂ ਤਾਂ ਹੁਣ ਤੱਕ ਕੱਚੇ ਵਿਹੜਿਆਂ ਅਤੇ ਕਾਠ ਦੀ ਛੱਤ ਥੱਲੇ ਹੀ ਜੀਵਨ ਬਿਤਾਇਆ ਸੀ। ਮੈਂ ਆਪਣੇ-ਆਪ ਨੂੰ ਨਿਮਾਣਾ ਜਿਹਾ ਮਹਿਸੂਸ ਕਰਦਾ, ਆਲੇ-ਦੁਆਲੇ ਭੈ-ਭੀਤ ਜਿਹੀ ਨਜ਼ਰ ਮਾਰਦਾ ਨੀਰ ਜੀ ਦੇ ਪਿੱਛੇ-ਪਿੱਛੇ ਕੋਠੀ ਦੀ ਦੂਸਰੀ ਮੰਜ਼ਿਲ ਉਪਰ ਜਾ ਚੜ੍ਹਿਆ। ਉਨ੍ਹਾਂ ਨੇ ਆਪਣੇ ਪੈਣ ਲਈ ਮੰਜਾ ਡਾਹ ਲਿਆ ਤੇ ਮੈਨੂੰ ਕੁਰਸੀ ਦੇ ਦਿੱਤੀ। ਪਹਿਲਾਂ ਰਸਮੀ ਜਿਹੀਆਂ ਗੱਲਾਂ ਹੋਈਆਂ। ਫਿਰ ਉਨ੍ਹਾਂ ਦੇ ਨੌਕਰ ਦੁਆਰਾ ਲਿਆਂਦੀ ਚਾਹ ਪੀਣ ਤੋਂ ਬਾਅਦ ਮੈਂ ਨੀਰ ਜੀ ਦਾ ਇਸ਼ਾਰਾ ਪਾ ਕੇ ਡਰਦੇ-ਡਰਦੇ ਨੇ ਰਚਨਾਵਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਮੇਰੇ ਮਨ 'ਚ ਧੁੜਕੂ ਸੀ ਕਿ ਪਤਾ ਨਹੀਂ ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਲੱਗਣਗੀਆਂ? ਖੌਰੇ ਕੀ-ਕੀ ਨੁਕਸ ਕੱਢੇ। ਜੇ ਨੁਕਸ ਕੱਢ ਦਿੱਤਾ ਤਾਂ ਮੇਰਾ ਸਾਹਿਤ ਸਭਾ ਵਿੱਚ ਸ਼ਾਮਲ ਹੋਣ ਦਾ ਦਰਵਾਜ਼ਾ ਬੰਦ। ਪਰ ਉਹ ਅਜੇ ਤੱਕ ਤਾਂ ਮੇਰੇ ਤੇ ਮਿਹਰਬਾਨ ਸੀ। ਮੇਰੇ ਇੱਕ ਰਚਨਾ ਪੜ੍ਹਣ ਤੋਂ ਬਾਅਦ ਉਹ ਅਗਲੀ ਸੁਣਾਉਣ ਲਈ ਇਸ਼ਾਰਾ ਕਰ ਦਿਆ ਕਰਨ। ਫਿਰ ਅਗਲੀ, ਫਿਰ ਅਗਲੀ। ਇਸੇ ਤਰ੍ਹਾਂ ਮੈਂ ਕਈ ਰਚਨਾਵਾਂ ਇੱਕੋ ਸਾਹੇ ਪੜ੍ਹ ਦਿੱਤੀਆਂ। ਰਚਨਾਵਾਂ ਸੁਣਦਿਆਂ-ਸੁਣਦਿਆਂ ਉਨ੍ਹਾਂ ਨਾਲ ਦੀ ਨਾਲ ਮੇਰੀ ਤਾਰੀਫ਼ ਵੀ ਕਰੀਂ ਗਏ। ਮੇਰੀਆਂ ਪੰਜ ਛੇ ਰਚਨਾਵਾਂ ਸੁਣਨ ਤੋਂ ਬਾਅਦ ਉਹ ਬੋਲੇ, "ਕਾਕਾ ਤੇਰੀਆਂ ਰਚਨਾਵਾਂ ਕਿਸੇ ਪਰਪੱਕ ਲੇਖਕ ਦੀਆਂ ਲਿਖੀਆਂ ਲਗਦੀਆਂ ਨੇ। ਤੂੰ ਵਾਤਾਵਰਣ ਬੜਾ ਵਧੀਆ ਸਿਰਜ ਲੈਂਦਾ ਐਂ। ਚੰਗੇ ਲੇਖਕ ਦਾ ਇਹੀ ਸਭ ਤੋਂ ਵੱਡਾ ਗੁਣ ਹੁੰਦੈ ਕਿ ਉਹ ਪਾਠਕ ਨੂੰ ਨਾਲ ਜੋੜ ਕੇ ਰਚਨਾ ਦੇ ਨਾਲ ਹੀ ਵਹਾ ਲਵੇ। ਤੇਰੇ 'ਚ ਇਹ ਗੁਣ ਹੈਗਾ।" ਨੀਰ ਜੀ ਦੀਆਂ ਇਹ ਗੱਲਾਂ ਮੈਨੂੰ ਦੂਣ-ਸਵਾਇਆ ਕਰ ਗਈਆਂ।

ਰਚਨਾਵਾਂ ਸੁਣਨ ਤੋਂ ਬਾਅਦ ਨੀਰ ਜੀ ਮੈਨੂੰ ਕੋਠੀ ਦੀ ਉਪਰਲੀ ਮੰਜਿਲ ਉਪਰ ਹੀ ਬਣੀ ਆਪਣੀ ਵਿਸ਼ਾਲ ਲਾਇਬ੍ਰੇਰੀ ਵਿੱਚ ਲੈ ਗਏ ਅਤੇ ਮੈਨੂੰ ਆਪਣੇ ਲਿਖੇ ਇੱਕ ਨਾਵਲ ਦੀਆਂ ਤਿੰਨ ਕਾਪੀਆਂ ਫੜ੍ਹਾ ਦਿੱਤੀਆਂ, "ਕਾਕਾ ਇਹ ਇੱਕ ਨਾਵਲ ਦਾ ਮੁੱਲ ਇੱਕ ਸੌ ਸੱਤਰ ਰੁਪਏ ਐ ਪਰ ਮੈਂ ਤੈਨੂੰ ਇਹ ਡੇਢ-ਡੇਢ ਸੌ ਦੇ ਤਿੰਨ ਦੇ ਦਿੰਨਾਂ, ਤੂੰ ਇਹਨਾਂ ਨੂੰ ਅੱਗੇ ਵੇਚਦੀਂ। ਤੂੰ ਨਾਵਲ ਵੇਚ ਕੇ ਉਹ ਪੈਸੇ ਆਪਣੇ ਕੋਲ ਹੀ ਰੱਖ ਲਈਂ, ਇਨ੍ਹਾਂ ਦੇ ਰੁਪਏ ਤੂੰ ਮੈਨੂੰ ਹੁਣੇ ਦੇਦੇ।"

ਮਨ ਫਿਰ ਸੋਚੀਂ ਪੈ ਗਿਆ, 'ਜੇ ਨਾ ਦਿੱਤੇ ਕਿਤੇ ਸਾਹਿਤ ਸਭਾ ਵਿੱਚ ਸ਼ਾਮਿਲ ਹੋਣ ਤੋਂ ਜਵਾਬ........। ਨਾਲੇ ਐਨੇ ਵੱਡੇ ਲੇਖਕ ਨੂੰ ਜਵਾਬ ਕਿਵੇਂ ਦੇਵਾਂ....?' ਮੈਂ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਸਾਧ ਦੇ ਸੱਚੇ ਭਗਤ ਵਾਂਗ 'ਸੱਤ ਬਚਨ' ਕਹਿ ਕੇ ਮੰਨ ਲਈਆਂ। ਉਨ੍ਹਾਂ ਨੇ ਤਿੰਨਾਂ ਨਾਵਲਾਂ ਦਾ ਸਾਢੇ ਚਾਰ ਸੌ ਰੁਪਈਆ ਪਹਿਲਾਂ ਹੀ ਫੜ੍ਹ ਲਿਆ। ਇਹ ਵੀ ਕਦੇ ਸਬੱਬੀ ਸਮਾਂ ਹੁੰਦਾ ਹੈ ਕਿ ਮੇਰੇ ਬਟੂਏ ਵਿੱਚ ਐਨੇ ਪੈਸੇ ਹੋਣ। ਉਨ੍ਹਾਂ ਮੇਰਾ ਫੋਨ ਨੰਬਰ ਲੈ ਲਿਆ ਕਿ, "ਜਦੋਂ ਵੀ ਸਾਹਿਤ ਸਭਾ ਦੀ ਮੀਟਿੰਗ ਹੋਊਗੀ, ਤੈਨੂੰ ਬੁਲਾ ਲਮਾਂਗੇ।"

ਮੈਂ ਘਰ ਆ ਕੇ ਨਾਵਲ ਰੱਖ ਦਿੱਤਾ। ਪਤਾ ਨਹੀਂ ਕਿਉਂ ਮੇਰਾ ਉਸ ਨਾਵਲ ਨੂੰ ਪੜ੍ਹਨ ਦਾ ਹੀਆ ਨਾ ਪਵੇ। ਫਿਰ ਇੱਕ ਦਿਨ ਦਿਲ ਕਰੜਾ ਜਿਹਾ ਕਰਕੇ ਪੜ੍ਹਨ ਬੈਠ ਗਿਆ। ਪਹਿਲਾਂ ਦੋ ਚਾਰ ਪੰਨੇ ਪੜ੍ਹੇ ਅੱਗੇ ਪੜ੍ਹਨ ਨੂੰ ਦਿਲ ਨਾ ਕਰੇ। ਫਿਰ ਮੈਨੂੰ ਉਸ ਨਾਵਲ ਦੇ ਦਿੱਤੇ ਰੁਪਏ ਯਾਦ ਆ ਗਏ। ਮੈਂ ਬਿਨਾਂ ਦਿਲਚਸਪੀ ਦੇ ਵੀ ਉਸ ਨਾਵਲ ਪੜ੍ਹ ਦਿੱਤਾ ਜਿਵੇਂ ਬਿਮਾਰੀ ਦੀ ਦਵਾਈ ਕੌੜੀ ਹੋਣ ਦੇ



ਬਾਵਜਦੂ ਵੀ ਮੱਲੋ-ਮੱਲੀ ਸੰਘੋਂ ਹੇਠਾਂ ਕਰਨੀ ਪੈਂਦੀ ਹੈ। ਮੇਰਾ ਜੀਅ ਕੀਤਾ ਕਿ ਨਾਵਲ ਨੀਰ ਦੇ ਪੈਰਾਂ ਵਿੱਚ ਜਾ ਮਾਰਾਂ ਕਿ ਅਜਿਹਾ ਨਾਵਲ ਲਿਖੇ ਬਿਨਾਂ ਤੇਰਾ ਕੀ ਖੜਿਆ ਸੀ। ਪੰਜਾਬੀ ਦੇ ਪਾਠਕ ਤਾਂ ਪਹਿਲਾਂ ਹੀ ਗਿਣੇ ਚੁਣੇ ਹਨ ਜੇ ਉਨ੍ਹਾਂ ਨੂੰ ਅਜਿਹਾ ਸਾਹਿਤ ਪੜ੍ਹਨ ਨੂੰ ਮਿਲੇਗਾ ਤਾਂ ਰਹਿੰਦੇ-ਖੂਹਦੇ, ਉਹ ਵੀ ਭੱਜ ਜਾਣਗੇ। ਇਹ ਵੀ ਹੋ ਸਕਦੈ ਕਿ ਵਿਦਵਾਨਾਂ ਦੀ ਨਜ਼ਰ ਵਿੱਚ ਇਹ ਇੱਕ ਚੰਗਾ ਨਾਵਲ ਹੋਵੇ ਪਰ ਮੇਰੇ ਵਰਗੇ ਆਮ ਪਾਠਕ ਨੂੰ ਉਂਗਲ ਫੜ੍ਹ ਕੇ ਨਾਲ ਤੋਰ ਲੈਣ ਦੇ ਸਮਰੱਥ ਨਹੀਂ ਸੀ। ਹੁਣ ਮੈਂ ਇਹ ਨਾਵਲ ਕਿਸੇ ਭੋਲੇ ਪਾਤਰ ਨੂੰ ਵੇਚ ਕੇ ਫਸਾਉਣਾ ਨਹੀਂ ਚਾਹੁੰਦਾ ਸੀ। ਬੱਸ ਉਂਝ ਰਾਏ ਜਾਣਨ ਲਈ ਮੈਂ ਉਹ ਨਾਵਲ ਪਿੰਡ ਵਿੱਚ ਇੱਕ ਸਾਹਿਤ ਪ੍ਰੇਮੀ ਨੂੰ ਪੜ੍ਹਨ ਲਈ ਦੇ ਦਿੱਤਾ ਪਰ ਉਹ ਦੋ ਚਾਰ ਪੰਨੇ ਪੜ੍ਹ ਕੇ ਵਾਪਸ ਫੜਾ ਗਿਆ। ਫਿਰ ਘਰ ਆਏ ਇੱਕ ਹੋਰ ਸਾਹਿਤ ਪ੍ਰੇਮੀ ਨੂੰ ਵਿਖਾ ਦਿੱਤਾ। ਉਸਨੇ ਮੇਰੇ ਕੋਲ ਬੈਠੇ ਨੇ ਹੀ ਦੋ-ਚਾਰ ਪੇਜ਼ ਪਲਟ ਕੇ ਪੜ੍ਹੇ ਅਤੇ 'ਵਧੀਆ ਨੀ' ਕਹਿ ਕੇ ਥਾਂਏਂ ਰੱਖੇ ਦਿੱਤਾ। ਸੋਚਿਆ, "ਹੁਣ ਮੈਨੂੰ ਫਸੇ ਨੂੰ ਨੀਰ ਦਾ ਇੱਕ ਨਾਵਲ ਤਾਂ ਰੱਖਣਾ ਹੀ ਪਵੇਗਾ। ਬਾਕੀ ਦੇ ਦੋ ਨੀਰ ਨੂੰ ਵਾਪਸ ਕਰ ਦਿੰਦਾ ਹਾਂ।" ਮੀਟਿੰਗ ਵਾਲੇ ਦਿਨ ਮੈਂ ਦੋਵੇਂ ਨਾਵਲ ਨੀਰ ਅੱਗੇ ਲੈ ਜਾ ਰੱਖੇ, "ਸਰ ਜੀ ਵਿਕੇ ਨੀ।"

"ਕਾਕਾ ਅਜੇ ਕੀ ਹੋਇਐ, ਅਜੇ ਹੋਰ ਦੇਖ ਲੈ।"

"ਠੀਕ ਐ ਜੀ।" ਮੈਂ ਕਹਿ ਕੇ ਫਿਰ ਵਾਪਸ ਲੈ ਆਇਆ।

ਅਗਲੀ ਮੀਟਿੰਗ 'ਤੇ ਮੈਂ ਫਿਰ ਲੈ ਗਿਆ, "ਆਹ ਲਓ ਸਰ, ਕਿਸੇ ਨੇ ਨੀ ਲਏ।"

"ਕਾਕਾ! ਕਾਕਾ! ਇਹ ਹੁਣ ਜਿਉਂ ਲਿਆਂਦੇ ਨੇ, ਰੱਖ ਲੈ ਤੂੰ ਹੀ।" ਉਹ ਨਾਵਲਾਂ ਵਾਲੇ ਲਿਫ਼ਾਫ਼ੇ ਤੋਂ ਇਸ ਤਰ੍ਹਾਂ ਪਰ੍ਹਾਂ ਹੋ ਗਏ ਜਿਵੇਂ ਮੈਂ ਉਸ ਵਿੱਚ ਨਾਵਲ ਨਹੀਂ, ਕੋਈ ਜ਼ਹਿਰੀਲਾ ਸੱਪ ਬੰਦ ਕਰੀਂ ਫਿਰ ਰਿਹਾ ਹੋਵਾਂ।

"ਪਰ ਸਰ, ਜਦੋਂ ਵਿਕੇ ਨੀ ਮੈਂ ਇੱਕੋ ਨਾਵਲ ਦੀਆਂ ਤਿੰਨ ਕਾਪੀਆਂ ਦਾ ਕੀ ਕਰਨੈ। ਮੈਂ ਹੱਕ ਮੁਤਾਬਕ ਇੱਕ ਕਾਪੀ ਡੇਢ ਸੌ ਦੀ ਰੱਖ ਲਈ, ਤੁਹਾਨੂੰ ਸਿਰਫ਼ ਦੋ ਵਾਪਸ ਕਰ ਰਿਹਾ ਹਾਂ।"

"ਨਹੀਂ..ਨਹੀਂ, ਮੈਂ ਨੀ ਲੈਣੇ। ਤੂੰ ਹੀ ਰੱਖ ਲੈ।" ਉਹ ਦੋਵੇਂ ਹੱਥ ਹਵਾ ਵਿੱਚ ਛੰਡਦੇ ਫਿਰ ਪਿੱਛੇ ਹਟ ਗਏ। ਮੈਂ ਦੋਵੇਂ ਨਾਵਲ ਨਾ ਚਾਹੁੰਦਿਆਂ ਵੀ ਵਾਪਸ ਲੈ ਆਇਆ। ਘਰ ਆਏ ਨੂੰ ਨੂੰ ਮੇਰੀ ਹਮਸਫ਼ਰ ਨੇ ਪੁੱਛਿਆ, "ਜੀ ਤੁਸੀਂ ਇਹ ਨਾਵਲ ਹਰੇਕ ਮੀਟਿੰਗ 'ਤੇ ਲੈ ਜਾਂਦੇ ਓਂ, ਫੇਰ ਵਾਪਸ ਲੈ ਆਉਂਦੇ ਓਂ।" ਮੈਂ ਉਸਨੂੰ ਕੀ ਦੱਸਦਾ? ਅਖ਼ੀਰ ਬਹਾਨਾ ਮਾਰ ਦਿੱਤਾ, "ਨੀਰ ਮੀਟਿੰਗ 'ਤੇ ਈ ਨੀ ਪਹੁੰਚਿਆ ਹੁਣ ਕਦੇ।"

ਉਸ ਦਿਨ ਮੈਨੂੰ ਦੇਰ ਰਾਤ ਤੱਕ ਨੀਂਦ ਨਹੀਂ ਆਈ, ਸੋਚਦਾ ਰਿਹਾ ਕਿ ਲੇਖਕ ਅਜਿਹੇ ਵੀ ਹੁੰਦੇ ਹਨ। ਮੇਰੇ ਮਨ 'ਚ ਤਾਂ ਲੇਖਕਾਂ ਦੀ ਸ਼ਖ਼ਸੀਅਤ ਬੜੀ ਸਿੱਧੀ-ਸਾਧੀ, ਵਿਖਾਵੇ ਤੋਂ ਰਹਿਤ, ਭੋਲੀ-ਭਾਲੀ ਬਣੀ ਹੋਈ ਸੀ। ਫਿਰ ਵਿੱਚ ਅਜਿਹੇ ਲੇਖਕ ਕਿਉਂ ਘੁਸਪੈਠ ਕਰ ਗਏ? ਜਿਹੜੇ ਲੇਖਕ ਆਪ ਠੱਗ ਹੋਣ ਉਹ ਸਮਾਜ ਨੂੰ ਕੀ ਸੇਧ ਦੇਣਗੇ? ਉਸਨੂੰ ਤਾਂ ਮਹਿਲਾਂ ਦੇ ਮਾਲਕ ਨੂੰ ਤਿੰਨ ਸੌ ਨਾਲ ਕੋਈ ਫ਼ਰਕ ਨਹੀਂ ਸੀ ਪੈਣਾ। ਪਰ ਮੈਨੂੰ ਕਾਠ ਦੀ ਛੱਤ ਵਾਲੇ, ਟੁੱਟੇ ਜਿਹੇ ਦੋ ਕਮਰਿਆਂ ਦੇ ਮਾਲਕ ਨੂੰ ਜ਼ਰੂਰ ਫ਼ਰਕ ਪੈ ਜਾਣਾ ਸੀ, ਜਿਨ੍ਹਾਂ ਦੀਆਂ ਕਈ ਟੁੱਟੀਆਂ ਕੜੀਆਂ ਵੀ ਬਦਲਣ ਵਾਲੀਆਂ ਪਈਆਂ ਹਨ ਪਰ ਹਰ ਵਾਰ ਅੱਗੇ ਪਾ ਦਿੰਦਾ ਹਾਂ। ਖ਼ੈਰ! ਮੈਂ ਪਏ-ਪਏ ਨੇ ਪੱਕਾ ਨਿਸ਼ਚਾ ਕਰ ਲਿਆ ਕਿ ਨੀਰ ਚਾਹੇ ਮੈਨੂੰ ਰੁਪਏ ਮੋੜੇ ਜਾਂ ਨਾ, ਮੈਂ ਉਨ੍ਹਾਂ ਦੇ ਨਾਵਲ ਜ਼ਰੂਰ ਮੋੜਾਂਗਾ। ਹੋ ਸਕਦਾ ਹੈ ਬੇਸ਼ਰਮ ਹੋ ਕੇ ਰੁਪਏ ਹੀ ਮੋੜ ਦੇਣ।

**ਬਾਕੀ ਪੰਨਾ ਨੰ. 75 'ਤੇ**

## ਜਿੰਦਰ ਦਾ ਕਹਾਣੀ ਸੰਗ੍ਰਹਿ: ਜ਼ਖ਼ਮ (ਇਕ ਅਧਿਐਨ)

/ ਡਾ. ਰਮਿੰਦਰ ਕੌਰ

'ਜ਼ਖ਼ਮ ਜਿੰਦਰ ਦਾ ਪੰਜਵਾਂ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਜਿੰਦਰ ਦੇ ਚਾਰ ਕਹਾਣੀ- ਸੰਗ੍ਰਹਿ; ਮੈਂ *ਕਹਾਣੀ ਤੇ ਉਹ*(1990), ਤੁਸੀਂ *ਨਹੀਂ ਸਮਝ ਸਕਦੇ*(1996), ਨਹੀਂ *ਮੈਂ ਨਹੀਂ*(2000), ਬਿਨਾਂ *ਵਜ੍ਹਾ ਤਾਂ ਨਹੀਂ*(2004) ਵਿਚ ਛਪ ਚੁੱਕੇ ਹਨ ਜਿਹਨਾਂ ਕਰਕੇ ਜਿੰਦਰ ਹੁਣ ਇਕ ਸਥਾਪਤ ਕਹਾਣੀਕਾਰ ਹੈ। ਜਿੰਦਰ ਦੀ ਪਹਿਚਾਨ ਨ ਕੇਵਲ ਉਸਦੀਆਂ ਕਹਾਣੀਆਂ ਦੀ ਗਿਣਤੀ ਕਰਕੇ ਹੈ ਸਗੋਂ ਕਹਾਣੀਆਂ ਦੇ ਵਿਸ਼ੇਸ਼ ਵਜੂਦ ਤੇ ਮਿਆਰ ਕਰਕੇ ਹੈ। ਉਸ ਦਾ ਕਹਾਣੀ-ਸੰਗ੍ਰਹਿ ਤੁਸੀਂ *ਨਹੀਂ ਸਮਝ ਸਕਦੇ* ਹਿੰਦੀ ਤੇ ਸ਼ਾਹਮੁਖੀ ਵਿਚ ਵੀ ਛਪਿਆ ਹੈ। ਕਹਾਣੀ ਤੋਂ ਇਲਾਵਾ ਜਿੰਦਰ ਨੇ ਦੋ ਕਿਤਾਬਾਂ ਰੇਖਾ ਚਿਤਰਾਂ ਦੀਆਂ, ਕਵਾਸੀ *ਰੋਟੀ* (1998), ਜੇ *ਇਹ ਸੱਚ ਹੈ ਤਾਂ* (2004) ਵੀ ਛਪੀਆਂ ਹਨ। ਕਵਾਸੀ *ਰੋਟੀ* ਵਿਚ ਉਹ ਆਪਣੇ ਪਰਿਵਾਰਕ ਜੀਵਨ, ਪਰਿਵਾਰਕ ਮੈਂਬਰਾਂ ਦੇ ਗੁਣ-ਔਗੁਣ ਬਾਰੇ ਅਤੇ ਆਪਣੀ ਕਹਾਣੀ ਲਿਖਣ ਦੇ ਪ੍ਰੇਰਨਾ ਸ੍ਰੋਤਾ ਬਾਰੇ ਜਾਣਕਾਰੀ ਦਿੰਦਾ ਹੈ। ਜੇ *ਇਹ ਸੱਚ ਹੈ ਤਾਂ* ਵਿਚ ਉਹ ਆਪਣੀ ਜ਼ਿਦਗੀ ਸਬੰਧੀ ਗੱਲ ਬਾਤ ਕਰਦਾ ਨਜ਼ਰ ਆਉਂਦਾ ਹੈ। ਇਥੇ ਉਹ ਦਸਦਾ ਹੈ ਕਿ ਉਸ ਦੀ ਸ਼ਖਸੀਅਤ ਦੇ ਤਿੰਨ ਰੂਪ ਹਨ; ਹਰਜਿੰਦਰ ਪਾਲ; ਪਰਿਵਾਰਕ ਮੈਂਬਰ ਵਜੋਂ, ਹਰਜਿੰਦਰਪਾਲ ਲੱਧੜ; ਪੰਜਾਬ ਰੋਡਵੇਜ਼ ਦੇ ਆਡੀਟਰ ਤੇ ਜਿੰਦਰ; ਕਹਾਣੀਕਾਰ ਵਜੋਂ। ਇਹਨਾਂ ਤਿੰਨਾਂ ਰੂਪਾਂ ਵਿਚ ਸੰਤੁਸ਼ਟ ਉਹ ਕਹਾਣੀਕਾਰ ਵਜੋਂ ਹੈ ਅਤੇ ਜ਼ਿਦਗੀ ਦਾ ਅਹਿਮ ਪਹਿਲੂ ਉਹ ਹੀ ਹੁੰਦਾ ਹੈ ਜਿਥੋਂ ਤੁਹਾਨੂੰ ਸੰਤੁਸ਼ਟਤਾ ਮਿਲਦੀ ਹੈ।

ਜ਼ਖ਼ਮ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਜਿੰਦਰ ਦੀ ਕਹਾਣੀ-ਕਲਾ ਨੂੰ ਹੋਰ ਨਿਖਾਰਦੀਆਂ ਹੋਈਆਂ ਉਸ ਦੀ ਪਹਿਚਾਨ ਨੂੰ ਪ੍ਰਸਿੱਧੀ ਵਿਚ ਬਦਲਦੀਆਂ ਦਿਖਾਈ ਦਿੰਦੀਆਂ ਹਨ। ਇਸ ਕਹਾਣੀ-ਸੰਗ੍ਰਹਿ ਵਿਚ ਕੁਲ ਨੌਂ ਕਹਾਣੀਆਂ ਹਨ। ਪੁਸਤਕ ਦੇ ਅਖੀਰ 'ਤੇ ਜਿੰਦਰ ਦੀ ਇਕ ਇੰਟਰਵਿਊ ਵੀ ਛਪੀ ਹੈ। ਇਸ ਇੰਟਰਵਿਊ ਤੋਂ ਜਿੰਦਰ ਦੀਆਂ ਕਹਾਣੀਆਂ ਸਬੰਧੀ ਸਮਝ ਤੇ ਦ੍ਰਿਸ਼ਟੀ ਦਾ ਅਨੁਮਾਨ ਵੀ ਲਗਾਇਆ ਜਾ ਸਕਦਾ ਹੈ। ਜਿੰਦਰ ਮੁਖ ਤੌਰ 'ਤੇ ਅਜੋਕੇ ਮਨੁੱਖ ਦੀ 'ਮਨੋਸਥਿਤੀ ਦਾ ਕਹਾਣੀਕਾਰ ਹੈ। ਉਸ ਦੀ ਕਹਾਣੀ ਦੀ ਬਿਰਤਾਂਤਕ ਘਾੜਤ ਮਨੁੱਖ ਨੂੰ ਉਸ ਦੇ ਮਨੋ-ਧਰਾਤਲ ਤੋਂ ਪਕੜਦੀ ਨਜ਼ਰ ਆਉਂਦੀ ਹੈ। ਅੱਜ ਦੇ ਮਨੁੱਖ ਦੀ ਮਨੋਸਥਿਤੀ ਨ ਸਤਿਹੀ ਹੈ ਤੇ ਨ ਇਕਹਰੀ। ਇਹ ਬਹੁ-ਪਰਤੀ ਵੀ ਹੈ ਤੇ ਜਲਿਟ ਵੀ। ਮਨੁੱਖ ਦੇ ਮਨੋ-ਮਸਤਕ ਵਿਚ ਸੋਚਾਂ ਦੀਆਂ ਕਈ ਤੰਦਾਂ ਕਿਰਿਆਸ਼ੀਲ ਹਨ ਜੋ ਆਪੋ ਵਿਚ ਭਿੜਦੀਆਂ ਹਨ ਤੇ ਇਕ ਦੂਜੇ ਵਿਚ ਉਲਝੀਆਂ ਵੀ ਹੋਈਆਂ ਹਨ। ਜਿੰਦਰ ਦੀ ਕਹਾਣੀ ਅਜੋਕੇ ਜ਼ਮਾਨੇ ਦੇ ਅਜਿਹੇ ਵਿਅਕਤੀ ਨੂੰ ਪੇਸ਼ ਕਰਦੀ ਨਜ਼ਰ ਆਉਂਦੀ ਹੈ।

ਇਸ ਕਹਾਣੀ-ਸੰਗ੍ਰਹਿ ਦੀ ਪਹਿਲੀ ਕਹਾਣੀ 'ਔਕਾਤ ਹੈ। ਕਹਾਣੀ ਉੱਤਮ-ਪੁਰਖੀ ਬਿਰਤਾਂਤ-ਸ਼ੈਲੀ ਵਿਚ ਹੈ। ਕਹਾਣੀ ਦੀ ਸ਼ੁਰੂਆਤ ਹੈ; "ਮੈਂ ਤਾਂ ਇਥੋਂ ਤਕ ਸੋਚਿਆ ਹੀ ਨਹੀਂ ਸੀ। ਮੇਰੇ ਲਈ ਉਸ ਦੀ ਔਕਾਤ ਪੰਜਾਹ/ਸੌ ਰੁਪਿਆ ਹੀ ਸੀ।" ਅਕਸਰ ਹੀ ਅਧੁਨਿਕ ਕਹਾਣੀਕਾਰ ਆਪਣੀਆਂ ਕਹਾਣੀਆਂ ਵਿਚ ਗੱਲ ਉਥੋਂ ਨਹੀਂ ਅਰੰਭਦੇ ਜਿਥੋਂ ਸ਼ੁਰੂ ਹੁੰਦੀ ਹੈ ਬਲਕਿ ਕਿਸੇ ਪਿਛਲੇਰੇ ਰਹੱਸਮਈ ਪੜਾਅ ਤੋਂ ਗੱਲ ਸ਼ੁਰੂ ਕਰਦੇ ਹਨ। ਜਿੰਦਰ ਦੀਆਂ ਕਹਾਣੀਆਂ ਦੀ ਖਾਸ ਵਿਸ਼ੇਸ਼ਤਾ ਹੈ ਕਿ ਉਸ ਨੇ ਜਿਹੜੀ ਗੱਲ ਉਭਾਰਨੀ ਹੁੰਦੀ ਹੈ ਉਹ ਕਹਾਣੀ ਵਿਚ ਸਭ ਤੋਂ ਅੱਗੇ ਲੈ ਆਉਂਦਾ ਹੈ ਜੋ ਕਿ ਪਾਠਕ ਦੀ ਜਗਿਆਸਾ ਨੂੰ ਪ੍ਰਚੰਡ ਕਰਨ ਦੀ ਜੁਗਤ ਹੈ। ਕਹਾਣੀ ਅਗੇ ਤੁਰਦੀ ਹੋਈ ਨੌਕਰ/ਮਾਲਕ ਦੇ ਰਿਸ਼ਤੇ ਦੀਆਂ ਕਈ ਪਰਤਾਂ ਖੋਲ੍ਹਦੀ ਹੈ। ਮੈਂ ਪਾਤਰ ਕਲਪਨਾ ਵਿਚ ਕਦੇ



ਉਨ੍ਹਾਂ ਨੌਕਰਾਂ ਬਾਰੇ ਸੋਚਦਾ ਹੈ ਜੋ ਮਾਲਕਾਂ ਪ੍ਰਤੀ ਵਫਾਦਾਰ ਰਹੇ ਤੇ ਕਦੀ ਉਨ੍ਹਾਂ ਬਾਰੇ ਜਿਨ੍ਹਾਂ ਨੇ ਮੌਕਾ ਮਿਲਦਿਆਂ ਹੀ ਬੇਈਮਾਨੀ ਕੀਤੀ। ਕਦੇ ਨੌਕਰ ਦੇ ਵਫ਼ਾਦਾਰ ਹੋਣ ਦਾ ਪਲੜਾ ਭਾਰੀ ਹੁੰਦਾ ਹੈ ਤੇ ਕਦੀ ਬੇਈਮਾਨ ਹੋਣ ਦਾ। ਸ਼ਾਇਦ ਮੈਂ ਪਾਤਰ ਨੂੰ ਇਹੋ ਗੱਲ ਆਪਣੇ ਹੱਕ ਵਿਚ ਨਿਬੜਦੀ ਨਜ਼ਰ ਆਉਂਦੀ ਹੈ ਕਿ ਨੌਕਰ ਨੂੰ ਨੌਕਰ ਦੀ ਜਗ੍ਹਾ ਰੱਖੋ। ਉਸ ਦੀ ਇਸ ਸੋਚ ਵਿਚ ਉਸ ਦਾ ਦੋਸਤ ਜਸਪਾਲ ਵੀ ਸ਼ਾਮਿਲ ਹੈ। ਇਹ ਕਹਾਣੀ ਨੌਕਰ ਨੂੰ ਹਮੇਸ਼ਾਂ ਨੌਕਰ ਦੀ ਹੈਸੀਅਤ ਵਿਚ ਸਮਝਣ 'ਤੇ ਗਹਿਰਾ ਵਿਅੰਗ ਹੈ। ਬੰਦੇ ਦੀ ਔਕਾਤ ਕੇਵਲ ਉਸ ਦੀ ਜਾਤ ਤੇ ਕਿੱਤੇ ਕਰਕੇ ਨਹੀਂ ਮਿੱਥੀ ਜਾ ਸਕਦੀ ਬਲਕਿ ਉਸ ਦੀ ਸੋਚ ਉਸ ਦੇ ਮਿਆਰ ਦਾ ਅਧਾਰ ਬਣਦੀ ਹੈ। ਮਨੁੱਖ ਕਈ ਵਾਰ ਆਪਣੇ ਪੂਰਵ-ਨਿਸ਼ਚਿਤ ਵਿਚਾਰਾਂ ਕਰਕੇ ਹੋਰਨਾਂ ਦੀ ਔਕਾਤ ਦਾ ਮੁੱਲ ਪਾਉਂਦਾ ਹੋਇਆ ਖ਼ੁਦ ਆਪਣੀ ਔਕਾਤ ਦੇਖ ਬੈਠਦਾ ਹੈ। ਅਜਿਹੀ ਹੀ ਸਵੈ-ਪੜਚੋਲ ਤੇ ਪਛਤਾਵੇ ਦੀ ਸਥਿਤੀ ਮੈਂ ਪਾਤਰ ਦੀ ਨਜ਼ਰ ਆਉਂਦੀ ਹੈ।

ਇਸੇ ਹੀ ਤੋਰ ਵਿਚ ਉਸ ਦੀ ਅਗਲੀ ਕਹਾਣੀ 'ਸ਼ਨਾਖਤ ਮਨੁੱਖੀ ਖਸਲਤ ਦੀਆਂ ਕਈ ਪਰਤਾਂ ਖੋਲ੍ਹਦੀ ਨਜ਼ਰ ਆਉਂਦੀ ਹੈ। ਇਹ ਕਹਾਣੀ ਦੀ ਪੜ੍ਹਤ ਸਮੇਂ 'ਸ਼ਨਾਖਤ ਸਿਰਲੇਖ ਨੂੰ ਧਿਆਨ ਵਿਚ ਰੱਖਣਾ ਹੀ ਇਸ ਦਾ ਸੂਤਰਿਕ ਵਿਸ਼ਲੇਸ਼ਣ ਹੈ। 'ਸ਼ਨਾਖਤ ਇਕ ਐਸੀ ਭਾਵਨਾ, ਖੋਜ ਜਾਂ ਜਗਿਆਸਾ ਹੈ ਜੋ ਮਨੁੱਖ ਨਾਲ ਸਦਾ ਤੋਂ ਹੀ ਚਲੀ ਆ ਰਹੀ ਹੈ। ਮਨੁੱਖ ਦੇ ਆਪੇ ਦੀ ਪਛਾਣ, ਮੂਲ ਦਾ ਅਨੁਭਵ ਸਭ ਸ਼ਨਾਖਤ ਦੇ ਘੇਰੇ ਵਿਚ ਆਉਂਦੇ ਹਨ। ਕਹਾਣੀ ਦੇ ਸ਼ੁਰੂ ਵਿਚ ਹੀ 'ਮਾੜਾ ਬੰਦਾ ਦੀ ਸ਼ਨਾਖਤ ਦਾ ਮਸਲਾ ਆ ਜਾਂਦਾ ਹੈ। ਇਕ ਦੁਚਿੱਤੀ ਹੈ, ਪਰੇਸ਼ਾਨੀ ਹੈ ਜਾਂ ਬਹੁਤ ਸਾਰੀਆਂ ਤਾਰਕਿਕ ਭਾਵਨਾਵਾਂ ਦਾ ਘੜਮੱਸ ਹੈ ਜੋ ਅਚੋਤਾਈ ਤੇ ਉਲਝਣ ਪੈਦਾ ਕਰ ਰਿਹਾ ਹੈ। ਮੁੱਖ ਪਾਤਰ ਪਰੇਸ਼ਾਨ ਹੈ, ਪਤਨੀ ਪਰੇਸ਼ਾਨ ਹੈ:

> ਇਹ ਮਾੜਾ ਬੰਦਾ ਕੌਣ ਹੈ ? ਦਲਜੀਤ ਸਿੰਘ ? ਮੋਹਨ ਲਾਲ ? ਮੈਂ ਖ਼ੁਦ ਜਾਂ ਕੋਈ ਹੋਰ ? ਮੈਥੋਂ ਇਸ ਗੱਲ ਦਾ ਨਬੇੜਾ ਨਹੀਂ ਹੋ ਰਿਹਾ।

ਕਹਾਣੀ ਵਿਚ ਲੇਖਕ ਦੀ ਮਾਨਸਿਕਤਾ, ਚਿਤਰਿਆ ਦਫ਼ਤਰ ਦਾ ਮਹੌਲ, ਘਰ ਦਾ ਮਹੌਲ, ਕੋਈ ਵੀ ਇਕ ਦੂਜੀ ਤੋਂ ਅਲੱਗ ਨਹੀਂ। ਕਹਾਣੀ ਵਿਕੇਂਦ੍ਰਿਤ ਮਾਨਸਿਕਤਾ ਨੂੰ ਸਾਰੇ ਪਾਠ ਵਿਚ ਫੈਲਾਅ ਕੇ ਦਰਸਾ ਰਹੀ ਹੈ। ਅੱਜ ਦਾ ਮਨੁੱਖ ਜ਼ਰੂਰ ਕਿਸੇ ਨ ਕਿਸੇ ਪੱਖ ਤੋਂ ਖਲਨਾਇਕ ਹੁੰਦਾ ਹੈ। ਕਿਸੇ ਵਿਅਕਤੀ ਦੀ ਇਕ ਤਰਫ਼ੀ, ਸਿੱਧੀ ਤੇ ਸਪੱਸ਼ਟ ਸ਼ਨਾਖਤ ਕਰਨੀ ਮੁਸ਼ਕਲ ਹੀ ਨਹੀਂ ਅਸੰਭਵ ਹੈ। ਹਰੇਕ ਦੀ ਸ਼ਨਾਖਤ ਵਿਚ ਚੰਗੇ-ਮਾੜੇ ਦਾ ਜਮ੍ਹਾਂ-ਜੋੜ ਹੈ। ਜਿੰਦਰ ਦੀਆਂ ਬਹੁਤ ਸਾਰੀਆਂ ਕਹਾਣੀਆਂ ਦਰਫਤੀ ਅਤੇ ਪਰਸ਼ਸਕੀ ਅਮਲੇ ਦੇ ਕਿਰਦਾਰ ਨਾਲ ਸਬੰਧਿਤ ਹਨ। ਬਾਊ ਸ਼੍ਰੇਣੀ ਆਪੋ-ਆਪਣੀਆਂ ਰੁਚੀਆਂ ਤੇ ਸੀਮਾਵਾਂ ਵਿਚ ਘਿਰੀ ਹੋਈ ਹੈ। ਪ੍ਰਾਪਤ ਕਹਾਣੀ ਵਿਚ ਸਮਕਾਲੀ ਮਨੁੱਖ ਵੱਖੋ ਵੱਖ ਤਰ੍ਹਾਂ ਦੀਆਂ ਪਰਿਸਥਿਤਿਆਂ ਵਿਚ ਘਿਰਿਆ, ਉਨ੍ਹਾਂ ਦਾ ਪ੍ਰਭਾਵ ਕਬੂਲਦਾ ਹੋਇਆ ਉਲਝਾਵ ਦੀ ਸਥਿਤੀ ਤੱਕ ਜਾ ਪਹੁੰਚਿਆ ਹੈ। ਕੋਈ ਵੀ ਉਲਝਣ, ਪਰੇਸ਼ਾਨੀ, ਉਦਾਸੀ ਜਾਂ ਹਨੇਰਾ ਮਨੁੱਖ ਨੂੰ ਉਦੋਂ ਤਕ ਘੇਰੀ ਰੱਖਦਾ ਹੈ ਜਦ ਤਕ ਉਹ ਆਪਣੇ ਅੰਦਰ ਰੋਸ਼ਨੀ ਦੇ ਸ੍ਰੋਤ ਪੈਦਾ ਨਹੀਂ ਕਰਦਾ। ਇਸ ਲਈ ਇਨ੍ਹਾਂ ਰੋਸ਼ਨੀ ਦੇ ਸ੍ਰੋਤਾਂ ਦਾ ਹੋਣਾ ਹਰ ਹਾਲਤ ਵਿਚ ਲਾਜ਼ਮੀ ਹੋ ਜਾਂਦਾ ਹੈ।

ਕਹਾਣੀ ਦੇ ਬਿਰਤਾਂਤ ਵਿਚ ਕਹਾਣੀਕਾਰ ਨੇ ਜਿਸ ਤਰ੍ਹਾਂ ਦਫ਼ਤਰੀ ਕਲਚਰ ਦੀਆਂ ਪਰਤਾਂ ਖੋਹਲੀਆਂ ਹਨ ਇਸ ਵਿਚ ਉਸ ਦਾ ਨਿੱਜੀ ਅਨੁਭਵ ਵੀ ਦਿਖਾਈ ਦੇ ਰਿਹਾ ਹੈ। ਕਹਾਣੀ ਵਿਚ ਬਿਰਤਾਂਤਕਾਰ ਪਾਤਰਾਂ ਨੂੰ ਵਾਰੀ ਵਾਰੀ ਪਾਠਕਾਂ ਸਾਹਮਣੇ ਪੇਸ਼ ਕਰ ਰਿਹਾ ਹੈ। ਦਫ਼ਤਰੀ

ਸਭਿਆਚਾਰ ਨੂੰ ਵਿਅੰਗ ਦੀ ਜੁਗਤ ਰਾਹੀਂ ਰੂਪਮਾਨ ਕੀਤਾ ਗਿਆ ਹੈ।

'ਰਫਤਾਰ ਕਹਾਣੀ ਤਕਨੀਕੀ ਅਤੇ ਸੂਚਨਾ ਕ੍ਰਾਂਤੀ ਤੋਂ ਪ੍ਰਭਾਵਿਤ ਤੇਜ਼ ਰਫਤਾਰ ਜ਼ਮਾਨੇ ਵਿਚ ਨਵੀਂ ਪੀੜ੍ਹੀ ਕੈਰੀਅਰ ਦੀ ਦੌੜ ਵਿਚ ਕੇਵਲ ਆਪਣੇ ਨਿੱਜ ਅਤੇ ਆਪਣੇ ਸਵਾਰਥ ਤੱਕ ਸੀਮਤ ਰਹਿਣ ਦੇ ਸੱਚ ਨੂੰ ਸੰਬੋਧਿਤ ਹੈ। ਕਹਾਣੀਕਾਰ ਨੇ ਤਿੰਨ ਪੀੜ੍ਹੀਆਂ ਰਾਹੀਂ ਆਪਣੀ ਪੁਰਾਣੀ ਪੀੜ੍ਹੀ ਦੀ ਰੂੜ੍ਹਵਾਦੀ ਸੋਚ ਦੀ ਨਿਰੰਤਰਤਾ ਤੇ ਨਵੀਂ ਪੀੜ੍ਹੀ ਦੇ ਪ੍ਰਸਿਥਤੀਆਂ ਦੇ ਪ੍ਰਭਾਵ ਅਧੀਨ ਜੀਵਨ ਪੈਟਰਨ ਵਿਚ ਆਈ ਤਬਦੀਲੀ ਨੂੰ ਦਰਸਾਇਆ ਹੈ। ਕਹਾਣੀ ਦਾ ਸਬੰਧ ਜ਼ਿੰਦਗੀ ਜਿਊਣ ਦੀ ਵਿਆਕਰਣ ਦੇ ਬਦਲਦੇ ਮਾਡਲਾਂ ਨਾਲ ਹੈ। ਨਵੀਂ ਜਵਾਨ ਪੀੜ੍ਹੀ ਪੁਰਾਣੀਆਂ ਸੋਚਾਂ ਨੂੰ ਵੰਗਾਰਦੀ ਨਜ਼ਰ ਆ ਰਹੀ ਹੈ। ਕਹਾਣੀ ਵਿਚ ਵੱਖੋ ਵੱਖਰੀਆਂ ਸੋਚਾਂ ਰੱਖਣ ਵਾਲੇ ਪਾਤਰ ਇਕੋ ਹੀ ਚੇਨ ਵਿਚ ਬੱਝੇ ਨਜ਼ਰ ਆਉਂਦੇ ਹਨ।

*'ਮੁੜ ਗਲਤੀ ਨਾ ਕਰੀਂ* ਕਹਾਣੀ ਚੌਥੀ ਕੂਟ ਭਾਵ ਕੁਝ ਵਿਵਰਜਤ ਰੇਖਾਵਾਂ ਨੂੰ ਟੱਪ ਕੇ ਕੁਝ ਹਾਸਲ ਕਰਨ ਦੀ ਸੰਭਾਵਨਾ ਨੂੰ ਪ੍ਰਗਟਾਉਂਦੀ ਹੈ। 'ਚੌਥੀ ਕੂਟ ਦੀ ਮਿੱਥ ਵਿਵਰਜਿਤ ਪਾਸੇ ਵਲ ਨਾ ਜਾਣ ਦਾ ਸੰਕੇਤ ਕਰਦੀ ਹੈ ਕਿਉਂਕਿ ਉਥੇ ਮੁਸ਼ਕਲਾਂ ਨੇ, ਖਤਰੇ ਨੇ। ਵਿਵਰਜਤ ਪਾਸੇ ਦਾ ਪ੍ਰਭਾਵ ਇਹੋ ਜਿਹਾ ਪਾਇਆ ਜਾਂਦਾ ਸੀ ਕਿ ਕੋਈ ਉਸ ਪਾਸੇ ਜਾਣ ਦਾ ਹੌਂਸਲਾ ਹੀ ਨ ਕਰਦਾ। ਜੋ 'ਲੀਕ ਪਾੜ ਕੇ ਉਸ ਪਾਸੇ ਗਿਆ - ਉਸ ਨੇ ਹੀ ਕੁਝ ਪ੍ਰਾਪਤ ਕੀਤਾ। ਮਹਿੰਦਰ ਦਾ ਕਹਿਣਾ; 'ਆਪਣੀ ਜਾਤ ਤੋਂ ਬਾਹਰ ਵਿਆਹ ਕਰਵਾਉਣਾ ਵੀ ਚੌਥੀ ਕੂਟ ਵਲ ਜਾਣਾ ਹੁੰਦਾ ਹੈ। ਵਿਵਰਜਿਤ ਨੂੰ ਟੱਪ ਕੇ ਹੀ ਕੁਝ ਨਵਾਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜੀਵਨ ਵਿਚ ਗਲਤ ਜਾਂ ਠੀਕ ਕੀ ਹੈ ਇਹ ਬੇਅਰਥ ਹੈ। ਕਹਾਣੀ ਵਿਚ ਵਿਰੋਧ ਵੀ ਹੈ ਤੇ ਟਕਰਾਓ ਵੀ ਪਰ ਇਹ ਟਕਰਾਓ ਤਨਾਓ ਬਣਨ ਦੀ ਜਗ੍ਹਾ ਸੁਲਝਦਾ ਨਜ਼ਰ ਆ ਰਿਹਾ ਹੈ। ਕਹਾਣੀ ਸਮਾਜਕ ਮਰਯਾਦਾਵਾਂ ਨੂੰ ਨਕਾਰਦੀ ਨਜ਼ਰ ਆ ਰਹੀ ਹੈ।

ਕਹਾਣੀ 'ਪਾਪ ਸੰਸਕ੍ਰਿਤੀ ਦੇ ਸਿਧਾਂਤਕ ਚੌਖਟੇ ਨੂੰ ਅਤਿ ਸੂਖ਼ਮ ਦ੍ਰਿਸ਼ਟੀਕੋਣ ਤੋਂ ਦੇਖ ਰਹੀ ਜਾਪਦੀ ਹੈ। ਮੁੱਖ ਪਾਤਰ ਹਰਕਿਰਨ ਇਕ ਦੁਖਾਂਤ ਹੰਢਾ ਰਹੀ ਹੈ। ਉਸ ਦੇ ਦੁਖਾਂਤ ਦਾ ਕਾਰਣ ਉਸ ਦਾ ਪੁੱਤਰ ਤੇ ਪਤੀ ਹਨ। ਸੁਹਰੇ-ਪੇਕੇ ਪਰਿਵਾਰ ਤੋਂ ਬੇਦਖਲੀ ਹੈ। ਉਸ ਨੂੰ ਪੁੱਤਰ ਤੇ ਪਤੀ ਦੀ ਖਾਤਰ ਕੀਤੇ ਦੇਹ-ਸਮਝੌਤਿਆਂ ਤੋਂ ਬੇਚੈਨੀ ਹੈ। ਇਨ੍ਹਾਂ ਸਮਝੌਤਿਆਂ ਦੇ ਪਿੱਛੇ ਸਰੀਰਕ ਲੋੜ ਵੀ ਹੈ। ਉਹ ਅਨੰਦ ਵੀ ਪ੍ਰਪਤ ਕਰਦੀ ਹੈ।

-ਮੈਂ ਕਿਉਂ ਝੂਠ ਬੋਲਾਂ। ਜਦੋਂ ਮੈਂ ਮਾਨਿਆਂ ਹੈ ਤਾਂ ਮਾਨਿਆਂ ਹੀ ਕਹਾਂਗੀ, ਆਖਰ ਮੈਂ ਵੀ ਔਰਤ ਹਾਂ, ਮੇਰੀਆਂ ਵੀ ਸਰੀਰਕ ਲੋੜਾਂ ਹਨ, ਮਾਇਕ ਲੋੜਾਂ ਵੀ ਹਨ, ਕਦੇ ਸਰੀਰਕ ਲੋੜਾਂ ਪ੍ਰਥਮ ਹੁੰਦੀਆਂ, ਕਦੇ ਮਾਇਕ ਲੋੜਾਂ। ਫੇਰ ਜੇ ਮਰਦ ਆਪਣੀ ਪਸੰਦ ਦਾ ਮਿਲ ਜਾਵੇ ਤਾਂ ਕਿਆ ਕਹਿਣੇ!

-ਮੈਂ ਆਪਣੇ ਜਿਸਮ ਨੂੰ ਹਥਿਆਰ ਵਜੋਂ ਵਰਤਿਆ।

-ਮੈਂ ਇਸ ਨੂੰ ਪਾਪ ਨ੍ਹੀਂ ਮੰਨਦਾ। ਦੱਸ ਤੂੰ ਇੰਜੁਆਏ ਨ੍ਹੀਂ ਕੀਤਾ? ਜਿਥੇ ਇੰਜੁਆਏ ਹੋਵੇਗਾ- ਉਥੇ ਪਾਪ ਨਹੀਂ ਹੋਵੇਗਾ।

-ਪਾਪ ਪੂਪ ਕੁਸ਼ ਨ੍ਹੀਂ ਹੁੰਦੇ। ਮੇਰੇ ਲਈ ਤਾਂ ਤੂੰ ਪੁੰਨ ਵਾਲਾ ਕੰਮ ਕੀਤਾ। ਘਰਦਿਆਂ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਉਣ 'ਚ ਤੂੰ ਕੋਈ ਕੁਤਾਹੀ ਨ੍ਹੀਂ ਕੀਤੀ, ਬੀ ਰਿਲੈਕਸ।

ਇਹ ਕਹਾਣੀ ਸੰਸਕ੍ਰਿਤੀ ਅਤੇ ਮਨੁੱਖੀ ਪ੍ਰਕਿਰਤੀ ਦੇ ਦਵੰਦ ਨੂੰ ਉਘਾੜਦੀ ਜਾਪਦੀ ਹੈ। ਹਰਕਿਰਨ ਆਪਣੇ ਪਤੀ ਅਤੇ ਪੁੱਤਰ ਦਾ ਸਰੀਰਕ ਸ਼ੋਸ਼ਣ ਕਰ ਰਹੀ ਹੈ। ਇਹ ਸਮਾਜਕ ਆਦਰਸ਼



ਦਾ ਹਿੱਸਾ ਹਨ। ਉਹ ਇਸ ਸਮਾਜਕ ਆਦਰਸ਼ ਨੂੰ ਨਿਭਾਉਣ ਲਈ ਜੋ ਵੀ ਕੁਝ ਕਰ ਰਹੀ ਹੈ ਉਹ ਫਰਜ਼ ਹੈ ਇਸ ਲਈ ਉਸ ਨੂੰ ਪਾਪ ਮੁਕਤ ਦਿਖਾਇਆ ਜਾ ਰਿਹਾ ਹੈ ਪਰ ਉਸ ਦੀ ਪੀੜਾ ਨੈਤਿਕਤਾ ਦੇ ਵਿਖੰਡਿਤ ਹੋਣ ਵਿਚ ਛੁਪੀ ਹੋਈ ਹੈ। ਉਹ ਕਹਿ ਰਹੀ ਹੈ, 'ਕੋਈ ਇਕ ਦੁੱਖ ਹੋਵੇ ਤਾਂ ਮੈਂ ਤੈਨੂੰ ਦੱਸਾਂ,.... ਮਨ 'ਤੇ ਵੀ, ਤਨ 'ਤੇ ਵੀ। ਕੁਲਤਾਰ ਸਿੱਧੂ, ਗੋਪਾਲ ਸਰ ਨਾਲ ਪੁੱਤਰ/ਪਤੀ ਲਈ ਕੀਤੇ ਵਕਤ-ਬੇਵਕਤ ਸਮਝੌਤੇ ਹਨ। ਸਬੰਧ ਮਾਣੇ ਵੀ ਜਾ ਰਹੇ ਹਨ। ਦੇਹ ਦੀਆਂ ਲੋੜਾਂ ਹਨ। ਮਨ ਦੀਆਂ ਵੀ। ਮਰਦ ਜਾਤ ਦੀ ਪ੍ਰਕਿਰਤੀ ਨੂੰ ਵੀ ਸਮਝ ਰਹੀ ਹੈ। ਦਵੰਦ, ਦੁਚਿੱਤੀ, ਤਨਾਓ ਸਭ ਹਨ। ਉਸ ਦੇ ਦਿਲੋ-ਦਿਮਾਗ ਵਿਚ ਸੰਸਕ੍ਰਿਤੀ, ਪ੍ਰਵਿਰਤੀ, ਨਵਿਰਤੀ, ਮਰਯਾਦਾ, ਨੈਤਿਕਤਾ, ਫਰਜ਼, ਮਜਬੂਰੀਆਂ ਸਭ ਦਾ ਤਾਣਾ ਬਾਣਾ ਉਲਝਿਆ ਪਿਆ ਹੈ। ਮਹਾਂਪੁਰਖਾਂ ਦੀ 'ਸ਼ੂਨਯ ਦੀ ਅਵਸਥਾ ਬਾਰੇ ਸੋਚ ਰਹੀ ਹੈ ਪਰ ਇਹ ਸੋਚ ਉਸ ਦੀ ਇਕ ਅਕੇਵੇਂ ਵਿਚੋਂ ਪੈਦਾ ਹੋਈ ਹੈ ਕਿਸੇ 'ਜੋਗ ਵਿਚੋਂ ਨਹੀਂ। ਅਸਲ ਵਿਚ ਮਨੁੱਖ ਸਿਰਫ ਇਕ ਸਮਾਜਕ ਪ੍ਰਾਣੀ ਨਹੀਂ। ਉਸ ਕੋਲ ਇਸ ਤੋਂ ਉਪਰ ਵੀ ਕੁਝ ਆਦਰਸ਼, ਕੁਝ ਸਚਾਈਆਂ ਹਨ ਜੋ ਸਮਾਜ ਨੂੰ ਸੰਤੁਲਿਤ ਕਰਦੇ ਹਨ। ਮਨੁੱਖੀ ਸਮਾਜ ਕੋਲ ਸੰਸਕ੍ਰਿਤੀ ਦੇ ਦਿਤੇ ਐਸੇ ਮੁੱਲ ਵਿਧਾਨ ਹਨ ਜੋ ਮਨੁੱਖੀ ਆਦਰਸ਼ਾਂ ਦੀ ਸਥਾਪਨਾ ਕਰਦੇ ਹਨ। ਬਹੁਤ ਸਾਰੇ ਦੁੱਖ ਹੀ ਇਕ ਦੁਖਾਂਤ ਦੇ ਰੂਪ ਵਿਚ ਢਲ੍ਹਦੇ ਹਨ ਜੋ ਨਵੇਂ ਸੂਰਜ ਦਾ ਪ੍ਰਕਾਸ਼ ਕਰਦਾ ਹੈ। ਇਹ ਮਾਰਗ ਹੀ ਆਤਮਕ ਸਕੂਨ ਹੁੰਦਾ ਹੈ। ਫਿਰ ਇਹ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ ਕਿ ਮਨੁੱਖ ਆਪਣੇ ਆਪ 'ਤੇ ਪਾਪੀ ਹੋਣ ਦਾ ਸ਼ੱਕ ਕਰੇ। ਹਰਕਿਰਨ ਦੇ ਅਸਤਿਤਵ ਦਾ ਸਮਾਜਕ ਤੇ ਸਰੀਰਕ ਹਿੱਸਾ ਪਾਪ ਤੋਂ ਮੁਕਤ ਹੈ ਪਰੰਤੂ ਉਹ ਆਤਮਕ ਪੱਧਰ 'ਤੇ ਪਾਪੀ ਦਿਖਾਈ ਦੇਂਦੀ ਹੈ। ਉਸ ਨੇ ਆਪਣੇ ਅੰਦਰੋਂ ਕੁਝ ਉੱਚਾ ਨਹੀਂ ਉਠਣ ਦਿਤਾ। ਉਰੇ ਹੀ ਹੱਲ ਲੱਭ ਲਿਆ। ਮੌਕੇ ਤੋਂ ਕੁਝ ਪਾਉਣ ਦੀ ਸੋਚ ਭਾਰੂ ਹੋ ਗਈ।

ਹਰਕਿਰਨ ਤੇ ਪਤੀ ਦਾ 'ਖੱਬਾ ਪਾਸਾ ਮਾਰਿਆ ਹੋਣ ਤੇ 'ਸੱਜੀ ਅੱਖ ਕੰਮ ਕਰਨ ਪਿੱਛੇ 'ਅਰਧਨਾਰੀਸਵਰ ਦਾ ਫਲਸਫਾ ਕੰਮ ਕਰ ਰਿਹਾ ਜਾਪਦਾ ਹੈ। ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਮਿਸ਼ਨ ਕੰਪਾਊਂਡ ਵਿਚ ਵੀ ਉਸ ਦੇ ਦੋਨੋਂ ਔਰਤ ਪਾਤਰ; ਰਜ਼ੀਆ ਤੇ ਬਰਖਾ, ਪਾਪ ਪੁੰਨ ਨੂੰ ਪ੍ਰਕਿਰਤੀ ਅਤੇ ਸੰਸਕ੍ਰਿਤੀ ਦੇ ਸੰਦਰਭ ਵਿਚ ਵਿਚਰਦੇ ਨਜ਼ਰ ਆਉਂਦੇ ਹਨ।

ਇਸ ਪੁਸਤਕ ਦੀ ਅਗਲੀ ਕਹਾਣੀ 'ਕੁਰਬਾਨੀ ਅਜੋਕੇ ਮਨੁੱਖ ਦੀ ਸ਼ਖ਼ਸੀ ਹੋਂਦ ਦੇ ਵਿਭਿੰਨ ਪੈਟਰਨਾਂ ਨੂੰ ਉਭਾਰ ਰਹੀ ਜਾਪਦੀ ਹੈ। ਇਸ ਕਹਾਣੀ ਵਿਚ ਇਕ ਮਰਦ ਪਾਤਰ ਤੇ ਤਿੰਨ ਇਸਤਰੀਆਂ ਹਨ। ਮਨੁੱਖੀ ਮਨ ਅਗੰਮ, ਅਗੋਚਰ ਤੇ ਅਥਾਹ ਹੈ। ਉਹ ਸਤਹ 'ਤੇ ਸ਼ਾਂਤ ਜਾਪਦਾ ਹੈ ਪਰ ਉਸ ਦੇ ਅੰਦਰ ਕਈ ਕੁਝ ਵਾਪਰ ਰਿਹਾ ਹੈ ਜੋ ਸਚੇਤ ਵੀ ਹੁੰਦਾ ਹੈ ਤੇ ਅਚੇਤ ਵੀ। ਸੁਪਨੇ, ਡਰ, ਅਚੋਤਾਣ, ਜਿੰਦਰ ਦੀ ਇਸ ਕਹਾਣੀ ਦੇ ਕੇਂਦਰ ਵਿਚ ਹਨ। ਕਹਾਣੀ ਦੀ ਸ਼ੁਰੂਆਤ ਹੀ ਇਸ ਤੋਂ ਹੈ,

-ਪੰਮੀਏਂ, ਪੰਮੀਏਂ, ਅਗਾਂਹ ਨਾ ਜਾਈਂ, ਅਗਾਂਹ ਨਾ ਜਾਈਂ, ਅਗੇ ਸੁੱਕਾ ਖੂਹ ਆ।

'ਸੁੱਕਾ ਖੂਹ ਪਾਤਰਾਂ ਦੀ ਜ਼ਿੰਦਗੀ ਦਾ ਪ੍ਰਤੀਕ ਜਾਪ ਰਿਹਾ ਹੈ। ਪੰਮੀ, ਅਮਰਜੀਤ, ਸੰਗੀਤਾ ਤਿੰਨੇ ਪਾਤਰ ਵੱਖੋ ਵੱਖ ਤਰ੍ਹਾਂ ਜਗਜੀਵਨ ਨਾਲ ਜੁੜੇ ਹੋਏ ਹਨ। ਜਗਜੀਵਨ ਅਚੇਤ/ ਸੁਚੇਤ ਪੱਧਰ 'ਤੇ ਕਿਤੇ ਪੰਮੀ ਨਾਲ ਡੂੰਘਾ ਜੁੜਿਆ ਜਾਪਦਾ ਹੈ ਜੋ ਉਸ ਲਈ ਮਨੋਰੋਗ ਤੇ ਮਨੋਗੰਢ ਬਣ ਜਾਂਦਾ ਹੈ। ਅਮਰਜੀਤ ਨਾਲ ਸਬੰਧ ਵੀ ਸਿਰੇ ਨਹੀਂ ਚੜ੍ਹਦੇ। ਸੰਗੀਤਾ ਦਿਲ ਦੇ ਕਿਸੇ ਕੋਨੇ ਤੋਂ ਉਸ ਨਾਲ ਭਾਵਾਤਮਕ ਰਿਸ਼ਤਾ ਰੱਖਣ ਕਾਰਣ ਅਮਰਜੀਤ ਦੇ ਕਹਿਣ ਤੇ ਵਿਆਹ ਕਰਵਾ ਲੈਂਦੀ ਹੈ। ਇਹ ਤਿੰਨੇ ਔਰਤਾਂ ਜਗਜੀਵਨ ਨੂੰ ਕੈਰੀਅਰ ਦੇ ਸਬੰਧ ਵਿਚ ਵੱਡਾ ਬਣਾਉਣ ਦੀਆਂ ਹਿੱਸੇਦਾਰ ਹਨ। ਕਹਾਣੀਕਾਰ ਦੇ ਦਿਮਾਗ ਵਿਚ ਅਚੇਤ-ਸੁਚੇਤ ਪੱਧਰ 'ਤੇ ਕਿਤੇ ਨ ਕਿਤੇ ਇਹ ਹੈ

ਕਿ ਹਰ 'ਵੱਡੇ ਆਦਮੀ ਪਿੱਛੇ ਔਰਤ ਦਾ ਹੱਥ ਹੁੰਦਾ ਹੈ। ਸੰਗੀਤਾ ਇਸ ਕਹਾਣੀ ਵਿਚ ਜਗਜੀਵਨ ਨੂੰ ਆਪਣੀ ਹਰ ਨਿੱਜੀ ਗੱਲ ਕਰਨ ਦੇ ਅਧਿਕਾਰ ਦੇ ਕੇ ਸੰਤੁਲਨ ਬਣਾਈ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਮਨਫ਼ੀ ਸੋਚ ਨਹੀਂ ਮੁਸਬਤ ਸੋਚ ਅੱਗੇ ਵਧਾਉਂਦੀ ਹੈ। ਲੇਖਕ ਨੇ ਕਹਾਣੀ ਵਿਚ ਚੀਨੀ ਦਰਸ਼ਨ ਦੇ ਸੰਕਲਪ 'ਯਿਨੇ ਯਾਂਗ ਨੂੰ ਅੰਤਰ-ਪਾਠ ਦੇ ਤੌਰ 'ਤੇ ਵਰਤਿਆ ਹੈ। ਸੱਚ ਦੇ ਦੋਵੇਂ ਪੱਖਾਂ ਵਿਚ ਇਕ ਦੂਜੇ ਦਾ ਬੀਜ ਹੁੰਦਾ ਹੈ। ਇਹ ਇਕ ਦੂਜੇ ਦੇ ਵਿਰੋਧੀ ਨਹੀਂ ਬਲਕਿ ਬਰਾਬਰ ਚਲਦੇ ਹਨ।

ਜਿੰਦਰ ਦੀ ਅਗਲੀ ਕਹਾਣੀ 'ਵਿੱਥਾਂ ਰੋਜੀ ਰੋਟੀ ਲਈ ਸਪੇਸ ਜਾਂ ਭੂਗੋਲ ਦੀ ਦੂਰੀ ਨੂੰ ਬਾਕੀ ਸਭ ਦੂਰੀਆਂ ਦਾ ਸੱਚ ਬਣਨ ਨੂੰ ਪੇਸ਼ ਕਰਦੀ ਹੈ। ਮੁੱਖ ਪਾਤਰ ਘਰ ਪਰਿਵਾਰ ਲਈ ਆਪਣਾ ਮੁਲਕ ਛੱਡ ਕੇ ਬਾਹਰਲੇ ਮੁਲਕ ਜਾਂਦਾ ਹੈ। ਇਹ ਭੂਗੋਲਿਕ ਵਿੱਥ ਸਰੀਰਕ ਵਿੱਥ ਬਣ ਜਾਂਦੀ ਹੈ ਅਤੇ ਸਰੀਰਕ ਵਿੱਥ ਅਖੀਰ ਮਾਨਸਿਕ ਵਿੱਥਾਂ ਪੈਦਾ ਕਰ ਦੇਂਦੀ ਹੈ। ਮੈਂ ਪਾਤਰ ਨੂੰ ਆਪਣੀ ਪਤਨੀ ਰਘੁਬੀਰ ਦਾ ਕਿੱਕਰ ਥੱਲੇ ਬੈਠੀ ਦਿਸਣਾ, 'ਰਾਹ ਨ੍ਹੀਂ ਤਾਂ 'ਕੁਰਾਹ ਦੇ ਕਹਿਣਾ, ਘਰ ਦੇ ਬਾਹਰ ਨਾਂ ਵਾਲੀ ਤਖ਼ਤੀ ਦੇ ਰੰਗਾਂ ਦਾ 'ਫਿੱਕਾ ਪੈਣਾ, 'ਸ਼ਹਿਤੂਤ ਗਾਇਬ, 'ਨਿੰਮ ਗਾਇਬ ਦੇਖ ਕੇ ਆਪਣੇ ਮਿੱਤਰਾਂ-ਦੋਸਤਾਂ ਦੀਆਂ ਗੱਲਾਂ ਯਾਦ ਆਉਂਦੀਆ ਹਨ ਕਿ ਜੇਕਰ ਆਦਮੀ ਔਰਤ ਬਗ਼ੈਰ ਨਹੀਂ ਰਹਿ ਸਕਦਾ ਤਾਂ ਔਰਤ ਵੀ ਨਹੀਂ ਰਹਿ ਸਕਦੀ। ਸਭ ਕੁਝ ਤਬਦੀਲ ਨਜ਼ਰ ਆ ਰਿਹਾ ਹੈ। ਰਘੁਬੀਰ ਦਾ ਕਹਿਣਾ 'ਤੁਸੀਂ ਤਾਂ ਐਦਾਂ ਆਏ ਹੋ ਜਿਵੇਂ ਕੋਈ ਪੁਲਸੀਆ ਅਚਾਨਕ ਛਾਪਾ ਮਾਰਦਾ ਹੈ ਅਤੇ ਪਤੀ ਦੇ ਤਿੰਨ ਹਫ਼ਤਿਆਂ ਦੀ ਛੁੱਟੀ ਬਾਰੇ ਸੋਚ ਕੇ ਲੰਮਾ ਹੌਕਾ ਭਰਨਾ ਕਈ ਮਜਬੂਰੀਆਂ ਤੇ ਇਛਾਵਾਂ ਵੱਲ ਸੰਕੇਤ ਕਰ ਜਾਂਦਾ ਹੈ।

'ਜ਼ਖ਼ਮ ਕਹਾਣੀ ਵੀ ਬੰਦੇ ਦੇ ਸਰੀਰਕ ਜਖ਼ਮਾਂ ਨੂੰ ਉਸ ਦੀ ਮਨੋਸਥਿਤੀ 'ਤੇ ਡੂੰਘੇ ਲਹਿ ਗਏ ਜ਼ਖ਼ਮਾਂ ਦੇ ਨਾਲ ਇਕ ਮਿਕ ਕਰਕੇ ਪੇਸ਼ ਕਰਦੀ ਹੈ। ਦੇਸ਼ ਵੰਡ ਸਮੇਂ ਮਾਰੇ ਬੱਚਿਆਂ ਦਾ ਬੋਝ ਬਿਰਤਾਂਤਕਾਰ ਦੇ ਤਾਏ ਦੇ ਮਨ ਅਤੇ ਸਰੀਰ ਲਈ ਵੱਡਾ ਜ਼ਖ਼ਮ ਬਣ ਜਾਂਦਾ ਹੈ। ਕਿਸੇ ਖਾਸ ਸਥਿਤੀ ਵਿਚ ਬੰਦਾ ਆਪਣੇ ਜਾਤੀ ਤੇ ਧਾਰਮਿਕ ਸੰਸਕਾਰਾਂ ਦੇ ਆਵੇਸ਼ ਅਧੀਨ ਬੰਦਾ ਹੀ ਨਹੀਂ ਨਹੀਂ ਰਹਿੰਦਾ, ਉਸ ਦਾ ਧਰਮੀ ਜਾਂ ਮਾਨਵੀ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ। ਕਹਾਣੀਕਾਰ ਮੁਤਾਬਕ ਮਨੁੱਖ ਦੇ ਕੀਤੇ ਘੋਰ ਪਾਪ ਇਕ ਦਿਨ ਉਸ ਦੀ ਆਤਮਾ ਦੇ ਲਾਇਲਾਜ ਤੇ ਰਿਸਦੇ ਜ਼ਖ਼ਮ ਬਣ ਜਾਂਦੇ ਹਨ। ਲੇਖਕ ਕਹਾਣੀ ਰਾਹੀਂ ਹਿੰਦੁਸਤਾਨ-ਪਾਕਿਸਤਾਨ ਵੰਡ ਦੇ ਕਾਰਨਾਂ ਦੀਆਂ ਕਈ ਪਰਤਾਂ ਖੋਲ੍ਹਦਾ ਵੀ ਨਜ਼ਰ ਆਉਂਦਾ ਹੈ।

*'ਨਹੀਂ, ਮੈਂ ਦਲਿਤ ਨਹੀਂ ਰਾਹੀਂ* ਅਜੋਕੇ ਮਨੁੱਖ ਦੀ ਜ਼ਿੰਦਗੀ ਦੀ ਬੈਲੰਸ ਸ਼ੀਟ 'ਤੇ ਉਸ ਨੇ ਕੀ ਕੀਤਾ, ਕੀ ਨ ਕੀਤਾ, ਕੀ ਪਾਇਆ ਤੇ ਕੀ ਗਵਾਇਆ ਦਾ ਸੰਤੁਲਨ-ਅਸੰਤੁਲਨ ਵਿਖਾਇਆ ਜਾ ਰਿਹਾ ਹੈ। ਮਨੁੱਖ ਦੇ ਮਨ ਅੰਦਰ ਜਾਤ, ਸੰਸਕਾਰ, ਵਿਚਾਰਧਾਰਾ ਦਾ ਸਾਰਾ ਤਾਣਾ ਉਲਝਿਆ ਪਿਆ ਹੈ। ਜ਼ਿੰਦਗੀ ਵਿਚੋਂ ਕੁਝ ਵੀ ਪੂਰੀ ਤਰ੍ਹਾਂ ਨਹੀਂ ਮਰਦਾ। ਬੰਦੇ ਦਾ ਮੁੱਲ ਜਾਤ ਨਾਲ ਹੈ ਜਾਂ ਵਿਚਾਰਧਾਰਾ ਨਾਲ, ਕਹਾਣੀ ਇਸ ਤਰ੍ਹਾਂ ਦੇ ਪ੍ਰਸ਼ਨ ਉਠਾ ਰਹੀ ਹੈ। ਬਿਰਤਾਂਤਕਾਰ ਜਾਤ ਪਾਤ ਦੇ ਸੰਸਕਾਰਾਂ ਤੋਂ ਇਨਕਾਰੀ ਵੀ ਜਾਪ ਰਿਹਾ ਹੈ ਪਰ ਸਭ ਕੁਝ ਜਾਤ ਅਧਾਰਤ ਵੀ ਨਜ਼ਰ ਆ ਰਿਹਾ ਹੈ। ਕਹਾਣੀ ਵਿਚ 'ਸੁਚੇਤਨਤਾ ਨਜ਼ਰ ਆ ਰਹੀ ਹੈ।

ਜਿੰਦਰ ਮਨੁੱਖੀ ਕਿਰਦਾਰ ਨੂੰ ਉਸ ਦੀ ਸਿਧ-ਪੁੱਠ ਦੀਆਂ ਬਹੁ-ਦਿਸ਼ਾਵਾਂ ਦੇ ਸਨਮੁੱਖ ਰੱਖਦਾ ਹੈ। ਜਿਵੇਂ ਇਹ ਕਿਹਾ ਜਾਂਦਾ ਹੈ ਕਿ ਉੱਤਰ-ਆਧੁਨਿਕਤਾ ਵਿਚ ਕੋਈ ਵੀ ਇਕ ਸੱਚ ਅੰਤਿਮ ਤੇ ਆਖਿਰ ਨਹੀਂ ਤਿਵੇਂ ਦੀ ਸਥਿਤੀ ਹੀ ਅਜੋਕੇ ਮਾਨਵ ਦੀ ਹੈ। ਅੱਜ ਦਾ ਮਨੁੱਖ ਨ ਇਕਹਰਾ ਹੈ, ਨ ਇਕ ਤਰਫ਼ੀ ਤੇ ਨ ਹੀ ਇਕ ਵਿਚਾਰ ਪੱਧਤੀ ਤੇ ਕੇਂਦਰਿਤ। ਇਸ ਦੇ ਸਿੱਟੇ ਵਜੋਂ



ਅਜੋਕਾ ਮਾਨਵ ਕਿਸੇ ਸੇਧ ਤੇ ਸਿਧਾਂਤ ਦੇ ਕੇਵਲ ਤੇ ਕੇਵਲ ਆਪਣੇ ਆਪ ਤੱਕ ਮਹਿਦੂਦ ਜਾਂ ਸਿਮਟਿਆ ਨਜ਼ਰ ਆਉਂਦਾ ਹੈ। ਅਜੋਕੀ ਮਨੋਸਥਿਤੀ ਵਿਚ ਨ ਕੋਈ ਦਿਸ਼ਾ ਹੈ ਨ ਦਸ਼ਾ, ਕੇਵਲ ਤੇ ਕੇਵਲ ਸਥਿਤੀ ਹੈ।

ਅੱਜ ਦੀ ਕਹਾਣੀ, ਵਿਸ਼ੇਸ਼ ਕਰਕੇ ਜਿੰਦਰ ਦੇ ਸੰਦਰਭ ਵਿਚ ਬੜੀ ਸੂਖਮਭਾਵੀ ਨਜ਼ਰ ਆ ਰਹੀ ਹੈ। ਜ਼ਿੰਦਗੀ ਪ੍ਰਤੀ ਸਮਝ ਨੂੰ ਹੋਰ ਮੁਕੰਮਲ, ਹੋਰ ਸਮਰੱਥ ਤੇ ਹੋਰ ਤਰੋਤਾਜ਼ਾ ਬਣਾਉਂਦੀ ਹੈ। ਇਸ ਵਿਚ ਕਿਸੇ ਸਰਲ-ਸਿੱਧੇ ਹੱਲ ਦੀ ਆਸ ਨਹੀਂ ਨਜ਼ਰ ਆਉਂਦੀ ਹੈ। ਜਿੰਦਰ ਦੀਆਂ ਕਹਾਣੀਆਂ ਦੇ ਪਾਤਰ ਆਪਣੀ ਸਥਿਤੀ ਪ੍ਰਤੀ ਸੁਚੇਤਨ ਤਾਂ ਹਨ ਪਰ ਉਹਨਾਂ ਵਿਚ ਆਪਣੀ ਦਸ਼ਾ ਜਾਂ ਦਿਸ਼ਾ 'ਚੋਂ ਪਾਸੇ ਜਾਣ ਦੀ ਕਿਰਿਆਸ਼ੀਲਤਾ ਨਹੀਂ ਹੈ। ਜਿਵੇਂ ਅੱਜ ਦਾ ਮਨੁੱਖ ਬਹੁ-ਭਾਵੀ ਵਿਚਾਰਾਂ ਕਾਰਣ ਦੁਚਿੱਤੀ ਤੇ ਬੇਯਕੀਨੀ ਦੀ ਹਾਲਤ ਵਿਚ ਹੈ ਤਿਵੇਂ ਦੀ ਸਥਿਤੀ ਹੀ ਜਿੰਦਰ ਦੇ ਪਾਤਰਾਂ ਦੀ ਹੈ। ਇਸ ਦੇ ਪਾਤਰਾਂ ਦੀ ਔਕਾਤ, ਸ਼ਨਾਖਤ ਤੇ ਰਫਤਾਰ ਬਿਲਕੁਲ ਹੀ ਅਜੋਕੇ ਮਾਨਵ ਨਾਲ ਬਰਮੇਚਦੀ ਨਜ਼ਰ ਆਉਂਦੀ ਹੈ। ਉਪਰ ਉਠਣ ਲਈ ਕਈ ਤਰ੍ਹਾਂ ਦੇ ਹੱਥ-ਕੰਡੇ ਅਪਣਾਏ ਜਾ ਰਹੇ ਹਨ। ਅਜੇਹੀ ਕਹਾਣੀ ਦੀ ਪੜ੍ਹਤ ਲਈ ਆਮ ਨਹੀਂ ਸੁਚੇਤਨ ਪਾਠਕ ਦੀ ਲੋੜ ਹੈ ਕਿਉਂਕਿ ਜਿੰਦਰ ਦੀਆਂ ਕਹਾਣੀਆਂ ਨ ਸਿੱਧੇ ਸਾਦੇ ਲਕੀਰੀ ਬਿਰਤਾਂਤ ਹਨ ਤੇ ਨ ਹੀ ਇਕ ਪਰਤੀ। ਅਜੋਕੀ ਮਾਨਸਿਕਤਾ ਵਾਂਗ ਜਿੰਦਰ ਦੀ ਕਹਾਣੀ ਵੀ ਜਲਿਟ ਹੈ।

ਜਿੰਦਰ ਦੀਆਂ ਕਹਾਣੀਆਂ ਦੇ ਪਾਤਰ ਵੱਖ ਵੱਖ ਭਾਵਾਂ ਨਾਲ ਲਬਰੇਜ਼ ਹਨ, ਭਾਵੁਕ ਹਨ, ਆਪਣੀ ਸਥਿਤੀ ਦੇ ਰੁ-ਬਰੂ ਹਨ। ਇਹ ਭਾਜਵਾਦੀ ਨਹੀਂ। ਜਿਵੇਂ ਕਿਵੇਂ ਇਹ ਜ਼ਿੰਦਗੀ ਨਾਲ ਦੋ ਚਾਰ ਹੋ ਰਹੇ ਹਨ। ਇਹ ਹੱਠੀ ਜਾਂ ਜ਼ਿੱਦੀ ਨਹੀਂ ਹਨ। ਹਰ ਕਿਰਿਆ ਪ੍ਰਕਿਰਿਆ ਪਾਤਰਾਂ ਤੇ ਅਸਰ-ਅੰਦਾਜ਼ ਹੁੰਦੀ ਹੈ। ਇਸੇ ਕਰਕੇ ਹੀ ਇਹ ਵਧੇਰੇ ਕਰਕੇ ਹੱਡ-ਮਾਸ ਦੇ ਜਿਉਂਦੇ ਜਾਗਦੇ ਜਾਪਦੇ ਹਨ। ਇਨ੍ਹਾਂ ਵਿਚ ਫਰੇਬ ਜਾਂ ਦੰਭ ਦੀ ਜਗ੍ਹਾ ਆਪਣੀ ਸਥਿਤੀ ਦਾ ਸੱਚ ਭਾਰੂ ਹੈ।

ਜਿੰਦਰ ਦੀਆਂ ਕਹਾਣੀਆਂ ਦੇ ਸਿਰਲੇਖ ਤੋਂ ਹੀ ਕਹਾਣੀ ਦੀ ਸਮੱਸਿਆ ਦੀ ਸੂੰਧਕ ਲੱਗ ਜਾਂਦੀ ਹੈ। ਜਿਵੇਂ ਕਿ ਲੇਖਕ ਨੇ ਇੰਟਰਵਿਊ ਵਿਚ ਹੀ ਕਿਹਾ ਹੈ ਕਿ ਕਈ ਵਾਰੀ ਸਿਰਲੇਖ ਉਸ ਦੇ ਦਿਮਾਗ ਵਿਚ ਪਹਿਲਾਂ ਆ ਜਾਂਦਾ ਹੈ। ਕੁਝ ਕਹਾਣੀਆਂ ਵਿਚ ਪਾਤਰਾਂ ਦੇ ਨਾਂ ਵੀ ਉਨ੍ਹਾਂ ਦੀ ਮਾਨਸਿਕਤਾ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਦੇ ਹਨ। 'ਔਕਾਤ ਦਾ ਮੋਹਨੀ, 'ਪਾਪ ਦਾ ਹਰਕਿਰਨ, 'ਕੁਰਬਾਨੀ ਦੀ ਸੰਗੀਤਾ ਆਦਿ ਪਾਤਰਾਂ ਦੇ ਨਾਂ ਉਨ੍ਹਾਂ ਦੀ ਮਨੋਸਥਿਤੀ ਦਾ ਝਰੋਖਾ ਹਨ। ਮਨੁੱਖ ਦੇ ਸੁਫਨੇ, ਡਰ, ਦੁਬਿਧਾ ਦੀ ਵਾਸਤਵਿਕਤਾ ਨੂੰ ਬਿਰਤਾਂਤ ਰਾਹੀਂ ਦਰਸਾਉਣ ਲਈ ਵਿਅੰਗ, ਵਿਰੋਧ, ਟਕਰਾਓ, ਪਿੱਛਲਝਾਤ, ਚੇਤਨਾ-ਪ੍ਰਵਾਹ, ਮਨੋਬਚਨੀ ਆਦਿ ਕਲਾਤਮਕ ਜੁਗਤਾਂ ਦੀ ਵਰਤੋਂ ਕੀਤੀ ਗਈ ਹੈ। ਜਿੰਦਰ ਵਿਅੰਗ, ਕਟਾਖ਼ਸ਼ ਤੇ ਸਵੈ-ਪੜਚੋਲ ਦੇ ਰੂਪ ਵਿਚ ਪਾਤਰਾਂ ਨੂੰ ਰਖਦਾ ਹੈ। ਉਸ ਦੀ ਕਹਾਣੀ ਢਾਸ ਨਹੀਂ ਹਲੂਣ ਦਿੰਦੀ ਹੈ। ਇਹ ਸੋਚਾਂ ਨਾਲ ਤਰੰਗ ਛੇੜਦੀ ਹੈ ਇਸੇ ਕਰਕੇ ਇਹਨਾਂ ਦਾ ਲਹਿਜ਼ਾ ਖੁਲ੍ਹੇ ਅੰਤ ਵਾਲਾ ਹੈ ਜੋ ਕਿ ਨਿੱਕੀ ਕਹਾਣੀ ਦੀ ਅਹਿਮ ਪ੍ਰਾਪਤੀ ਹੈ। ਇਸ ਦੀਆਂ ਕਹਾਣੀਆਂ ਉੱਤਮ-ਪੁਰਖੀ ਬਿਰਤਾਂਤ ਸ਼ੈਲੀ ਵਿਚ ਹੀ ਹਨ। ਇਸ ਵਿਚ ਵਾਪਰੇ ਤੱਥ ਤੇ ਸੱਚ 'ਮੈਂ ਪਾਤਰਾਂ ਦੀਆਂ ਸੋਚਾਂ ਵਿਚੋਂ ਸਾਹਮਣੇ ਆਉਂਦੇ ਹਨ। ਅਜਿਹੇ ਵਿਸ਼ੇਸ਼ ਕਲਾਤਮਕ ਗੁਣਾਂ ਕਰਕੇ ਜਿੰਦਰ ਚੌਥੀ ਪੀੜ੍ਹੀ ਵਿਚੋਂ ਸਿਰਕੱਢ ਕਹਾਣੀਕਾਰ ਨਜ਼ਰ ਆਉਂਦਾ ਹੈ।

**ਬਾਕੀ ਪੰਨਾ ਨੰ. 39 'ਤੇ**

# ਨਵੀਆਂ ਪੁਸਤਕਾਂ ਨੂੰ ਪੜ੍ਹਦਿਆਂ ਹੋਇਆਂ/ਜੇ.ਬੀ.ਸੇਖੋਂ

## ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਚੌਣਵੀਆਂ ਕਹਾਣੀਆਂ
## ਸੰਪਾਦਕ : ਬਲਦੇਵ ਸਿੰਘ ਬੱਦਨ

ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੰਜਾਬੀ ਦਾ ਸਰਬਾਗੀ ਲੇਖਕ ਰਿਹਾ ਹੈ। ਵਿਚਾਰ ਅਧੀਨ ਪੁਸਤਕ ਵਿੱਚ ਉਸ ਦੀਆਂ 47 ਚੌਣਵੀਆਂ ਕਹਾਣੀਆਂ ਸ਼ਾਮਿਲ ਹਨ। ਜਿਹੜੀਆਂ ਇਕ ਪਾਸੇ ਪੰਜਾਬੀ ਕਹਾਣੀ ਦੇ ਮੁੱਢਲੇ ਸਫ਼ਰ 'ਤੇ ਸ਼ਾਸਤਰ ਦੀਆਂ ਗਵਾਹ ਹਨ ਦੂਜੇ ਪਾਸੇ ਪ੍ਰੀਤਲੜੀ ਦੇ ਮੌਲਿਕ ਚਿੰਤਨ ਨੂੰ ਤਤਕਾਲੀ ਸਮੇਂ ਦੀਆਂ ਰੂੜ੍ਹਵਾਦੀ ਰਵਾਇਤਾਂ ਅਤੇ ਘਸੀਆਂ-ਪਿਟੀਆਂ ਸਮਾਜਕ ਕਦਰਾਂ-ਕੀਮਤਾਂ ਦੇ ਪ੍ਰਸੰਗ ਵਿ ਉਘਾੜਦੀਆਂ ਹਨ। ਪੰਜਾਬੀ ਕਹਾਣੀ ਪ੍ਰੀਤਲੜੀ ਦੇ ਹੱਥਾਂ ਵਿਚ ਸਾਹਿਤਕ ਤੇ ਇਤਿਹਾਸਕ ਪੱਖੋਂ ਅਮੀਰ ਹੋਈ ਹੈ। ਇਸ ਪੁਸਤਕ ਦੀ ਕਹਾਣੀ-ਚੋਣ ਕਮਾਲ ਦਰਜੇ ਦੀ ਹੈ। ਜਿਸ ਵਿਚ ਪਿਆਰ ਕਬਜ਼ਾ ਨਹੀਂ ਪਹਿਚਾਣ ਹੈ ਮੁਬੀਨਾ ਕਿ ਸੁਕੀਨਾ, ਵੀਣਾ ਵਿਨੋਦ, ਭਾਬੀ ਮੈਨਾ, ਦੋ ਯਾਦਗਾਰੀ ਆਂਸੂ, ਕਿਹੂ ਦਸ ਨੰਬਰੀਆ, ਪਹੁਤਾ ਪਾਂਧੀ, ਚੰਡੀ ਦਾਸ ਆਦਿ ਯਾਦਗਾਰੀ ਕਹਾਣੀਆਂ ਵੀ ਸ਼ਾਮਿਲ ਹਨ। ਲੇਖਕ ਦੀਆਂ ਕਹਾਣੀਆਂ ਆਪਣੇ ਵਿਸ਼ੇਗਤ ਸਰੂਪ, ਪਾਤਰ-ਚੋਣ, ਘਟਨਾਵੀਂ-ਵਿਵੇਕ ਬਿਰਤਾਂਤਕ-ਰਿਦਮ ਤੇ ਕਥਾਨਕ-ਸੰਗਠਨ ਪੱਖੋਂ ਸਹਿਜ ਤੇ ਸੁਹਜ ਭਰੇ ਬਿਰਤਾਂਤ ਸਿਰਜਦੀਆਂ ਹਨ। ਪੁਸਤਕ ਦੇ ਆਰੰਭ ਵਿੱਚ ਸੰਪਾਦਕ ਬਲਦੇਵ ਸਿੰਘ ਬੱਦਨ ਵਲੋਂ ਪ੍ਰੀਤਲੜੀ ਦੀਆਂਾਂ ਕਹਾਣੀਆਂ ਬਾਰੇ ਲਿਖਿਆ ਲੇਖ ਬੜਾ ਮੁੱਲਵਾਨ ਹੈ।

## ਨਾਨਕ ਸਿੰਘ ਦੀਆਂ ਚੌਣਵੀਆਂ ਕਹਾਣੀਆਂ
## ਸੰਪਾਦਕ : ਬਲਦੇਵ ਸਿੰਘ ਬੱਦਨ

ਨਾਨਕ ਸਿੰਘ ਪੰਜਾਬੀ ਦਾ ਮੋਢੀ ਕਹਾਣੀਕਾਰ ਹੈ ਜਿਸ ਦੀਆਂ ਚੌਣਵੀਆਂ ਇਕੱਤੀ ਕਹਾਣੀ ਵਿਚਾਰ ਅਧੀਨ ਪੁਸਤਕ ਵਿਚ ਸੰਕਲਿਤ ਕੀਤੀਆਂ ਗਈਅਆਂ ਹਨ। ਨਾਨਕ ਸਿੰਘ ਦੀਆਂ ਇਹ ਕਹਾਣੀਆਂ ਆਪਣੀਆਂ ਸਮਕਾਲੀ ਸਮਾਜਿਕ-ਸਭਿਆਚਾਰਕ ਸਥਿਤੀਆਂ ਨੂੰ ਵਿਰੋਧਾਭਾਸ਼ਕ ਬਿਰਤਾਂਤ ਵਿਚ ਬੰਨ੍ਹਦੀਆਂ ਸਦੀਵੀਂ ਜੀਵਨ-ਮੁੱਲਾਂ, ਸਮਾਜਿਕ ਆਦਰਸ਼ਾਂ ਤੇ ਨੈਤਿਕ ਪ੍ਰਤਿਮਾਨਾਂ ਨੂੰ ਉਜਾਗਰ ਕਰਦੀਆਂ ਹਨ। ਨਾਨਕ ਸਿੰਘ ਦੀਆਂ ਇਹਨਾਂ ਕਥਾਵਾਂ ਦੇ ਬਿਰਤਾਂਤ ਲਕੀਰੀ ਕਿਸਮ ਦੇ ਹਨ ਜਿਹਨਾਂ ਵਿਚਲੇ ਘਟਨਾਵੀਂ-ਪ੍ਰਬੰਧ ਮਹਿਜ ਸਧਾਰਨ, ਪਾਤਰ ਚੋਣ ਆਦਰਸ਼ਕਾਂ ਮੌਕਾ ਮੇਲ ਤੇ ਸੰਯੋਗ ਵਰਗੀਆਂ ਪਰੰਪਰਾਵਾਦੀ ਕਥਾ-ਜੁਗਤਾਂ, ਚੁਸਤ ਵਾਰਤਾਲਾਪ, ਉਦੇਸ਼ ਪ੍ਰਧਾਨ ਅੰਤ ਜਿਹੇ ਕਥਾ-ਲੱਛਣਣਾਂ ਦੀ ਬਹੁਤਾਂਤ ਹੈ। ਸੰਪਾਦਕ ਨੇ ਲੱਛਮੀ ਪੂਜਾ, ਸਿਉਂਕ, ਛੇੜਕਲੀ ਰਿਸ਼ਮ, ਮਨੋਵਾਲ ਤਿੰਨ ਮੰਦਰ ਵਿਸ਼ਵਾਸਬਾਤ ਇਨਾਮੀ ਕਹਾਣੀ ਆਦਿ ਕਹਾਣੀਆਂ ਨੂੰ ਪੁਸਤਕ ਵਿਚ ਸ਼ਾਮਿਲ ਕਰਕੇ ਨਾਨਕ ਸਿੰਘ ਦੇ ਮਨੋਵਿਗਿਆਨਕ-ਕਥਾਕਾਰ ਹੋਣ ਦੇ ਲੱਛਣ ਵੀ ਉਭਭਾਰੇ ਹਨ। ਪੁਸਤਕ ਦਾ ਸਵਾਗਤ ਕਰਨਾ ਬਣਦਾ ਹੈ।

## ਪਿਆਰਾ ਸਿੰਘ ਦਾਤਾ ਦਾ ਚੋਣਵਾਂ ਹਾਸ-ਵਿਅੰਗ
## ਸੰਪਾਦਕ : ਕੇ. ਐਲ. ਗਰਗ

ਪਿਆਰਾ ਸਿੰਘ ਦਾਤਾ ਪੰਜਾਬੀ ਹਾਸ-ਵਿਅੰਗ ਦਾ ਸ਼ਾਹਸਵਾਰ ਰਿਹਾ ਹੈ। ਕਿਸੇ ਵੇਲੇ ਪੰਜਾਬੀ ਸਾਹਿਤ ਵਿਚ ਹਾਸ-ਵਿਅੰਗ ਦੀ ਪੂਰੀ ਚੜ੍ਹਤ ਸੀ। ਉਦੋਂ ਗੁਰਨਾਮ ਸਿੰਘ ਤੀਰ, ਸੂਬਾ ਸਿੰਘ, ਅਨੰਤ ਸਿੰਘ ਕਾਬਲੀ ਅਤੇ ਪਿਆਰਾ ਸਿੰਘ ਦਾਤਾ ਦੀਆਂ ਕਾਵਿ ਤੇ ਵਾਰਤਕ ਰਚਨਾਵਾਂ



ਦੀ ਪਾਠਕਾਂ ਵਲੋਂ ਬੇਸਬਰੀ ਨਾਲ ਉਡੀਕ ਕੀਤੀ ਜਾਂਦੀ ਸੀ। ਇਹ ਸੰਗ੍ਰਹਿ ਵਿਅੰਗ ਲੇਖਕ ਕੇ. ਐਲ. ਗਰਗ ਵਲੋਂ ਸੰਪਾਦਤ ਹੈ ਜਿਸ ਵਿਚ ਪਿਆਰਾ ਸਿੰਘ ਦਾਤਾ ਦੀਆਂ ਚੋਣਵੀਆਂ ਹਾਸ-ਰਸੀ ਵਾਰਤਕ ਰਚਨਾਵਾਂ ਪੇਸ਼ ਕੀਤੀਆਂ ਹਨ। ਉਹਨਾਂ ਦੀਆਂ ਰਚਨਾਵਾਂ ਸਮਕਾਲੀ ਸਮਾਜਕ-ਯਥਾਰਥ ਤੇ ਹਲਕੀਆਂ-ਫੁਲਕੀਆਂ ਟਕੋਰਾਂ ਹਨ ਜਿਹੜੀਆਂ ਆਧੁਨਿਕ ਮਨੁੱਖ ਦੀ ਤੇਜ਼ ਰਫ਼ਤਾਰ ਜੀਵਨ ਸ਼ੈਲੀ ਤੇ ਬਣਾਉਟੀ ਰੂਪ ਧਾਰਨ ਕਰ ਰਹੇ ਸਮਾਜਿਕ ਚੌਗਿਰਦੇ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਕਰਦੀਆਂ ਹਨ। ਪੁਸਤਕ ਦੇ 59 ਲੇਖ ਵਿਲੱਖਣ ਕਿਸਮ ਦੀ ਹਾਸ-ਪ੍ਰਕਿਰਿਆ ਪੈਦਾ ਕਰਦੇ ਹਨ ਜਿਹਨਾਂ ਨੂੰ ਪੜ੍ਹ ਕੇ ਪ੍ਰਸਿੱਧ ਮਨੋਵਿਗਿਆਨੀ ਸਿੰਗਮੰਡ ਫਰਾਇਡ ਦੀ ਉਕਤੀ ਯਾਦ ਆ ਜਾਂਦੀ ਹੈ ਕਿ ਅਕਲ ਨਾਲ ਹਾਸੇ ਦਾ ਆਨੰਦ ਦੁਗਣਾ ਹੋ ਜਾਂਦਾ ਹੈ। ਸੰਗ੍ਰਹਿ ਪੰਜਾਬੀ ਹਾਸ ਤੇ ਵਿਅੰਗ ਦਾ ਸੁੰਦਰ ਸੁਮੇਲ ਹੈ।

## ਨਵਤੇਜ ਸਿੰਘ ਦੀਆਂ ਚੋਣਵੀਆਂ ਕਹਾਣੀਆਂ
## ਸੰਪਾਦਕ : ਬਲਦੇਵ ਸਿੰਘ ਬੱਧਨ

ਨਵਤੇਜ ਸਿੰਘ ਪੰਜਾਬੀ ਦਾ ਪ੍ਰਗਤੀਵਾਦੀ ਮਾਨਵਵਾਦੀ ਕਹਾਣੀਕਾਰ ਹੋਇਆ ਹੈ ਜਿਸਨੇ ਨਾ ਸਿਰਫ ਪੰਜਾਬੀ ਕਹਾਣੀ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਬਲਕਿ ਕਹਾਣੀ ਨੂੰ ਵਿਸ਼ੇ ਤੇ ਰੂਪ ਪੱਖੋਂ ਨਵੀਂ ਸੇਧ ਦਿੱਤੀ। ਸੰਪਾਦਕ ਬਲਦੇਵ ਸਿੰਘ ਬੱਦਨ ਵਲੋਂ ਨਵਤੇਜ ਦੀਆਂ 43 ਚੋਣਵੀਆਂ ਕਹਾਣੀਆਂ ਨੂੰ ਵਿਚਾਰ ਅਧੀਨ ਪੁਸਤਕ ਵਿਚ ਸੰਪਾਦਤ ਕੀਤਾ ਗਿਆ ਹੈ। ਵਧੀਆ ਸੰਪਾਦਕੀ ਚੋਣ ਕਾਰਨ ਪਾਠਕਾਂ ਨੂੰ ਲੇਖਕ ਦੀਆਂ ਪਾਤਰ ਪ੍ਰਧਾਨ, ਘਟਨਾ ਪ੍ਰਧਾਨ ਤੇ ਵਿਸ਼ੇ ਪ੍ਰਧਾਨ ਕਿਸਮ ਦੀਆਂ ਸੰਵੇਦਨਸ਼ੀਲ ਤੇ ਅਗਾਂਹਵਧੂ ਕਹਾਣੀਆਂ ਇਕੋ ਥਾਂ ਪੜ੍ਹਨ ਨੂੰ ਮਿਲ ਰਹੀਆਂ ਹਨ। ਲੇਖਕ ਪੇਂਡੂ ਤੇ ਸ਼ਹਿਰੀ ਪਿਛੋਕੜ ਵਾਲੇ ਸਮਾਜ ਦੇ ਹਰ ਵਰਗ ਤੋਂ ਯਥਾਰਥਕ ਪਾਤਰ ਪੇਸ਼ ਕਰਕੇ ਉਹਨਾਂ ਦੇ ਮਨੋ-ਯਥਾਰਥ ਤੇ ਸਮਾਜਕ-ਸੱਚ ਨੂੰ ਸੁਹਜਮਈ ਢੰਗ ਨਾਲ ਚਿਤਰਦਾ ਹੈ। ਪੁਸਤਕ ਵਿੱਚ ਨਵਤੇਜ ਦੀਆਂ ਕਈ ਅਣਗੌਲੀਆਂ ਕਹਾਣੀਆਂ ਸ਼ਾਮਿਲ ਕਰਕੇ ਸੰਪਾਦਕ ਨੇ ਆਪਣੀ ਕੁਸ਼ਲ ਚੋਣ ਤੇ ਸਾਹਿਤਕ ਸੂਝ-ਬੂਝ ਦਰਸਾਈ ਹੈ। ਪੁਸਤਕ ਦੀ ਦਿੱਖ ਤੇ ਛਪਾਈ ਸ਼ਲਾਘਾਯੋਗ ਹੈ।

## ਸੁਲਤਾਨ ਬਾਹੂ ਦੀ ਪੰਜਾਬੀ ਕਵਿਤਾ (ਜੀਵਨੀ ਸਾਧਨਾ ਅਤੇ ਮੂਲ ਪਾਠ)
## -ਡਾ. ਨਰੇਸ਼

ਡਾ. ਨਰੇਸ਼ ਸੂਫ਼ੀ ਕਾਵਿ ਦੀ ਆਧਿਆਤਮ-ਚੇਤਨਾ, ਦਾਰਸ਼ਨਿਕ ਚਿੰਤਨ ਤੇ ਸਾਧਨਾ-ਪਥ ਸੰਬੰਧੀ ਲਿਖਣ ਵਾਲੇ ਪ੍ਰਤੀਬੱਧ ਰਚਨਾਕਾਰ ਹਨ। ਇਸ ਪੁਸਤਕ ਵਿਚ ਉਹਨਾਂ ਨੇ ਪੰਜਾਬੀ ਦੇ ਪ੍ਰਸਿੱਧ ਸੂਫ਼ੀ ਸੁਲਤਾਨ ਬਾਹੂ ਦੀ ਜੀਵਨੀ, ਸੂਫ਼ੀ-ਰਚਨਾ ਅਤੇ ਵਿਚਾਰਧਾਰਕ ਚਿੰਤਨ ਨੂੰ ਆਮ ਪਾਠਕਾਂ ਦੀ ਸੂਝ-ਬੂਝ ਦੇ ਅਨੁਕੂਲ ਪੇਸ਼ ਕੀਤਾ ਹੈ। ਸੂਫ਼ੀਆਂ ਦੇ ਕਲਾਮ ਸੰਬੰਧੀ ਪਾਠਾਂਤਰ ਉਪਲਬਧ ਹੋਣ ਦੀ ਦਿੱਕਤ ਤੋਂ ਬਚਣ ਲਈ ਪੁਸਤਕ ਵਿਚ ਸੁਲਤਾਨ ਬਾਹੂ ਦੀ ਮੂਲ ਰਚਨਾ ਜਿਹੜੀ ਕਿ ਪਾਕਿਸਤਾਨ ਵਿਚ ਮੁਹੰਮਦ ਸਾਕਿਬ ਵਲੋਂ ਸੰਕਲਿਤ ਕੀਤੀ ਗਈ ਹੈ, ਨੂੰ ਆਧਾਰ ਬਣਾਇਆ ਗਿਆ ਹੈ। ਲੇਖਕ ਸੁਲਤਾਨ ਬਾਹੂ ਦੀ ਵਿਲੱਖਣ ਜੀਵਨੀ, ਸੰਪਰਦਾਇਕ ਪਿਛੋਕੜ ਤੇ ਆਧਿਆਤਮਕ ਸਾਧਨਾ ਨੂੰ ਸਤਾਰ੍ਹਵੀਂ ਸਦੀ ਦੇ ਸੂਫ਼ੀ ਕਾਵਿ-ਚਿੰਤਨ ਦੇ ਪ੍ਰਸੰਗ ਵਿਚ ਰੱਖ ਕੇ ਵਿਚਾਰਦਾ ਹੈ। ਬਾਹੂ ਦੀ ਮੂਲ ਰਚਨਾ ਦਾ ਸੌਖੀ ਭਾਸ਼ਾ ਵਿਚ ਵਿਵੇਚਨ ਕਰਕੇ ਇਹ ਪੁਸਤਕ ਹਰ ਆਮ-ਖਾਸ ਪਾਠਕਾਂ ਦੇ ਮਾਨਸਿਕ ਪੱਧਰ ਦੀ ਹੈ।

### ਵਿਸ਼ਣੂ ਪ੍ਰਭਾਕਰ ਦੀਆਂ ਚੋਣਵੀਆਂ ਕਹਾਣੀਆਂ
### ਅਨੁਵਾਦਿਕਾ : ਡਾ. ਜਸਵਿੰਦਰ ਕੌਰ ਬਿੰਦਰਾ

ਹਿੰਦੀ ਕਹਾਣੀ ਦੇ ਖੇਤਰ ਵਿਚ ਕਥਾਕਾਰ ਵਿਸ਼ਣੂ ਪ੍ਰਭਾਕਰ ਦਾ ਮਹੱਤਵਪੂਰਨ ਸਥਾਨ ਹੈ। ਇਸ ਸੰਗ੍ਰਹਿ ਵਿਚ ਉਹਨਾਂ ਦੀਆਂ ਅਠਾਰਾਂ ਕਹਾਣੀਆਂ ਨੂੰ ਪੰਜਾਬੀ ਕਹਾਣੀ ਦੀ ਆਲੋਚਕਾ ਡਾ. ਜਸਵਿੰਦਰ ਕੌਰ ਬਿੰਦਰਾ ਨੇ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਵਿਸ਼ਣੂ ਪ੍ਰਭਾਕਰ ਦੀਆਂ ਕਹਾਣੀਆਂ ਦਾ ਰਚਨਾ-ਕਾਲ ਵੀਹਵੀਂ ਸਦੀ ਦੇ ਚੌਥੇ ਦਹਾਕੇ ਤੋਂ ਨੌਂਵੇਂ ਦਹਾਕੇ ਤੱਕ ਫੈਲਿਆ ਹੋਇਆ ਹੈ। ਉਹਨਾਂ ਦੀਆਂ ਕਹਾਣੀਆਂ ਅੰਗਰੇਜ਼ੀ ਰਾਜ ਅਧੀਨ ਭਾਰਤੀ ਸਮਾਜ ਦੇ ਮਜ਼੍ਹਬੀ ਚਰਿੱਤਰ, ਮੱਧਵਰਗੀ ਸ਼੍ਰੇਣੀ ਦੇ ਆਰਥਿਕ, ਪਰਿਵਾਰਕ ਤੇ ਸਮਾਜਕ ਸਰੋਕਾਰਾਂ, ਔਰਤ ਦੀ ਦਮਨਕਾਰੀ ਸਥਿਤੀ ਅਤੇ ਕੁਲ ਮਿਲਾ ਕੇ ਭਾਰਤੀ ਸਮਾਜ ਦੀਆਂ ਅੰਤਰੰਗ ਤੇ ਬਾਹਰਮੁਖੀ ਪਰਿਸਥਿਤੀਆਂ ਨੂੰ ਸਹਿਜ ਤੇ ਸਾਦਗੀ ਭਰੇ ਗਲਪੀ-ਮੁਹਾਵਰੇ ਵਿਚ ਪੇਸ਼ ਕਰਦੀਆਂ ਹਨ। ਹਥਲੇ ਸੰਗ੍ਰਹਿ ਵਿਚ ਬਟਵਾਰਾ, ਟਾਂਗੇ ਵਾਲਾ, ਨਾਗ-ਫਾਂਸ, ਕਰਫਿਊ ਤੇ ਆਦਮੀ ਇਕ ਹੋਰ ਵਿਭਚਾਰਣੀ, ਚਾਚੀ, ਸਾਨੂੰ ਢਾਹਣ ਵਾਲੇ ਅਤੇ ਲਾਵਾ ਆਦਿ ਕਹਾਣੀਆਂ ਆਪਣੀ ਵਿਸ਼ੇਸ਼ਗਤ ਨੁਹਾਰ ਤੇ ਸ਼ਿਲਪ ਵਿਧਾਨ ਨੂੰ ਤਤਕਾਲੀ ਸਮਾਜਕ ਪ੍ਰਸੰਗਾਂ ਮੁਤਾਬਕ ਪੇਸ਼ ਕਰਦੀਆਂ ਹਨ। ਮਨੁੱਖ ਦੀ ਨਿੱਜਤਾ, ਕਰੁਣਾ ਤੇ ਤ੍ਰਾਸ ਉਹਨਾਂ ਦੀਆਂ ਕਥਾਵਾਂ ਦਾ ਕੇਂਦਰੀ ਸਰੋਕਾਰ ਹੈ। ਪੁਸਤਕ ਅਨੁਵਾਦਤ ਹੁੰਦੇ ਹੋਇਆਂ ਵੀ ਮੂਲ ਪੰਜਾਬੀ ਭਾਸ਼ਾਈ ਜਾਪਦੀ ਹੈ।

**ਨੋਟ : ਉਪਰੋਕਤ ਸਾਰੀਆਂ ਪੁਸਤਕਾਂ ਨੈਸ਼ਨਲ ਬੁੱਕ ਟਰੱਸਟ, ਦਿੱਲੀ ਵਲੋਂ ਛਾਪੀਆਂ ਗਈਆਂ ਹਨ।**

### ਮਿਸ਼ਨ ਗੰਗੋਤਰੀ
### ਰਾਜਿੰਦਰ ਬਿਬਰਾ
### ਉਡਾਨ ਪਬਲੀਕੇਸ਼ਨ, ਮਾਨਸਾ

ਰਾਜਿੰਦਰ ਬਿਬਰਾ ਵਲੋਂ ਲਿਖਿਆ ਗਿਆ 'ਮਿਸ਼ਨ ਗੰਗੋਤਰੀ' ਨਾਵਲ ਪੰਜਾਬੀ ਭਾਸ਼ਾ ਵਿਚ ਅਮਲੋਂ ਨਵੀਂ ਕਥਾ-ਟੈਕਸਟ ਵਾਲਾ ਹੈ। ਨਾਵਲੀ ਬਿਰਤਾਂਤ ਭਾਰਤ ਦੇ ਰਾਸ਼ਟਰੀ ਤੇ ਵਿਸ਼ਵ ਦੇ ਅੰਤਰ ਰਾਸ਼ਟਰੀ ਸਰੋਕਾਰਾਂ ਨੂੰ ਉਭਾਰਦਾ ਦੁਨੀਆਂ ਵਿਚ ਫੈਲੇ ਅੱਤਵਾਦੀ ਸੰਗਠਨਾਂ ਵਲੋਂ ਤੇ ਦੁਸ਼ਮਣ ਦੇਸ਼ਾਂ ਵਲੋਂ ਮਨੁੱਖਤਾ ਦੀ ਤਬਾਹੀ ਲਈ ਭਵਿੱਖ ਵਿਚ ਵਰਤੇ ਜਾਣ ਵਾਲੇ ਰਸਾਇਣਕ, ਜੈਵਿਕ ਪਰਮਾਣੂ ਅਤੇ ਰੇਡੀਓ ਧਰਮੀ ਹਥਿਆਰਾਂ ਦੀ ਵਰਤੋਂ, ਪ੍ਰਭਾਵ ਤੇ ਸਿੱਟਿਆਂ ਬਾਰੇ ਖੌਫਜ਼ਦਾ ਕਥਾ-ਵੇਰਵੇ ਪੇਸ਼ ਕਰਦਾ ਹੈ। ਲੇਖਕ ਭਾਰਤ, ਰੂਸ, ਚੀਨ, ਅਮਰੀਕਾ ਤੇ ਏਸ਼ੀਆ ਦੇ ਕੁਝ ਹੋਰ ਦੇਸ਼ਾਂ ਦੀ ਸੁਰੱਖਿਆ ਨੀਤੀ, ਹਥਿਆਰਾਂ, ਨਸ਼ਿਆਂ ਦੀ ਸਮਗਲਿੰਗ, ਨੇਤਾਵਾਂ-ਅਫਸਰਾਂ ਦੇ ਦੋਗਲੇ ਕਿਰਦਾਰ ਨੂੰ ਨਾਵਲੀ ਕਥਾਨਕ ਦਾ ਆਧਾਰ ਬਣਾ ਕੇ ਮਾਨਵਤਾ ਨੂੰ ਉਸ ਬਾਰੂਦ ਦੇ ਢੇਰ 'ਤੇ ਬੈਠੀ ਸਿੱਧ ਕਰਦਾ ਹੈ ਜਿਹੜਾ ਸਮਕਾਲੀ ਤਾਕਤਵਰ ਮੁਲਕਾਂ ਦੀ ਸਵਾਰਥੀ ਪਹੁੰਚ ਤੇ ਹਥਿਆਰਾਂ ਦੀ ਦੌੜ ਨਾਲ ਜੁੜਿਆ ਹੈ। ਨਾਵਲਕਾਰ ਭਾਰਤੀ ਸੁਰੱਖਿਆ ਏਜੰਸੀ ਰਾਅ ਦੇ ਕਾਰਕੁੰਨ ਯੁੱਧਵੀਰ ਦੇ ਮਾਧਿਅਮ ਨਾਲ ਦੁਸ਼ਮਣ ਦੇਸ਼ ਵਲੋਂ ਭਾਰਤ ਦੀ ਪਵਿੱਤਰ ਨਦੀ ਗੰਗਾ ਵਿਚ ਰਸਾਇਣਕ ਜੈਵਿਕ ਜੀਵਾਣੂ ਮਿਲਾ ਕੇ ਨਿਰਦੋਸ਼ ਲੋਕਾਂ ਦੀ ਤਬਾਹੀ ਹੋਣ ਤੋਂ ਹੀ ਨਹੀਂ ਰੋਕਦਾ ਬਲਕਿ ਅਮਰੀਕਾ, ਸਾਊਦੀ ਅਰਬ ਤੇ ਹੋਰ ਦੇਸ਼ਾਂ ਵਿਚ ਸੁਰੱਖਿਆ ਸੰਬੰਧੀ ਵਿਭਿੰਨ ਦੇਸ਼ਾਂ ਦੇ ਪ੍ਰਤੀਨਿਧੀਆਂ ਨਾਲ ਡੂੰਘਾ ਵਾਰਤਾਲਾਪ ਰਚਾ ਕੇ ਭਾਰਤੀ ਸੁਰੱਖਿਆ ਨੀਤੀ ਤੇ ਦੁਸ਼ਮਣ ਦੇਸ਼ਾਂ ਦੀਆਂ ਕਟਨੀਤਕ ਚਾਲਾਂ ਨੂੰ ਭਲੀ-ਭਾਂਤ ਉਜਾਗਰ ਕਰਦਾ ਹੈ। ਲੇਖਕ ਨੂੰ ਵਿਭਿੰਨ ਦੇਸ਼ਾਂ ਵਲੋਂ ਪਿਛਲੀ ਸਦੀ ਦੌਰਾਨ



ਘੜੀਆਂ ਰਾਜਨੀਤੀਆਂ ਦੀ ਭਲੀ-ਭਾਂਤ ਸਮਝ ਹੈ ਤੇ ਰਾਸ਼ਟਰੀ, ਅੰਤਰ-ਰਾਸ਼ਟਰੀ ਮਸਲਿਆਂ ਨੂੰ ਵਿਭਿੰਨ ਦ੍ਰਿਸ਼ਟੀਆਂ ਤੋਂ ਦੇਖਣ-ਪਰਖਣ ਦਾ ਗਿਆਨ ਹੈ। ਵਾਰਤਾਲਪੀ, ਸੂਚਨਾਵੀ ਤੇ ਵੇਰਵਿਆਂ ਦੀ ਪੇਸ਼ਕਾਰੀ ਬੇਸ਼ੱਕ ਬਿਰਤਾਂਤਕ-ਜੁਗਤਾਂ ਦੀ ਅਨੁਸਾਰੀ ਨਹੀਂ ਪਰ ਫਿਰ ਵੀ ਵਿਸ਼ੇ-ਵਸਤੂ ਪੱਖੋਂ ਪੰਜਾਬੀ ਨਾਵਲ-ਜਗਤ ਨੂੰ ਸਾਇੰਸ-ਫਿਕਸ਼ਨ ਵਰਗੀ ਵਿਧਾ ਹਥਲੇ ਨਾਵਲ ਦੁਆਰਾ ਪ੍ਰਾਪਤ ਹੋਈ ਹੈ।

### ਪੰਜਾਬੀ ਕਹਾਣੀ ਵਿਚਾਰ ਤੇ ਵਿਸਥਾਰ
### ਸੰਪਾਦਕ : ਡਾ. ਜਸਵਿੰਦਰ ਕੌਰ ਬਿੰਦਰਾ
### ਸੁੰਦਰ ਬੁੱਕ ਡਿਪੋ, ਜਲੰਧਰ

ਪੰਜਾਬੀ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਸਮਕਾਲੀ ਕਹਾਣੀ ਆਪਣੀ ਵਿਸ਼ੇਸ਼ਗਤ ਚੇਤਨਾ ਤੇ ਵਿਧਾਗਤ ਸਰੂਪ ਸਦਕਾ ਪਾਠਕਾਂ, ਆਲੋਚਕਾਂ ਤੇ ਬੁੱਧੀਜੀਵੀਆਂ ਦਾ ਖਾਸ ਧਿਆਨ ਖਿੱਚ ਰਹੀ ਹੈ। ਵਿਚਾਰ ਅਧੀਨ ਪੁਸਤਕ ਪੰਜਾਬੀ ਦੀ ਜਾਣੀ-ਪਹਿਚਾਣੀ ਕਹਾਣੀ ਆਲੋਚਕਾ ਡਾ. ਜਸਵਿੰਦਰ ਕੌਰ ਬਿੰਦਰਾ ਵਲੋਂ ਸੰਪਾਦਤ ਕੀਤੀ ਗਈ ਹੈ ਜਿਸ ਵਿਚ ਵਿਦਵਾਨ ਆਲੋਚਕਾਂ, ਲੇਖਕਾਂ ਤੇ ਚਿੰਤਕਾਂ ਦੇ ਸਮਕਾਲੀ ਕਹਾਣੀ ਦੇ ਵਿਕਲੋਤਰੇ ਸਰੂਪ ਬਾਰੇ ਬਾਈ ਲੇਖ ਸ਼ਾਮਿਲ ਹਨ। ਪੁਸਤਕ ਵਿਚ ਸ਼ਾਮਿਲ ਆਲੋਚਨਾਤਮਕ ਲੇਖ ਸੰਪਾਦਕਾਂ ਦੀ ਨਿੱਗਰ ਚੋਣ-ਦ੍ਰਿਸ਼ਟੀ ਦੇ ਪ੍ਰਮਾਣ ਹਨ। ਕਿਤਾਬ ਵਿਚ ਸਮਕਾਲੀ ਕਹਾਣੀ ਦੇ ਪੰਜ ਰਚਨਾਕਾਰਾਂ ਦੀ ਇਕ-ਇਕ ਕਹਾਣੀ ਦਾ ਮਾਈਕਰੋ ਅਧਿਐਨ ਵੀ ਕੀਤਾ ਗਿਆ ਹੈ। ਇਹਨਾਂ ਵਿਚ ਪ੍ਰੇਮ ਪ੍ਰਕਾਸ਼ ਦੀ ਕਹਾਣੀ ਡੈਡ ਲਾਈਨ, ਵਿਰਕ ਦੀ ਖੱਬਲ, ਜਿੰਦਰ ਦੀ ਬਿਨ੍ਹਾਂ ਵਜ੍ਹਾ ਤਾਂ ਨਹੀਂ ਤੇ ਕਤਲ, ਮੋਹਨ ਭੰਡਾਰੀ ਦੀ ਕਬੂਤਰ, ਤਲਵਿੰਦਰ ਦੀ ਵਿਚਲੀ ਔਰਤ ਅਤੇ ਜਰਨੈਲ ਸਿੰਘ ਦੀ ਦੋ ਟਾਪੂ ਸ਼ਾਮਿਲ ਹੈ। ਇਸ ਤੋਂ ਇਲਾਵਾ ਪੁਸਤਕ ਵਿਚ ਸ਼ਾਮਿਲ ਲੇਖ ਸਮਕਾਲੀ ਕਹਾਣੀ ਦੇ ਵਿਭਿੰਨ ਵਿਸ਼ਿਆਂ ਨੂੰ ਆਪਣੇ ਕਲੇਵਰ ਲੈਂਦੇ ਕਹਾਣੀ ਦੀਆਂ ਵੱਖ-ਵੱਖ ਨਿਭਾਅ-ਜੁਗਤਾਂ ਬਾਰੇ ਠੋਸ ਚਿੰਤਨ ਕਰਦੇ ਹਨ। ਕਿਤਾਬ ਅੰਦਰਲੇ ਕੁਝ ਲੇਖ ਕਹਾਣੀ ਦੀ ਬੁਨਿਆਦੀ ਸੰਰਚਨਾ, ਬਿਰਤਾਂਤਕ ਸੰਗਠਨ ਅਤੇ ਭਾਸ਼ਾਈ ਚੇਤਨਾ ਸੰਬੰਧੀ ਠੋਸ ਸੰਵਾਦ ਰਚਾਉਂਦੇ ਹਨ। ਸਿਧਾਂਤਕ ਪਰਿਪੇਖ ਨੂੰ ਉਭਾਰਦੇ ਇਹਨਾਂ ਲੇਖਾਂ ਨੂੰ ਜਗਜੀਤ ਬਰਾੜ, ਡਾ. ਗਰਲਾਲ ਸਿੰਘ, ਸਵਰਨ ਚੰਦਨ ਵਲੋਂ ਲਿਖਿਆ ਗਿਆ ਹੈ। ਕਿਤਾਬ ਵਿਚ ਵਿਦਵਾਨ ਚਿੰਤਕਾਂ ਡਾ. ਧਨਵੰਤ ਕੌਰ, ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਬਲਕਾਰ ਸਿੰਘ, ਡਾ. ਜਸਵਿੰਦਰ ਕੌਰ ਬਿੰਦਰਾ, ਹਰਜਿੰਦਰ ਸਿੰਘ ਅਟਵਾਲ, ਡਾ. ਬਲਕਾਰ ਸਿੰਘ, ਡਾ. ਬਲਵੰਤ ਸਿੰਘ ਸੰਧੂ, ਡਾ. ਮਨਿੰਦਰ ਕਾਂਗ, ਡਾ. ਦਲਜੀਤ ਸਿੰਘ, ਡਾ. ਮਹਿਲ ਸਿੰਘ. ਡਾ. ਰਮਿੰਦਰ ਕੌਰ, ਡਾ. ਗੁਰਪਾਲ ਸੰਧੂ ਤੇ ਡਾ. ਰਵਿੰਦਰ ਰਵੀ ਦੇ ਲੇਖ ਆਧੁਨਿਕ ਪੰਜਾਬੀ ਦੇ ਵਿਸ਼ੇਸ਼ਗਤ ਸਰੂਪ ਵਿਚ ਆਏ ਪਰਿਵਰਤਨਾਂ, ਨਵੀਨ ਸਰੋਕਾਰਾਂ ਆਦਿ ਸਮੇਤ ਕਹਾਣੀ ਦੀਆਂ ਜੁਗਤਾਂ ਵਿਚ ਆਈਆਂ ਤਬਦੀਲੀਆਂ ਨੂੰ ਬੜੀ ਡੂੰਘਾਈ ਨਾਲ ਪੇਸ਼ ਕਰਦੇ ਹਨ। ਪੁਸਤਕ ਲੇਖਕਾਂ, ਪਾਠਕਾਂ, ਆਲੋਚਕਾਂ ਤੇ ਖੋਜਾਰਥੀਆਂ ਲਈ ਬੜੀ ਮੁੱਲਵਾਨ ਸਿੱਧ ਹੋਵੇਗੀ।

### ਇਹ ਅਜਬ ਬੰਦੇ/ਮੋਹਨ ਭੰਡਾਰੀ
### ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ


ਭੂਮਿਕਾ 'ਚ ਮੋਹਨ ਭੰਡਾਰੀ ਲਿਖਦੇ/ਸਪੱਸ਼ਟ ਕਰਦੇ ਹਨ : "ਮੈਂ ਇਨਸਾਨੀ ਫਿਤਰਤ ਦਾ ਵਿਦਿਆਰਥੀ ਆਂ। ਇਸ ਦੇ ਅਨੇਕਾਂ ਰੰਗ ਨੇ। ਮਨੁੱਖ ਮਨ ਦੀ ਥਾਹ ਪਾਉਣੀ ਜਣੇ ਖਣੇ ਦੇ ਵੱਸ ਦੀ

ਗੱਲ ਨਹੀਂ। ਹਾਸੋਹੀਣੀ ਗੱਲ ਉਦੋਂ ਹੋ ਜਾਂਦੀ ਹੈ, ਜਦੋਂ ਬੰਦਾ ਡੂੰਘੇ ਸਮੁੰਦਰਾਂ ’ਚ ਗੋਤੇ ਲਾਉਣ ਦੀਆਂ ਗੱਲਾਂ ਕਰਦਾ-ਕਰਦਾ, ਛੱਪੜਾਂ ਦੇ ਕੀਰਨੇ ਪਾਉਣ ਲੱਗ ਜਾਂਦਾ ਹੈ।” ਕਿਸੇ ਲੇਖਕ ਦੇ ਮਨ ਦੀ ਥਾਹ ਪਾਉਣੀ ਔਖੀ ਹੁੰਦੀ ਹੈ ਤੇ ਉਸ ਬਾਰੇ ਨਿਰਪੱਖਤਾ ਨਾਲ ਲਿਖਣਾ ਹੋਰ ਵੀ ਔਖਾ ਹੁੰਦਾ ਹੈ। ਭੰਡਾਰੀ ਹੋਰਾਂ ਚੌਵੀ ਲੇਖਕਾਂ ਦੇ ਰੇਖਾ ਚਿੱਤਰ ਸ਼ਾਮਿਲ ਕੀਤੇ ਹਨ। ਇਹ ਪਹਿਲਾਂ ਹੀ ਪੜ੍ਹੇ ਤੇ ਸਲਾਹੇ ਜਾ ਚੁੱਕੇ ਹਨ। ਪਰ ਸੰਗ੍ਰਹਿ ’ਚ ਸਾਰਿਆਂ ਨੂੰ ਇਕ ਥਾਂ ਪੜ੍ਹਦਿਆਂ ਹੋਇਆਂ ਭੰਡਾਰੀ ਦੀ ਲਿਖਣ ਸ਼ੈਲੀ ਅੱਖਰਦੀ ਹੈ। ਸ਼ਬਦ-ਜਾਲ ਔਖਾ ਕਰਦਾ ਹੈ। ਰੇਖਾ ਚਿੱਤਰ ਲਿਖਣ ਦਾ ਭਾਵ ਉਤਸਤ ਕਰਨਾ ਹੀ ਨਹੀਂ ਹੁੰਦੀ, ਲੇਖਕ ਦੇ ਅੰਦਰ ਤੇ ਆਲੇ ਦੁਆਲੇ ਝਾਂਕਣ ਦੀ ਵੀ ਅਹਿਮ ਲੋੜ ਹੁੰਦੀ ਹੈ। ਭੰਡਾਰੀ ਸਾਹਿਬ, ਵੱਡੇ ਲੇਖਕ ਹਨ। ਉਹ ਇਸ਼ਾਰਿਆਂ ਨਾਲ ਆਪਣੀ ਗੱਲ ਕਰਦੇ ਹਨ। ਇਸ ਲਈ ਇਸ ਪੁਸਤਕ ਨੂੰ ਜੀ ਆਇਆਂ ਹੀ ਕਹਿਣਾ ਬਣਦਾ ਹੈ।

**ਮੇਰੇ ਆਪਣੇ/ਸੁਖਦੇਵ ਸਿੱਧੂ**

**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਵਿਚਾਰ ਅਧੀਨ ਪੁਸਤਕ ਸੁਖਦੇਵ ਸਿੱਧੂ ਦੁਆਰਾ ਲਿਖੀ ਗਈ ਹੈ ਜਿਸ ਵਿਚ ਲੇਖਕ ਨੇ ਆਤਮ-ਕਥਾਤਮਕ ਸ਼ੈਲੀ ਦੁਆਰਾ ਆਪਣੇ ਪਰਿਵਾਰਕ ਤੇ ਸਮਾਜੀ ਸਰੋਕਾਰਾਂ ਨੂੰ ਪੇਸ਼ ਕਰਦੇ ਭਾਵਪੂਰਤ ਲੇਖ ਰਚੇ ਹਨ। ਲੇਖਕ ਆਪਣੀ ਮਾਤਾ, ਪਿਤਾ, ਤਾਇਆ, ਭੂਆ, ਮਾਮੇ ਪੁੱਤਰ ਤੇ ਹੋਰ ਸੰਬੰਧਤ ਰਿਸ਼ਤਾ-ਪ੍ਰਬੰਧ ਨਾਲ ਜੁੜੇ ਇਤਿਹਾਸਕ ਤੱਥ ਪੇਸ਼ ਕਰਨ ਦੇ ਨਾਲ-ਨਾਲ ਪੰਜਾਬ ਦੀ ਪਿਛਲੀ ਅੱਧੀ ਸਦੀ ਦਾ ਸਮਾਜਕ-ਸਭਿਆਚਾਰਕ ਪਰਿਪੇਖ ਵੀ ਉਸਾਰਦਾ ਹੈ। ਗੁਰਦਾਸ ਰਾਮ ਆਲਮ, ਗ਼ਦਰੀ ਬਾਬਾ ਰਲਾ ਸਿੰਘ, ਰੇੜ੍ਹਵਾਂ ਦੇ ਬਦਮਾਸ਼, ਭਗਤ ਕਾਲਾ ਕੁੱਤਾ, ਨਾਨਕਾ ਮੇਲ ਰੇਲ ਗੱਡੀ, ਬੁੱਢੇ ਦਰਿਆ ਦਾ ਭੈਅ ਵਰਗੇ ਵਾਰਤਕ ਲੇਖ ਪਾਠਕਾਂ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਲੇਖਕ ਦੀ ਵਾਰਤਕ ਸ਼ੈਲੀ ਵਿਚ ਦੁਆਬੇ ਦੀ ਆਂਚਲਿਕਤਾ, ਕਥਾ-ਰਸ, ਭਾਵਪੂਰਤ, ਘਟਨਾਵੀਂ-ਵੇਰਵੇ, ਬਿਰਤਾਂਤਕ ਰਿਦਮ ਤੇ ਸ਼ਾਬਦਿਕ-ਸੁਹਜ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ।




**ਰਵੀ ਸਾਹਿਤ ਪ੍ਰਕਾਸ਼ਨ**

ਅੰਮ੍ਰਿਤਸਰ









ਸੈਫੀ ਮਾਲਕ ਤੇ ਪ੍ਰਕਾਸ਼ਕ ਨੇ ਸੈਫ ਡਿਜ਼ਾਇਨਰ ਇਨ ਪ੍ਰਿੰਟਰ ਤੋਂ ਕੰਪੋਜ਼ ਕਰਵਾ ਕੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ 984, ਮਾਡਲ ਹਾਊਸ ਜਲੰਧਰ ਤੋਂ ਜਾਰੀ ਕੀਤਾ।